ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

Indian Visa Center
VISA/OCI/PIO/Passport
Application Assistance Center
Deepak Bansal
Cell : 516-304-8808
Fax : 516-218-8009

# ਪੰਜਾਬੀ ਦੁਨੀਆ

PUNJABI DUNIYA
Weekly

Since April 2005 Editor : Sharanjit Singh Thind

Vol. 13 Issue 26 Friday October 18 to October 25, 2019 www.PUNJABIDUNIYA.com Published Weekly from New York

Thinking of Buying/Selling ?
WINZONE REALTY INC.

Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com



# ਕੀ 'ਡੇਰਾ ਬਿਆਸ ਦਾ ਮੁਖੀ ਬਣਨ ਲਈ' ਸ਼ਿਵਇੰਦਰ ਸਿੰਘ ਨੇ ਕੀਤੀ ਖਰਬਾਂ ਦੀ ਹੇਰਾ-ਫੇਰੀ?

ਨਵੀਂ ਦਿੱਲੀ- ਰੈਨਬੈਕਸੀ ਦੇ ਸਾਬਕਾ ਪ੍ਰੋਮੋਟਰਜ਼ ਮਾਲਵਿੰਦਰ ਸਿੰਘ (46) ਤੇ ਸ਼ਿਵਇੰਦਰ ਸਿੰਘ (44) ਕੱਲ੍ਹ ਗ੍ਰਿਫ਼ਤਾਰ ਹੋਣ ਤੋਂ ਬਾਅਦ ਇੱਕ ਵਾਰ ਫਿਰ ਚਰਚਾ ਦਾ ਕੇਂਦਰ ਬਣ ਗਏ ਹਨ। ਇਸੇ ਵਰ੍ਹੇ ਫ਼ਰਵਰੀ ਮਹੀਨੇ ਦਿੱਲੀ ਪੁਲਿਸ ਦੇ ਆਰਥਿਕ ਅਪਰਾਧਕ ਨਾਲ ਸਬੰਧਤ ਮਾਮਲੇ ਨਿਬੇੜਨ ਵਾਲੇ ਵਿੰਗ ਨੂੰ ਕੀਤੀ ਸ਼ਿਕਾਇਤ ਵਿੱਚ ਮਾਲਵਿੰਦਰ ਸਿੰਘ ਨੇ ਆਪਣੇ ਛੋਟੇ ਭਰਾ ਸ਼ਿਵਇੰਦਰ ਸਿੰਘ, ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੇ ਸਮੁੱਚੇ ਪਰਿਵਾਰ ਅਤੇ ਰੈਲੀਗੇਅਰ ਇੰਟਰਪ੍ਰਾਈਜ਼ਸ ਦੇ ਸਾਬਕਾ ਮੁਖੀ ਸੁਨੀਲ ਗੋਧਵਾਨੀ ਉੱਤੇ ਅਪਰਾਧਕ ਸਾਜ਼ਿਸ਼ ਰਚਣ, ਧੋਖਾਧੜੀ ਕਰਨ ਤੇ ਕਥਿਤ ਤੌਰ ਉੱਤੇ ਹਜ਼ਾਰਾਂ ਕਰੋੜ ਰੁਪਏ ਦੀ ਹੇਰਾ-ਫੇਰੀ ਦੇ ਦੋਸ਼ ਲਾਏ ਸਨ। ਇਹ ਦੋਸ਼ ਲਾਇਆ ਗਿਆ ਸੀ ਕਿ ਆਰ.ਐੱਚ.ਸੀ. ਹੋਲਡਿੰਗਜ਼ (ਜੋ ਕਿਸੇ ਵੇਲੇ ਫ਼ੌਰਟਿਸ ਹਸਪਤਾਲ ਤੇ ਰੈਲੀਗੇਅਰ ਨੂੰ ਚਲਾਉਂਦੀ ਸੀ) ਨੇ ਢਿੱਲੋਂ ਪਰਿਵਾਰ ਨੂੰ 5,481 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਸਨ। ਇਸੇ ਸ਼ਿਕਾਇਤ ਵਿੱਚ ਆਖਿਆ ਗਿਆ ਸੀ ਕਿ - 'ਮਾਲਵਿੰਦਰ ਸਿੰਘ ਜਦੋਂ ਵੀ ਕਦੇ ਆਪਣੀ ਰਕਮ ਵਾਪਸ ਲੈਣ ਦਾ ਕੋਈ ਜਤਨ ਕਰਦੇ ਸਨ, ਉਨ੍ਹਾਂ ਨੂੰ ਵਾਰ-ਵਾਰ ਧਮਕੀਆਂ ਮਿਲਦੀਆਂ ਸਨ। ਸ਼ਿਕਾਇਤ ਵਿੱਚ ਬਹੁਤ ਸਾਰੇ ਲੈਜਰ ਵੇਰਵੇ, ਬੈਂਕ ਖਾਤਿਆਂ ਦੀਆਂ ਸਟੇਟਮੈਂਟਸ ਤੇ ਈ-ਮੇਲਜ਼ ਦੇ ਵੇਰਵੇ ਵੀ ਦਿੱਤੇ ਹਨ।' ਉਸੇ ਸ਼ਿਕਾਇਤ ਮੁਤਾਬਕ ਸ੍ਰੀ ਮਾਲਵਿੰਦਰ ਸਿੰਘ ਨੇ ਡੇਰਾ ਬਿਆਸ ਦੇ ਮੁਖੀ ਸ੍ਰੀ ਢਿੱਲੋਂ ਤੋਂ ਮਾਰਚ 2016 ਵਿੱਚ 8,646 ਕਰੋੜ ਰੁਪਏ ਲੈਣੇ ਸਨ। 'ਸ਼ਿਵਇੰਦਰ ਸਿੰਘ ਨੇ ਮੋਟੀਆਂ ਰਕਮਾਂ ਕੰਪਨੀਆਂ ਵਿੱਚੋਂ ਕੱਢ ਕੇ ਢਿੱਲੋਂ ਪਰਿਵਾਰ ਨੂੰ ਦਿੱਤੀਆਂ ਕਿਉਂਕਿ ਉਹ ਅਸਲ ਵਿੱਚ ਡੇਰਾ ਬਿਆਸ ਦੇ ਮੁਖੀ ਦਾ ਰੂਹਾਨੀ ਅਹੁੱਦਾ ਲੈਣਾ ਚਾਹੁੰਦਾ ਸੀ। ਸ੍ਰੀ ਢਿੱਲੋਂ ਨੇ ਉਸ ਨਾਲ ਵਾਅਦਾ ਕੀਤਾ ਸੀ ਕਿ ਜੇ ਉਹ ਉਸ ਨੂੰ ਇੰਨੀ ਰਕਮ ਦੇਣਗੇ, ਤਾਂ ਉਹ ਉਸ ਨੂੰ ਡੇਰਾ ਬਿਆਸ ਦਾ ਮੁਖੀ ਬਣਾ ਦੇਣਗੇ।'

## ਇੰਝ ਗਿਆ ਦੋ ਭਰਾਵਾਂ ਦਾ ਮੋਟਾ ਧਨ ਡੇਰਾ ਬਿਆਸ ਮੁਖੀ ਦੇ ਪਰਿਵਾਰ ਕੋਲ

ਡੇਰਾ ਬਿਆਸ ਇੱਕ ਅਜਿਹਾ ਧਾਰਮਿਕ ਅਸਥਾਨ ਹੈ, ਜਿੱਥੇ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ (64) ਦੀ ਅਗਵਾਈ ਹੇਠ ਹਰ ਸਮੇਂ 8,000 ਸ਼ਰਧਾਲੂ ਜ਼ਰੂਰ ਰਹਿੰਦੇ ਹਨ। ਰਾਧਾ ਸੁਆਮੀ ਸਤਿਸੰਗ ਬਿਆਸ ਦਾ ਦਾਅਵਾ ਹੈ ਕਿ ਸਮੁੱਚੇ ਵਿਸ਼ਵ ਵਿੱਚ ਉਸ ਦੇ ਸ਼ਰਧਾਲੂਆਂ ਦੀ ਕੁੱਲ ਗਿਣਤੀ 40 ਲੱਖ ਤੋਂ ਵੀ ਵੱਧ ਹੈ। ਇੱਕੋ ਦਿਨ ਵਿੱਚ ਡੇਰੇ ਵਿੱਚ 5 ਲੱਖ ਸ਼ਰਧਾਲੂਆਂ ਨੂੰ ਪ੍ਰਵਚਨ ਦਿੱਤਾ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ ਰੈਨਬੈਕਸੀ ਦੇ ਸਾਬਕਾ ਪ੍ਰੋਮੋਟਰਜ਼ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਦੇ ਅਰਬਾਂ-ਖਰਬਾਂ ਰੁਪਏ ਡੁੱਬਣ ਦੇ ਮਾਮਲੇ ਨੂੰ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਵੀ ਜੋੜ ਕੇ ਵੇਖਿਆ ਜਾਂਦਾ ਰਿਹਾ ਹੈ। ਦਰਅਸਲ, ਦੋਵੇਂ ਭਰਾਵਾਂ ਨੇ ਢਿੱਲੋਂ ਪਰਿਵਾਰ ਨੂੰ 25 ਅਰਬ ਰੁਪਏ ਕਰਜ਼ੇ ਵਜੋਂ ਦਿੱਤੇ ਸਨ। ਉਸ ਤੋਂ ਬਾਅਦ ਕੁਝ ਹੋਰ ਕਾਰਨਾਂ ਕਰਕੇ ਸਿੰਘ ਭਰਾਵਾਂ ਦਾ ਕਾਰੋਬਾਰ ਡੁੱਬਣ ਲੱਗ ਪਿਆ। ਉਨ੍ਹਾਂ ਦੇ ਸ਼ੇਅਰ ਉਨ੍ਹਾਂ ਨੂੰ ਰਕਮਾਂ ਉਧਾਰ ਦੇਣ ਵਾਲੀਆਂ ਧਿਰਾਂ ਕੋਲ ਜਾਣ ਲੱਗੇ। ਵਿੱਤੀ ਏਜੰਸੀਆਂ ਨੇ ਉਨ੍ਹਾਂ ਉੱਤੇ ਅਪਰਾਧਕ ਮਾਮਲਾ ਪਾ ਕੇ ਜਾਂਚ ਵੀ ਕੀਤੀ ਸੀ ਕਿਉਂਕਿ ਉਨ੍ਹਾਂ ਦੀਆਂ ਸੂਚੀਬੱਧ ਕੰਪਨੀਆਂ 'ਚੋਂ 23 ਅਰਬ ਰੁਪਏ ਗੁੰਮ ਸਨ। ਸ੍ਰੀ ਗੁਰਿੰਦਰ ਸਿੰਘ ਢਿੱਲੋਂ ਅਸਲ ਵਿੱਚ ਰਿਸ਼ਤੇ 'ਚ ਦੋਵੇਂ ਭਰਾਵਾਂ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਦੇ ਮਾਮਾ ਲੱਗਦੇ ਹਨ। ਉਹ ਇਨ੍ਹਾਂ ਦੋਵੇਂ ਭਰਾਵਾਂ ਦੀ ਮਾਂ ਦੇ ਚਚੇਰੇ ਭਰਾ ਹਨ। 1990ਵਿਆਂ ਦੇ ਅੰਤ ਵਿੱਚ ਜਦੋਂ ਉਨ੍ਹਾਂ ਦੇ ਜੀਜਾ ਅਕਾਲ ਚਲਾਣਾ ਕਰ ਗਏ ਸਨ, ਤਦ ਸ੍ਰੀ ਢਿੱਲੋਂ ਨੇ ਹੀ ਇਨ੍ਹਾਂ ਦੋਵੇਂ ਭਰਾਵਾਂ ਨੂੰ ਵੱਡਾ ਸਹਾਰਾ ਦਿੱਤਾ ਸੀ। ਉਸ ਤੋਂ ਬਾਅਦ ਧਨ ਵੱਡੀ ਮਾਤਰਾ ਵਿੱਚ ਸਿੰਘ ਭਰਾਵਾਂ ਤੋਂ ਢਿੱਲੋਂ ਪਰਿਵਾਰ ਵੱਲ ਕਰਜ਼ਿਆਂ ਦੇ ਰੂਪ ਵਿੱਚ ਜਾਣ ਲੱਗਾ। ਸ੍ਰੀ ਢਿੱਲੋਂ ਦਾ ਇਸ ਮਾਮਲੇ ਵਿੱਚ ਕਦੇ ਕੋਈ ਕਸੂਰ ਨਹੀਂ ਮੰਨਿਆ ਗਿਆ। ਉਨ੍ਹਾਂ ਦੇ ਸ਼ਰਧਾਲੂ ਵੀ ਇਹੋ ਮੰਨਦੇ ਹਨ ਕਿ ਉਹ ਡੇਰੇ ਦੇ ਗੁਰੂ ਤਾਂ ਹਨ ਪਰ ਉਨ੍ਹਾਂ ਦੀ ਆਪਣੀ ਇੱਕ ਨਿੱਜੀ ਜ਼ਿੰਦਗੀ ਵੀ ਹੈ, ਜਿਸ ਦਾ ਡੇਰੇ ਨਾਲ ਕੋਈ ਸਬੰਧ ਨਹੀਂ ਹੈ।

## ਮੋਦੀ ਸਰਕਾਰ ਦੀ ਸਖ਼ਤ ਨੀਤੀ ਸਦਕਾ ਸਾਹਮਣੇ ਆਈਆਂ ਦੋਵੇਂ ਸਿੰਘ ਭਰਾਵਾਂ ਦੀਆਂ ਗੁੱਝੀਆਂ ਗੱਲਾਂ




ਦੋਵੇਂ ਸਿੰਘ ਭਰਾਵਾਂ ਦਾ ਪਤਨ ਉਦੋਂ ਸ਼ੁਰੂ ਹੋਇਆ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਨੇ ਵਿਦੇਸ਼ ਤੋਂ ਹੋਣ ਵਾਲੇ ਨਿਵੇਸ਼ਾਂ ਬਾਰੇ ਕੰਪਨੀਆਂ ਤੋਂ ਵੱਧ ਪਾਰਦਰਸ਼ਤਾ ਮੰਗਣੀ ਸ਼ੁਰੂ ਕਰ ਦਿੱਤੀ। ਸਿੰਘ ਭਰਾ ਇੱਕ ਤਾਂ ਆਪਣਾ ਫ਼ੌਰਟਿਸ ਹੈਲਥਕੇਅਰ ਲਿਮਿਟੇਡ ਦੇ ਨਾਂਅ ਨਾਲ ਹਸਪਤਾਲ ਚਲਾਉਂਦੇ ਸਨ ਤੇ ਦੂਜੇ ਉਨ੍ਹਾਂ ਦੀ ਇੱਕ ਵਿੱਤੀ ਫ਼ਰਮ ਰੈਲੀਗੇਅਰ ਇੰਟਰਪਾਈਜ਼ਸ ਲਿਮਿਟਡ ਵੀ ਸੀ। ਇਨ੍ਹਾਂ ਦੋਵੇਂ ਭਰਾਵਾਂ ਨੇ ਵੀ ਕਦੇ ਇਹ ਨਹੀਂ ਆਖਿਆ ਕਿ ਉਨ੍ਹਾਂ ਦੀਆਂ ਵਿੱਤੀ ਮੁਸੀਬਤਾਂ ਲਈ ਡੇਰਾ ਮੁਖੀ ਸ੍ਰੀ ਢਿਲੋਂ ਜ਼ਿੰਮੇਵਾਰ ਰਹੇ ਹਨ। ਪਿਛਲੇ ਵਰ੍ਹੇ ਡੇਰਾ ਬਿਆਸ ਦੇ ਸਕੱਤਰ ਜੇ.ਸੀ. ਸੇਠੀ ਨੇ ਆਪਣੇ ਇੱਕ ਬਿਆਨ ਵਿੱਚ ਆਖਿਆ ਸੀ ਕਿ ਡੇਰਾ ਮੁਖੀ ਸ੍ਰੀ ਢਿੱਲੋਂ ਨੇ ਸਦਾ ਸਿੰਘ ਭਰਾਵਾਂ ਦੀ ਮਦਦ ਹੀ ਕੀਤੀ ਹੈ। ਉਨ੍ਹਾਂ ਦੇ ਪਿਤਾ ਦੇ ਦੇਹਾਂਤ ਤੋਂ ਬਾਅਦ ਸ੍ਰੀ ਢਿੱਲੋਂ ਨੇ ਉਨ੍ਹਾਂ ਦਾ ਕਾਰੋਬਾਰ ਸੰਭਾਲਣ ਵਿੱਚ ਹਮੇਸ਼ਾ ਉਨ੍ਹਾਂ ਦਾ ਸਾਥ ਦਿੱਤਾ। ਪਰ ਸਾਲ 2011 'ਚ ਜਦੋਂ ਸ੍ਰੀ ਢਿੱਲੋਂ ਨੂੰ ਕੈਂਸਰ ਰੋਗ ਹੋ ਗਿਆ, ਤਦ ਉਨ੍ਹਾਂ ਨੇ ਆਪਣੀਆਂ ਰੂਹਾਨੀਆਂ ਡਿਊਟੀਆਂ ਵੱਲ ਵਧੇਰੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਪਿਛਲੇ ਸਾਲ ਬਲੂਮਬਰਗ ਨੇ ਹੀ ਇਹ ਖ਼ਬਰ ਵੀ ਦਿੱਤੀ ਸੀ ਕਿ ਸਿੰਘ ਭਰਾਵਾਂ ਨੇ ਫ਼ੌਰਟਿਸ ਹਸਪਤਾਲ ਦੇ ਬੋਰਡ ਦੀ ਪ੍ਰਵਾਨਗੀ ਤੋਂ ਬਗ਼ੈਰ ਹੀ 5 ਅਰਬ ਰੁਪਏ ਲਏ ਸਨ । ਨਿਊ ਯਾਰਕ ਦੇ ਇੱਕ ਨਿਵੇਸ਼ਕ ਨੇ ਵੀ ਆਪਣੇ ਇੱਕ ਅਦਾਲਤੀ ਕੇਸ ਵਿੱਚ ਦੋਸ਼ ਲਾਇਆ ਸੀ ਕਿ ਸਿੰਘ ਭਰਾਵਾਂ ਨੇ ਰੈਲੀਗੇਅਰ ਵਿੱਚੋਂ ਵੀ 18 ਅਰਬ ਰੁਪਏ ਕੱਢੇ ਹਨ। ਪਰ ਸਿੰਘ ਭਰਾ ਸਦਾ ਇਹੋ ਆਖਦੇ ਰਹੇ ਹਨ ਕਿ ਉਨ੍ਹਾਂ ਕੁਝ ਵੀ ਗ਼ੈਰ-ਕਾਨੂੰਨੀ ਨਹੀਂ ਕੀਤਾ। ਭਾਰਤ ਦੇ ਸਟਾਕ ਬਾਜ਼ਾਰ ਤੇ ਧੋਖਾ-ਧੜੀਆਂ ਉੱਤੇ ਨਜ਼ਰ ਰੱਖਣ ਵਾਲੀਆਂ ਏਜੰਸੀਆਂ ਨੇ ਦੋਵੇਂ ਕੰਪਨੀਆਂ ਵਿਰੁੱਧ ਵਿੱਤੀ ਬੇਨਿਯਮੀਆਂ ਦੀ ਜਾਂਚ ਵੀ ਸ਼ੁਰੂ ਕਰਵਾਈ ਸੀ। ਦੋਵੇਂ ਸਿੰਘ ਭਰਾਵਾਂ ਨੇ ਸਾਲ 2008 ਦੌਰਾਨ ਦਵਾਈਆਂ ਬਣਾਉਣ ਵਾਲੀ ਉੱਘੀ ਕੰਪਨੀ ਰੈਨਬੈਕਸੀ ਜਾਪਾਨੀ ਫ਼ਾਰਮਾਸਿਊਟੀਕਲ ਕੰਪਨੀ ਦਾਈਚੀ ਸੈਨਕਿਯੋ ਨੂੰ ਵੇਚ ਦਿੱਤੀ ਸੀ।

Home Business Auto
Insurance
See Full Page Advt on page 16
NLIGHT
INSURANCE
(A Division of Nlight Financial LLC)
Call : 917-612-3158

# ਅਕਾਲੀ ਦਲ ਨੇ ਵੀ ਜਾਰੀ ਕੀਤੀ ਸਟਾਰ ਪ੍ਰਚਾਰਕਾਂ ਦੀ ਸੂਚੀ, ਪਰਮਿੰਦਰ ਢੀਂਡਸਾ ਨੂੰ ਨਹੀਂ ਮਿਲੀ ਜਗ੍ਹਾ

ਚੰਡੀਗੜ੍ਹ- ਪੰਜਾਬ ’ਚ 21 ਅਕਤੂਬਰ ਨੂੰ 4 ਵਿਧਾਨ ਸਭਾ ਹਲਕਿਆਂ ਦਾਖਾ, ਜਲਾਲਾਬਾਦ, ਫਗਵਾੜਾ ਅਤੇ ਮੁਕੇਰੀਆਂ ’ਚ ਹੋ ਰਹੀਆਂ ਚੋਣਾਂ ਦੇ ਮੁਕਾਬਲੇ ਦਿਲਚਸਪ ਬਣਦੇ ਦਿਖਾਈ ਦੇ ਰਹੇ ਹਨ। ਆਮ ਤੌਰ ’ਤੇ ਪ੍ਰਮੁੱਖ ਪਾਰਟੀਆਂ ਵੱਲੋਂ ਜ਼ਿਮਨੀ ਚੋਣਾਂ ’ਚ ਪ੍ਰਮੁੱਖ ਆਗੂਆਂ ਨੂੰ ਸਟਾਰ ਪ੍ਰਚਾਰਕਾਂ ਵਜੋਂ ਚੋਣ ਮੁਹਿੰਮ ’ਚ ਨਹੀਂ ਉਤਾਰਿਆ ਜਾਂਦਾ ਪਰ ਪੰਜਾਬ ਦੀਆਂ ਜ਼ਿਮਨੀ ਚੋਣਾਂ ਲਈ ਸੱਤਾਧਾਰੀ ਪਾਰਟੀ ਕਾਂਗਰਸ ਅਤੇ ਵਿਰੋਧੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਲਗਭਗ ਸਾਰੇ ਪ੍ਰਮੁੱਖ ਦਿੱਗਜ ਆਗੂਆਂ ਨੂੰ ਚੋਣ ਮੁਹਿੰਮ ’ਚ ਉਤਾਰਿਆ ਜਾ ਰਿਹਾ ਹੈ। ਦੋਵਾਂ ਪਾਰਟੀਆਂ ਨੇ ਚੋਣ ਕਮਿਸ਼ਨ ਨੂੰ ਆਪਣੇ 40-40 ਸਟਾਰ ਪ੍ਰਚਾਰਕਾਂ ਦੀਆਂ ਸੂਚੀਆਂ ਦਿੱਤੀਆਂ ਹਨ।



ਕਾਂਗਰਸ ਦੀ ਸੂਚੀ ’ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਰੇ ਕੈਬਨਿਟ ਮੰਤਰੀਆਂ, ਬਾਜਵਾ ਸਮੇਤ ਕਈ ਸਾਬਕਾ ਪ੍ਰਦੇਸ਼ ਪ੍ਰਧਾਨਾਂ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਨਾਮ ਸਟਾਰ ਪ੍ਰਚਾਰਕਾਂ ’ਚ ਸ਼ਾਮਲ ਕੀਤੇ ਗਏ ਹਨ। ਦੂਜੇ ਪਾਸੇ ਅਕਾਲੀ ਦਲ ਦੀ ਸੂਚੀ ’ਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ, ਹਰਸਿਮਰਤ ਕੌਰ ਬਾਦਲ, ਮਜੀਠੀਆ ਦੇ ਨਾਮ ਸ਼ਾਮਲ ਹਨ। ਇਸ ਸੂਚੀ ਦੀ ਜ਼ਿਕਰਯੋਗ ਗੱਲ ਹੈ ਕਿ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਬੇਟੇ ਅਤੇ ਅਕਾਲੀ ਦਲ ਵਿਧਾਇਕ ਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ ਤਲਵੰਡੀ ਦੇ ਬੇਟੇ ਰਣਜੀਤ ਤੋਂ ਇਲਾਵਾ ਸਵ. ਟਕਸਾਲੀ ਸਿੰਘ ਤਲਵੰਡੀ ਅਤੇ ਸਵ. ਨੇਤਾ ਜਥੇਦਾਰ ਜਗਦੇਵ ਸਿੰਘ ਸੁਰਜੀਤ ਸਿੰਘ ਬਰਨਾਲਾ ਦੇ ਬੇਟੇ ਗਗਨਜੀਤ ਸਿੰਘ ਬਰਨਾਲਾ ਦਾ ਨਾਮ ਸਟਾਰ ਪ੍ਰਚਾਰਕਾਂ ਦੀ ਸੂਚੀ ’ਚ ਨਹੀਂ ਹੈ।

### ਸ਼੍ਰੋਮਣੀ ਅਕਾਲੀ ਦਲ ਦੇ ਸਟਾਰ ਪ੍ਰਚਾਰਕ

ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ, ਹਰਸਿਮਰਤ ਬਾਦਲ, ਬਿਕਰਮ ਮਜੀਠੀਆ, ਤੋਤਾ ਸਿੰਘ, ਬਲਵਿੰਦਰ ਸਿੰਘ ਭੂੰਦੜ, ਨਿਰਮਲ ਸਿੰਘ ਕਾਹਲੋਂ, ਚਰਨਜੀਤ ਸਿੰਘ ਅਟਵਾਲ, ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਜਨਮੇਜਾ ਸਿੰਘ ਸੇਖੋਂ, ਡਾ. ਦਲਜੀਤ ਸਿੰਘ ਚੀਮਾ, ਸ਼ਰਨਜੀਤ ਢਿੱਲੋਂ, ਬੀਬੀ ਜਗੀਰ ਕੌਰ, ਡਾ. ਉਪਿੰਦਰਜੀਤ ਕੌਰ, ਸਿਕੰਦਰ ਸਿੰਘ ਮਲੂਕਾ, ਗੁਲਜ਼ਾਰ ਸਿੰਘ ਰਣੀਕੇ, ਜਗਮੀਤ ਸਿੰਘ ਬਰਾੜ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਨਰੇਸ਼ ਗੁਜਰਾਲ, ਬਲਦੇਵ ਸਿੰਘ ਮਾਨ, ਹਰੀ ਸਿੰਘ ਜ਼ੀਰਾ, ਸੋਹਣ ਸਿੰਘ ਠੰਡਲ, ਮਨਜਿੰਦਰ ਸਿੰਘ ਸਿਰਸਾ, ਸੰਤਾ ਸਿੰਘ ਉਮੈਦਪੁਰ, ਵਿਰਸਾ ਸਿੰਘ ਵਲਟੋਹਾ, ਸਰੂਪ ਚੰਦ ਸਿੰਗਲਾ, ਚਰਨਜੀਤ ਸਿੰਘ ਬਰਾੜ, ਰੋਜੀ ਬਰਕੰਦੀ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਵੀਰ ਸਿੰਘ ਲੋਪੋਕੇ।

### ਕਾਂਗਰਸ ਦੇ ਸਟਾਰ ਪ੍ਰਚਾਰਕ

ਆਸ਼ਾ ਕੁਮਾਰੀ, ਕੈਪਟਨ ਅਮਰਿੰਦਰ ਸਿੰਘ, ਅੰਬਿਕਾ ਸੋਨੀ, ਸੁਨੀਲ ਜਾਖੜ, ਰਜਿੰਦਰ ਕੌਰ ਭੱਠਲ, ਕੇ. ਐੱਲ. ਸ਼ਰਮਾ, ਕੁਲਜੀਤ ਨਾਗਰਾ, ਗੁਰਕੀਰਤ ਕੋਟਲੀ, ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ, ਮਹਿੰਦਰ ਸਿੰਘ ਕੇ. ਪੀ., ਪਰਨੀਤ ਕੌਰ, ਮਨੀਸ਼ ਤਿਵਾੜੀ, ਲਾਲ ਸਿੰਘ, ਮਨਪ੍ਰੀਤ ਬਾਦਲ, ਸਾਧੂ ਸਿੰਘ ਧਰਮਸੌਤ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਸੁਖ ਸਰਕਾਰੀਆ, ਗੁਰਪ੍ਰੀਤ ਕਾਂਗੜ, ਵਿਜੇਇੰਦਰ ਸਿੰਗਲਾ, ਸੁੰਦਰ ਸ਼ਾਮ ਅਰੋੜਾ, ਬਲਬੀਰ ਸਿੱਧੂ, ਅਰੁਣਾ ਚੌਧਰੀ, ਰਜ਼ੀਆ ਸੁਲਤਾਨਾ, ਨਵਜੋਤ ਸਿੰਘ ਸਿੱਧੂ, ਚੌਧਰੀ ਸੰਤੋਖ ਸਿੰਘ, ਗੁਰਜੀਤ ਸਿੰਘ ਔਜਲਾ, ਰਵਨੀਤ ਬਿੱਟੂ, ਮੁਹੰਮਦ ਸਦੀਕ, ਅਮਰ ਸਿੰਘ, ਜਸਬੀਰ ਡਿੰਪਾ, ਰਾਜਾ ਵੜਿੰਗ, ਸੰਗਤ ਸਿੰਘ ਗਿਲਜੀਆਂ, ਕੁਸ਼ਲਦੀਪ ਢਿੱਲੋਂ, ਇੰਦਰਬੀਰ ਬੁਲਾਰੀਆ, ਤਰਸੇਮ ਡੀ. ਸੀ.।

# ਪ੍ਰੇਮ ਸਬੰਧਾਂ ’ਚ ਰੋੜਾ ਬਣ ਰਹੀ ਮਾਸੂਮ ਧੀ ਦਾ ਮਾਂ ਨੇ ਪ੍ਰੇਮੀ ਨਾਲ ਮਿਲ ਕੇ ਕੀਤਾ ਕਤਲ

ਮਲੇਰਕੋਟਲਾ- ਪ੍ਰੇਮ ਸਬੰਧਾਂ ’ਚ ਰੋੜਾ ਬਣ ਰਹੀ ਡੇਢ ਸਾਲ ਦੀ ਬੱਚੀ ਦਾ ਮਾਂ ਅਤੇ ਉਸ ਦੇ ਪ੍ਰੇਮੀ ਵੱਲੋਂ ਕਤਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਲੇਰਕੋਟਲਾ ਸਿਟੀ ਪੁਲਿਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਬੱਚੀ ਦੇ ਪਿਤਾ ਜਗਦੀਪ ਸਿੰਘ ਪੁੱਤਰ ਨਰਜੋਤ ਸਿੰਘ ਵਾਸੀ ਜੀਰਖ ਜ਼ਿਲ੍ਹਾ ਲੁਧਿਆਣਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ’ਚ ਦੱਸਿਆ ਕਿ ਉਸ ਦੀ ਪਤਨੀ ਮਨਦੀਪ ਕੌਰ ਪੁੱਤਰੀ ਰੂਪ ਸਿੰਘ ਵਾਸੀ ਪਿੰਡ ਰਾਮਗੜ੍ਹ ਸਰਦਾਰਾਂ ਥਾਣਾ ਮਲੌਦ (ਲੁਧਿਆਣਾ) ਅਤੇ ਉਸ ਦੇ ਪ੍ਰੇਮੀ ਨਵੀ ਵਾਸੀ ਮੁਹੱਲਾ ਬੇਗਮਪੁਰਾ ਮਲੇਰਕੋਟਲਾ ਨੇ ਮਿਲ ਕੇ ਉਸ ਦੀ ਡੇਢ ਸਾਲ ਦੀ ਬੱਚੀ ਦੇ ਦੀ ਬੇਰਹਿਮੀ ਨਾਲ ਕੁੱਟਮਾਰ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਪੁਲਿਸ ਅਨੁਸਾਰ ਜਗਦੀਪ ਸਿੰਘ ਨੇ ਦੱਸਿਆ ਉਸ ਦੀ ਪਤਨੀ ਮਨਦੀਪ ਕੌਰ ਅਤੇ ਉਸ ਦੇ ਪ੍ਰੇਮੀ ਨਵੀ ਨੇ ਮਿਲ ਕੇ ਉਸ ਦੀ ਡੇਢ ਸਾਲ ਦੀ ਧੀ ਨੂੰ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਹੈ। ਉਸ ਨੇ ਦੱਸਿਆ ਕਿ ਪਤਨੀ ਦੇ ਨਾਜਾਇਜ਼ ਸਬੰਧਾਂ ਕਾਰਨ ਦੋ ਮਹੀਨੇ ਪਹਿਲਾਂ ਉਸ ਦਾ ਮਨਦੀਪ ਕੌਰ ਨਾਲ ਪੰਚਾਇਤੀ ਤਲਾਕ ਹੋ ਚੁੱਕਾ ਹੈ ਅਤੇ ਉਸ ਦੀ ਡੇਢ ਸਾਲਾ ਬੇਟੀ ਸਾਹਿਬਜੋਤ ਕੌਰ ਉਸ ਦੀ ਮਾਂ ਨੇ ਆਪਣੇ ਕੋਲ ਰੱਖੀ ਹੋਈ ਸੀ। ਉਸ ਨੇ ਦੱਸਿਆ ਕਿ 10 ਅਕਤੂਬਰ ਨੂੰ ਉਸ ਨੂੰ ਬੇਟੀ ਸਾਹਿਬਜੋਤ ਕੌਰ ਦੇ ਬਿਮਾਰ ਹੋਣ ਦਾ ਪਤਾ ਲੱਗਾ ਜਦੋਂ ਉਹ ਬੇਟੀ ਕੋਲ ਪਹੁੰਚਿਆ ਤਾਂ ਸਾਹਿਬਜੋਤ ਦੀ ਮੌਤ ਹੋ ਚੁੱਕੀ ਸੀ ਅਤੇ ਬੇਟੀ ਦੀ ਲਾਸ਼ ਦੇਖ ਕੇ ਉਸ ਨੂੰ ਮਾਮਲਾ ਸ਼ੱਕੀ ਲੱਗਾ ਤੇ ਉਸ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ, ਜਿਸ ਤੋਂ ਬਾਅਦ ਬੱਚੀ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਗਿਆ, ਜਿਸ ’ਚ ਖੁਲਾਸਾ ਹੋਇਆ ਕਿ ਬੱਚੀ ਦੇ ਪੇਟ ’ਚ ਮਾਰੇ ਗਏ ਕੜੇ ਕਾਰਨ ਹੀ ਉਸ ਦੇ ਅੰਦਰਲੇ ਸਾਰੇ ਅੰਗ ਨਸ਼ਟ ਹੋ ਗਏ ਸਨ ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਸਬੰਧੀ ਐੱਸ.ਐੱਚ.ਓ. ਮਲੇਰਕੋਟਲਾ ਦੀਪਇੰਦਰਪਾਲ ਸਿੰਘ ਜੇਜੀ ਨੇ ਦੱਸਿਆ ਕਿ ਜਗਦੀਪ ਸਿੰਘ ਦੇ ਬਿਆਨਾਂ ’ਤੇ ਬੱਚੀ ਦੀ ਮਾਂ ਮਨਦੀਪ ਕੌਰ ਅਤੇ ਨਵੀ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ । ਦੋਵਾਂ ਦੀ ਗ੍ਰਿਫਤਾਰੀ ਲਈ ਪੁਲਿਸ ਛਾਪੇਮਾਰੀ ਕਰ ਰਹੀ ਹੈ।



# ਕਰਤਾਰਪੁਰ ਸਾਹਿਬ 'ਚ ਸੁਸ਼ੋਭਿਤ ਕੀਤੀ ਜਾਵੇਗੀ ਢਾਈ ਕੁਇੰਟਲ ਦੀ ਪਾਲਕੀ

ਤਰਨਤਾਰਨ, 11 ਅਕਤੂਬਰ (ਚ.ਨ.ਸ.): ਸ੍ਰੀ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਪੁਰਬ ਮਨਾਉਣ ਮੌਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ 'ਚ ਜੋ ਸੋਨੇ ਦੀ ਪਾਲਕੀ ਸੁਸ਼ੋਭਿਤ ਕੀਤੀ ਜਾਣੀ ਹੈ। ਉਹ 20 ਅਕਤੂਬਰ ਤੱਕ ਤਿਆਰ ਹੋ ਜਾਵੇਗਾ। ਇਹ ਪਾਲਕੀ ਸਾਹਿਬ ਢਾਈ ਕੁਇੰਟਲ ਵਜ਼ਨੀ ਹੈ ਜਿਸਦੇ ਲਈ ਵਿਸ਼ੇਸ਼ ਬੱਸ ਤਿਆਰ ਕਰਵਾਈ ਗਈ ਹੈ। ਅਟਾਰੀ ਬਾਰਡਰ ਰਾਹੀਂ ਇਹ ਪਾਲਕੀ ਸਾਹਿਬ ਪਾਕਿਸਤਾਨ 'ਚ ਭੇਜ ਦਿੱਤੀ ਜਾਣੀ ਹੈ। ਕਾਰ ਸੇਵਾ ਸੰਪ੍ਰਦਾ ਦੇ ਮੁਖੀ ਬਾਬਾ ਜਗਤਾਰ ਸਿੰਘ ਦੀ ਦੇਖ-ਰੇਖ 'ਚ ਇਹ ਪਾਲਕੀ ਸਾਹਿਬ ਸਵਾ ਮਹੀਨਾ ਪਹਿਲਾਂ ਬਣਾਉਣੀ ਸ਼ੁਰੂ ਕਰ ਦਿੱਤੀ ਗਈ ਸੀ। ਅੰਮ੍ਰਿਤਸਰ ਤੇ ਬਨਾਰਸ ਨਾਲ ਸਬੰਧਤ ਇਕ ਦਰਜਨ ਕਾਰੀਗਰ ਇਸ ਪਾਲਕੀ ਸਾਹਿਬ ਨੂੰ ਤਿਆਰ ਕਰਨ ਲਈ ਦਿਨ ਰਾਤ ਇਕ ਕਰ ਰਹੇ ਹਨ। ਪਾਲਕੀ ਸਾਹਿਬ 'ਤੇ ਢਾਈ ਕੁਇੰਟਲ ਤਾਂਬਾ ਤੇ ਚਾਰ ਤੋਂ ਪੰਜ ਕਿੱਲੋ ਸੋਨਾ ਲਗਾਇਆ ਜਾ ਰਿਹਾ ਹੈ। ਪਾਲਕੀ ਸਾਹਿਬ 'ਤੇ 'ਸਤਿਨਾਮ ਸ੍ਰੀ ਵਾਹਿਗੁਰੂ' ਵੀ ਸੋਨੇ ਨਾਲ ਉਕੇਰਿਆ ਜਾਵੇਗਾ। ਪਾਲਕੀ ਸਾਹਿਬ ਤਿਆਰ ਕਰਨ 'ਚ ਲੱਗੇ ਕਾਰੀਗਰ ਸ਼ਿਵਮ ਕੁਮਾਰ, ਗੌਰਵ ਕੁਮਾਰ, ਵਿਨੈ ਕੁਮਾਰ, ਸੁਭਾਸ਼ ਕੁਮਾਰ, ਰਾਜ ਕੁਮਾਰ ਦਾ ਕਹਿਣਾ ਹੈ ਕਿ ਤਾਂਬੇ ਦੀ ਪਰਤ 'ਤੇ ਸੋਨਾ ਚੜ੍ਹਾਉਣ ਦੀ ਤਿਆਰੀ ਚੱਲ ਰਹੀ ਹੈ। ਸੋਨਾ ਚੜ੍ਹਾਉਂਦੇ ਹੀ ਬਕਾਇਦਾ ਮੀਨਾਕਾਰੀ ਵੀ ਕੀਤੀ ਜਾਵੇਗੀ।



ਬਾਬਾ ਜਗਤਾਰ ਸਿੰਘ ਦਾ ਕਹਿਣਾ ਹੈ ਕਿ ਸੰਗਤ ਦੇ ਸਹਿਯੋਗ ਨਾਲ ਬਣਾਈ ਜਾ ਰਹੀ ਪਾਲਕੀ ਸਾਹਿਬ ਲਈ ਵਿਸ਼ੇਸ਼ ਬੱਸ ਹਰਿਆਣਾ ਦੀ ਸੰਗਤ ਵੱਲੋਂ ਤਿਆਰ ਕਰਵਾ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਜਾਣ ਵਾਲੇ ਨਗਰ ਕੀਰਤਨ ਰਾਹੀਂ ਇਹ ਪਾਲਕੀ ਸਾਹਿਬ ਪਾਕਿਸਤਾਨ ਜਾਵੇਗੀ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ 'ਚ ਇਹ ਪਾਲਕੀ ਸੁਸ਼ੋਭਿਤ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ 2006 'ਚ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ 400 ਸਾਲਾ ਸ਼ਹੀਦੀ ਪੁਰਬ ਮੌਕੇ ਬਾਬਾ ਜਗਤਾਰ ਸਿੰਘ ਵੱਲੋਂ ਸੋਨੇ ਦੀ ਪਾਲਕੀ ਤਿਆਰ ਕਰਵਾਈ ਗਈ ਸੀ। ਉਸ ਸਮੇਂ ਪਾਲਕੀ ਸਾਹਿਬ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਕਿਸਤਾਨ ਗਏ ਸਨ। ਇਸ ਬਾਰੇ ਐੱਸਜੀਪੀਸੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਜਦੋਂ ਗੱਲ ਕਰਨ ਲਈ ਫੋਨ ਕੀਤਾ ਗਿਆ ਤਾਂ ਉਨ੍ਹਾਂ ਨੇ ਫੋਨ ਨਹੀਂ ਉਠਾਇਆ। ਜਦਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਜਵਾਬ ਮਿਲਿਆ ਕਿ ਜਥੇਦਾਰ ਸਾਹਿਬ ਕਿਤੇ ਬਾਹਰ ਹਨ।

# ਕਾਂਗਰਸ ਨੇ ਬਾਗੀਆਂ ਨੂੰ ਦਿੱਤਾ ਝਟਕਾ, 16 ਸੀਨੀਅਰ ਲੀਡਰ ਪਾਰਟੀ 'ਚੋਂ ਬਾਹਰ

ਚੰਡੀਗੜ੍ਹ- ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹਰਿਆਣਾ ਕਾਂਗਰਸ ਵਿੱਚ ਬਗਾਵਤ ਸਿਖਰਾਂ 'ਤੇ ਹੈ। ਕਈ ਲੀਡਰਾਂ ਨੇ ਦੂਜੀਆਂ ਪਾਰਟੀਆਂ ਦਾ ਪੱਲ੍ਹਾ ਫੜ ਲਿਆ ਹੈ ਤੇ ਕਈ ਆਪਣੇ ਹੀ ਉਮੀਦਵਾਰਾਂ ਦੇ ਵਿਰੁੱਧ ਖੜ੍ਹੇ ਹੋ ਗਏ ਹਨ। ਉਧਰ, ਹਰਿਆਣਾ ਕਾਂਗਰਸ ਦੀ ਪ੍ਰਧਾਨ ਕੁਮਾਰੀ ਸ਼ੈਲਜਾ ਨੇ ਸਖ਼ਤੀ ਵਰਤਦਿਆਂ 16 ਬਾਗੀ ਉਮੀਦਵਾਰਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਹੈ। ਪਾਰਟੀ ਵਿੱਚੋਂ ਕੱਢੇ ਗਏ 16 ਲੀਡਰ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਅਧਿਕਾਰਤ ਉਮੀਦਵਾਰਾਂ ਵਿਰੁੱਧ ਚੋਣ ਮੈਦਾਨ ਵਿੱਚ ਹਨ। ਇਸ ਤੋਂ ਇਲਾਵਾ ਕਈ ਸੀਨੀਅਰ ਲੀਡਰ ਅੰਦਰ-ਖਾਤੇ ਆਪਣੀ ਪਾਰਟੀ ਦੇ ਉਮੀਦਵਾਰ ਦੀ ਹੀ ਮੁਖਾਲਫਤ ਕਰ ਰਹੇ ਹਨ। ਇਸ ਲਈ ਅਗਲੇ ਦਿਨਾਂ ਵਿੱਚ ਹੋਰ ਲੀਡਰਾਂ ਖਿਲਾਫ ਕਾਰਵਾਈ ਹੋ ਸਕਦੀ ਹੈ।

ਸੈਲਜ਼ਾ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਪਾਰਟੀ ਸੰਵਿਧਾਨ ਦੀ ਉਲੰਘਣਾ ਕਰਨ 'ਤੇ 2019 ਦੀਆਂ ਵਿਧਾਨ ਸਭਾ ਚੋਣਾਂ ਬਾਗੀ ਉਮੀਦਵਾਰਾਂ ਵਜੋਂ ਲੜਨ ਕਰਕੇ 16 ਜਣਿਆਂ ਨੂੰ ਕਾਂਗਰਸ ਵਿੱਚੋਂ ਕੱਢਿਆ ਗਿਆ




ਹੈ। ਕੱਢੇ ਗਏ ਉਮਦੀਵਾਰਾਂ ਵਿੱਚ ਸਾਬਕਾ ਮੰਤਰੀ ਨਿਰਮਲ ਸਿੰਘ, ਸਾਬਕਾ ਡਿਪਟੀ ਸਪੀਕਰ ਆਜ਼ਾਦ ਮੁਹੰਮਦ ਤੇ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਜ਼ਿਲ੍ਹੇ ਰਾਮ ਸ਼ਰਮਾ ਸਣੇ ਹੋਰ ਸ਼ਾਮਲ ਹਨ।

ਸੈਲਜ਼ਾ ਨੇ ਕਿਹਾ ਹੈ ਕਿ ਪਾਰਟੀ ਅੰਦਰ ਅਨੁਸਾਸ਼ਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਏਗੀ। ਇਸ ਲਈ ਹੋਰ ਬਾਗੀ ਲੀਡਰਾਂ ਨੂੰ ਵੀ ਚੇਤਾਵਨੀ ਦਿੱਤੀ ਗਈ ਹੈ। ਜੇਕਰ ਉਨ੍ਹਾਂ ਨੇ ਪਾਰਟੀ ਉਮੀਦਵਾਰਾਂ ਖਿਲਾਫ ਸਰਗਰਮੀਆਂ ਬੰਦ ਨਾ ਕੀਤੀਆਂ ਤਾਂ ਉਨ੍ਹਾਂ ਖਿਲਾਫ ਸਖਤ ਕਾਰਵਾਈ ਹੋਏਗੀ।


# ਸੰਨੀ ਦਿਓਲ ਨੇ ਗ੍ਰਹਿ ਮੰਤਰਾਲੇ ਨੂੰ ਲਿਖਿਆ ਪੱਤਰ

ਪਠਾਨਕੋਟ- ਅੱਤਵਾਦੀ ਹਮਲਿਆਂ ਦਾ ਇਨਪੁੱਟ ਮਿਲਣ 'ਤੇ ਖਾਸਕਰ ਪੰਜਾਬ 'ਚ ਵਧ ਰਹੀਆਂ ਅੱਤਵਾਦੀ ਸਰਗਰਮੀਆਂ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਪਠਾਨਕੋਟ 'ਚ (ਨੈਸ਼ਨਲ ਸਿਕਓਰਿਟੀ ਗਾਰਡ) ਦਾ ਰੀਜ਼ਨਲ ਸੈਂਟਰ ਬਣਾਉਣ ਦਾ ਫ਼ੈਸਲਾ ਲਿਆ ਹੈ। ਸੈਂਟਰ ਲਈ 25 ਏਕੜ ਜ਼ਮੀਨ ਮੁਹੱਈਆ ਕਰਵਾਉਣ ਲਈ ਪਠਾਨਕੋਟ ਤੇ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੱਤਰ ਲਿਖਿਆ ਹੈ ਪਰ ਪਠਾਨਕੋਟ ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਨਿਗਮ ਜ਼ਮੀਨ ਨੂੰ ਲੈ ਕੇ ਆਹਮੋ-ਸਾਹਮਣੇ ਹੋ ਗਏ ਹਨ। ਦੋਵੇਂ ਇਕ-ਦੂਸਰੇ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਜ਼ਮੀਨ ਉਪਲੱਬਧ ਨਾ ਕਰਵਾਉਣ 'ਤੇ ਇਹ ਸੈਂਟਰ ਅੰਮ੍ਰਿਤਸਰ ਵੀ ਸ਼ਿਫਟ ਕੀਤਾ ਜਾ ਸਕਦਾ ਹੈ। ਹੁਣ ਇਹ ਮਾਮਲਾ ਗੁਰਦਾਸਪੁਰ ਦੇ ਸੰਸਦ ਮੈਂਬਰ ਸੰਨੀ ਦਿਓਲ ਕੋਲ ਪਹੁੰਚ ਗਿਆ ਹੈ। ਨਗਰ ਨਿਗਮ ਦੇ ਮੇਅਰ ਅਨਿਲ ਵਾਸੂਦੇਵਾ ਨੇ ਜ਼ਮੀਨ ਮੁਹੱਈਆ ਨਾ ਕਰਵਾਉਣ ਦੇ ਮਾਮਲੇ 'ਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜਨੀਤੀ ਕਰਨ ਦੀ ਸ਼ਿਕਾਇਤ ਸੰਨੀ ਦਿਓਲ ਨੂੰ ਕੀਤੀ ਹੈ। ਸੰਨੀ ਦਿਓਲ ਨੇ ਖ਼ਬਰ ਦੇ ਆਧਾਰ 'ਤੇ ਗ੍ਰਹਿ ਮੰਤਰਾਲੇ ਨੂੰ ਚਿੱਠੀ ਲਿਖੀ ਹੈ। ਚਿੱਠੀ 'ਚ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੀ ਹੱਦ ਨਾਲ ਲੱਗਣ ਵਾਲਾ ਪਠਾਨਕੋਟ ਅਤਿ-ਸੰਵੇਦਨਸ਼ੀਲ ਖੇਤਰ ਹੈ। ਐਨਐਸਜੀ ਦਾ ਸੈਂਟਰ ਪਠਾਨਕੋਟ ਤੋਂ ਕਿਸੇ ਦੂਰ ਜਗ੍ਹਾ ਸ਼ਿਫਟ ਨਹੀਂ ਕੀਤਾ ਜਾਣਾ ਚਾਹੀਦਾ। ਮੇਅਰ ਅਨਿਲ ਵਾਸੂਦੇਵਾ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਸੰਨੀ ਦਿਓਲ ਦਿੱਲੀ 'ਚ ਹੀ ਹਨ। ਉਹ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਖ਼ੁਦ ਇਹ ਮਾਮਲਾ ਉਠਾਉਣਗੇ। ਉਨ੍ਹਾਂ ਕਿਹਾ ਕਿ ਇੰਨੇ ਵੱਡੇ ਪ੍ਰੋਜੈਕਟ 'ਤੇ ਸਿਆਸਤ ਕੀਤੀ ਜਾ ਰਹੀ ਹੈ ਪਰ ਇਸ ਸੈਂਟਰ ਨੂੰ ਪਠਾਨਕੋਟ ਤੋਂ ਕਿਤੇ ਦੂਸਰੀ ਜਗ੍ਹਾ ਸ਼ਿਫਟ ਨਹੀਂ ਹੋਣ ਦਿੱਤਾ ਜਾਵੇਗਾ।



# ਕੈਪਟਨ ਦੇ ਪਸ਼ੂ-ਪਾਲਣ ਮੰਤਰੀ ਦਾ ਵਿਵਾਦਿਤ ਬਿਆਨ- 'ਬਾਬਾ ਰਾਮਦੇਵ ਅੰਡੇ ਵੇਚਣ ਤਾਂ ਜ਼ਰੂਰ ਖਾਣਗੇ ਲੋਕ'





ਚੰਡੀਗੜ੍ਹ-ਪੰਜਾਬ ਦੇ ਪਸ਼ੂ ਪਾਲਣ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਇੱਕ ਬਿਆਨ ਤੋਂ ਬਾਅਦ ਵਿਵਾਦਾਂ ਵਿਚ ਆ ਗਏ ਹਨ। ਅੰਡਿਆਂ ਦੇ ਵਾਧੂ ਉਤਪਾਦਨ ਦੇ ਬਾਵਜੂਦ, ਖਪਤ ਵਿੱਚ ਵਾਧਾ ਨਾ ਹੋਣ ਕਰਕੇ ਉਨ੍ਹਾਂ ਬਾਬਾ ਰਾਮਦੇਵ ਨੂੰ ਟੀਵੀ ਉੱਤੇ ਜਨਤਕ ਤੌਰ 'ਤੇ ਅੰਡੇ ਖਾਣ ਦੀ ਅਪੀਲ ਕਰ ਦਿੱਤੀ। ਉਨ੍ਹਾਂ ਕਿਹਾ ਕਿ ਜੇ ਬਾਬਾ ਰਾਮਦੇਵ ਟੀਵੀ 'ਤੇ ਅੰਡੇ ਵੇਚਣੇ ਸ਼ੁਰੂ ਕਰ ਦੇਣ ਤਾਂ ਲੋਕ ਨਿਸ਼ਚਤ ਤੌਰ 'ਤੇ ਅੰਡੇ ਖਾਣਾ ਸ਼ੁਰੂ ਕਰ ਦੇਣਗੇ ਤੇ ਇਸ ਦੀ ਸੇਲ ਇੰਨੀ ਵਧ ਜਾਵੇਗਾ ਕਿ ਅਮਿਤਾਭ ਬੱਚਨ ਵੀ ਮੁਕਾਬਲਾ ਨਹੀਂ ਕਰ ਸਕਦੇ। ਦਰਅਸਲ, ਵਿਸ਼ਵ ਅੰਡਾ ਦਿਵਸ ਮੌਕੇ ਸ਼ੁੱਕਰਵਾਰ ਨੂੰ ਪੰਜਾਬ, ਹਰਿਆਣਾ, ਚੰਡੀਗੜ੍ਹ ਵਿਚ ਅੰਡਿਆਂ ਨੂੰ ਉਤਸ਼ਾਹਿਤ ਕਰਨ ਲਈ ਇਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ। ਇਸ ਵਿੱਚ ਪੰਜਾਬ ਦੇ ਪਸ਼ੂ ਪਾਲਣ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਇਸ ਬਾਰੇ ਹਰ ਤਰ੍ਹਾਂ ਦੀ ਰਾਏ ਹੈ ਕਿ ਅੰਡਾ ਸ਼ਾਕਾਹਾਰੀ ਹੈ ਜਾਂ ਮਾਸਾਹਾਰੀ। ਬਹੁਤ ਸਾਰੇ ਲੋਕ ਇਸਨੂੰ ਸ਼ਾਕਾਹਾਰੀ ਤੇ ਬਹੁਤ ਸਾਰੇ ਲੋਕ ਇਸ ਨੂੰ ਮਾਸਾਹਾਰੀ ਮੰਨਦੇ ਹਨ। ਭਾਰਤ ਵਿੱਚ ਧਰਮ ਬਹੁਤ ਸਾਰੀਆਂ ਮੁਸ਼ਕਲਾਂ ਦਾ ਕਾਰਨ ਹੈ। ਦੇਸ਼ ਵਿਚ ਅੰਡੇ ਦੀ ਸਪਲਾਈ ਸਰਪਲੱਸ ਹੈ, ਪਰ ਇਸ ਦੇ ਬਾਵਜੂਦ ਮਾਰਕੀਟਿੰਗ ਦੀ ਸਮੱਸਿਆ ਹੈ।

ਮੰਤਰੀ ਬਾਜਵਾ ਨੇ ਸ਼ੰਕਰਾਚਾਰੀਆ ਅਤੇ ਹੋਰ ਹਿੰਦੂ ਧਾਰਮਿਕ ਨੇਤਾਵਾਂ ਨੂੰ ਅਪੀਲ ਕੀਤੀ ਕਿ ਉਹ ਇਹ ਦੱਸਣ ਕਿ ਕੀ ਅੰਡੇ ਸ਼ਾਕਾਹਾਰੀ ਹਨ ਜਾਂ ਮਾਸਾਹਾਰੀ। ਲੋਕ ਉਨ੍ਹਾਂ ਦੀਆਂ ਗੱਲਾਂ 'ਤੇ ਵਿਸ਼ਵਾਸ ਕਰਨਗੇ। ਇਸ ਨਾਲ ਅੰਡਿਆਂ ਨੂੰ ਲੈ ਕੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਦੂਰ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਅੰਡਾ ਖਾਣਾ ਚਾਹੁੰਦੇ ਹਨ, ਪਰ ਉਹ ਇਸ ਨੂੰ ਮਾਸਾਹਾਰੀ ਹੋਣ ਕਰਕੇ ਨਹੀਂ ਖਾ ਰਹੇ।


## LONG ISLAND INDO AMERICAN LIONS CLUB

INITIATES HURRICANE RELIEF EFFORTS

## HURRICAN RELIEF - BAHAMAS

## FOOD DRIVE

Supplies Will Be Delivered To Hurricane -Ravaged Bahamas Through Our District Offices.
From 1st September Through 31st October, 2019
Your Generous Contribution Of Non-perishable Food Items Will Go A Long Way In Supporting Hurricane Affected People In Bahamas

**Food Drive Committe:**

| | |
|---|---|
| Indu Gajwani (President) | 646 620 0074 |
| Rita Shah (VP) | 516 652 2633 |
| Anju Sharma (Event Chair) | 516 582 5888 |
| Kamlesh Parekh (Treasures) | 718 612 3200 |
| Kanak Golia (Director) | 347 386 7112 |
| Rekha Chichara | 646 678 7034 |
| Yogni Oza | 516 301 7430 |
| Ashok Vora | 917 406 3102 |
| Joseph Thomas | 516 343 9506 |
| Veena Lamba (Chair-Food Drive) | 516 395 1468 |
| Dr. Sunil Mehra (VP) | 516 503 1467 |
| Nimesh Shah (Secretary) | 516 702 0804 |
| Gobind Bathija (Director) | 631 748 9333 |
| Vandana Kumar (Club Admin) | 516 236 8502 |
| Vinod Goyal | 516 851 3234 |
| Atul Pareek | 917 535 2808 |
| Jyoti Gupta | 516 984 5220 |

**L.I Indo American Lions Club Wish List: Food Drive:**

- Canned Soups
- Canned vegetables
- Breakfast Cereals & Cookies
- Paper Goods Hot/Cold Cups, 9" plates
- Canned Meats
- Canned Tomato Sauce
- Peanut Butter & Jelly
- Granola Bars
- Canned Fish
- Canned Fruits
- Fruit Drinks
- Canned Beans
- Packets of Beans, Rice &Pasta
- Tea Bags & Ground Coffee
- Boxed Powder or Evaporated Milk

**Food Donation and Monetary Donations Drop Off Locations:**

| | |
|---|---|
| Raj Bhog | Hicksville 516 513 0930 |
| Nassau Gold Buyyers | 10 West Cherry St, Hicksville 516 827 3131 |
| K & R Store | 485 Hempstead TPKE, West Hempstead |
| Fortune | 527 Old Country Road, Westbury |
| Asamai Hindu Center | Hicksville (Gobind Bathija) 631 748 9333 |
| Shyam | Floral Park 646 541 5859 |
| Atul Pareek | 209 Princess St, Hicksville 917 535 2808 |
| Concord Market (Ashok Vora) | 917 406 3102 |
| Joseph Thomas | 256-10, Union Tpke, Floral Park 516 343 9506 |

Check Donations: please make check payable to and mail: L.I Indo American Lions Club
1947 Plymouth Drive, Westbury, N.Y. 11590. WE SERVE

# ਸ਼੍ਰੋਮਣੀ ਕਮੇਟੀ ਦੇ ਮੋਢੇ 'ਤੇ ਰੱਖ ਕੇ ਹਰਸਿਮਰਤ ਦਾ ਕੈਪਟਨ 'ਤੇ ਨਿਸ਼ਾਨਾ





ਚੰਡੀਗੜ੍ਹ- ਕਰਤਾਰਪੁਰ ਲਾਂਘੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਤੇ ਸੱਤਾਧਿਰ ਕਾਂਗਰਸ ਵਿਚਾਲੇ ਸਿਆਸੀ ਰੋਟੀਆਂ ਸੇਕਣ ਦੀ ਦੌੜ ਲੱਗ ਗਈ ਹੈ। ਅਕਾਲੀ ਦਲ ਦੇ ਇਸ਼ਾਰੇ 'ਤੇ ਹੀ ਸ਼੍ਰੋਮਣੀ ਕਮੇਟੀ ਨੇ ਕਾਂਗਰਸ ਸਰਕਾਰ ਨਾਲ ਸਾਂਝੇ ਸਮਾਗਮ ਕਰਨ ਦੀ ਬਜਾਏ ਖੁਦ ਸਟੇਜ ਲਾਉਣ ਦਾ ਫੈਸਲਾ ਕੀਤਾ ਹੈ। ਇਸ ਲਈ ਦਿੱਲੀ ਦੀ ਇੱਕ ਪ੍ਰਾਈਵੇਟ ਕੰਪਨੀ ਨੂੰ ਠੇਕਾ ਤੱਕ ਦੇ ਦਿੱਤਾ ਹੈ। ਹੁਣ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਦੇ ਦਾਅਵੇ ਨੇ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਦੋਵੇਂ ਧਿਰਾਂ ਸਿਆਸੀ ਲਾਹਾ ਲੈਣ ਲਈ ਹੀ ਪੱਬਾਂ ਭਾਰ ਹਨ। ਹਰਸਿਮਰਤ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਅੱਠ ਨਵੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼੍ਰੋਮਣੀ ਕਮੇਟੀ ਦੀ ਸਟੇਜ 'ਤੇ ਹੀ ਆਉਣਗੇ, ਨਾ ਕਿ ਕਿਸੇ ਹੋਰ ਸਟੇਜ 'ਤੇ। ਇਸ ਦਾ ਸਿੱਧਾ ਅਰਥ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਬੀਜੇਪੀ ਸਿਆਸੀ ਲਾਹੇ ਲਈ ਸ਼੍ਰੋਮਣੀ ਕਮੇਟੀ ਰਾਹੀਂ ਸਰਕਾਰ ਨੂੰ ਮਾਤ ਦੇਣ ਦੀ ਕੋਸ਼ਿਸ਼ ਕਰੇਗੀ। ਹਰਸਿਮਰਤ ਬਾਦਲ ਨੇ ਕਿਹਾ ਕਿ 11 ਨਵੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ 12 ਨਵੰਬਰ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੀ ਧਾਰਮਿਕ ਸਮਾਗਮ 'ਚ ਹਿੱਸਾ ਲੈਣ ਲਈ ਆਉਣਗੇ। ਉਹ ਵੀ ਸ਼੍ਰੋਮਣੀ ਕਮੇਟੀ ਦੀ ਸਟੇਜ 'ਤੇ ਹੀ ਜਾਣਗੇ ਨਾ ਕਿ ਕਿਸੇ ਹੋਰ ਪ੍ਰੋਗਰਾਮ 'ਚ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਅੱਜ ਤੱਕ ਜਿੰਨੀਆਂ ਵੀ ਸ਼ਤਾਬਦੀਆਂ ਜਾਂ ਗੁਰਪੁਰਬ ਮਨਾਏ ਗਏ ਹਨ, ਉਨ੍ਹਾਂ ਦੇ ਪ੍ਰਬੰਧ ਹਮੇਸ਼ਾ ਸ਼੍ਰੋਮਣੀ ਕਮੇਟੀ ਹੀ ਕਰਦੀ ਰਹੀ ਹੈ ਤੇ ਇਸ ਵਾਰ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਅਜਿਹਾ ਹੁਕਮ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਨ੍ਹਾਂ ਹੁਕਮਾਂ ਦੇ ਵਿਰੁੱਧ ਜਾ ਕੇ ਅਜਿਹਾ ਕਰ ਰਹੇ ਹਨ। ਯਾਦ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਧਾਰਮਿਕ ਸਮਾਗਮਾਂ ਲਈ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੱਦਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖ਼ੁਦ ਵੀ ਪੰਜਾਬ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਸੱਦਾ ਪੱਤਰ ਦਿੱਤਾ ਸੀ ਜੋ ਉਨ੍ਹਾਂ ਕਬੂਲ ਵੀ ਕੀਤਾ ਸੀ। ਹਰਸਿਮਰਤ ਦਾ ਕਹਿਣਾ ਹੈ ਕਿ ਕਾਂਗਰਸ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਵੱਖਰੀ ਸਟੇਜ ਲਾ ਕੇ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਾਂਝਾ ਸਮਾਗਮ ਕਰਵਾਉਣ ਸਬੰਧੀ ਦਿੱਤੇ ਮਸ਼ਵਰੇ ਤੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੀਆਂ ਕੋਸ਼ਿਸਾਂ ਦੇ ਬਾਵਜੂਦ ਕਾਂਗਰਸ ਸਰਕਾਰ ਨੇ ਸਮਾਗਮ ਲਈ ਵੱਖਰੀ ਸਟੇਜ ਲਾਉਣ ਦਾ ਫ਼ੈਸਲਾ ਲਿਆ ਹੈ। ਉਧਰ ਕਾਂਗਰਸ ਨੇ ਇਲਜ਼ਾਮ ਲਾਇਆ ਹੈ ਕਿ ਬਾਦਲ ਪਰਿਵਾਰ ਦੀ ਪਬਲੀਸਿਟੀ ਲਈ ਹੀ ਸ਼੍ਰੋਮਣੀ ਕਮੇਟੀ ਵੱਖਰੀ ਸਟੇਜ ਲਾ ਰਹੀ ਹੈ। ਕਾਂਗਰਸ ਦਾ ਕਹਿਣਾ ਹੈ ਕਿ ਸੁਖਬੀਰ ਬਾਦਲ ਦੇ ਕਹਿਣ 'ਤੇ ਸ਼੍ਰੋਮਣੀ ਕਮੇਟੀ ਨੇ ਸਾਂਝਾ ਸਮਾਗਮ ਕਰਨ ਤੋਂ ਇਨਕਾਰ ਕੀਤਾ ਹੈ। ਇਸ ਬਾਰੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਤੇ ਸਿਆਸੀ ਮਾਮਲਿਆਂ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਸ਼੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮਾਂ 'ਤੇ ਰਾਜਨੀਤੀ ਕਰ ਕੇ ਪੰਥਕ ਅਸੂਲਾਂ ਦਾ ਘਾਣ ਕਰ ਰਹੇ ਹਨ। ਇਸ ਕਰਕੇ ਸਿੱਖ ਸੰਗਤ ਵੀ ਦੁਬਿਧਾ ਵਿੱਚ ਹੈ। ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਕਿੰਨੀ ਮਾੜੀ ਗੱਲ ਹੈ ਕਿ ਗੁਰੂ ਨਾਨਕ ਦੇਵ ਦੇ ਸਮਾਗਮਾਂ ਨੂੰ ਸਾਰੇ ਸਿੱਖ ਭਾਈਚਾਰੇ ਨੂੰ ਇਕਮੁੱਠ ਕਰਕੇ ਮਨਾਉਣ ਲਈ ਏਕਤਾ ਨਹੀਂ ਬਣ ਸਕੀ। ਬਾਦਲ ਨਹੀਂ ਚਾਹੁੰਦੇ ਕਿ ਕੋਈ ਵੀ ਸ਼ਤਾਬਦੀ ਸਟੇਜ 'ਤੇ ਉਨ੍ਹਾਂ ਦੀ ਕੁਰਸੀ ਲੱਗਣ ਤੋਂ ਬਿਨਾਂ ਮਨਾਈ ਜਾ ਸਕੇ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਪ੍ਰਕਾਸ਼ ਪੁਰਬ ਮਨਾ ਰਹੀ ਹੈ ਤੇ ਦੂਜੇ ਪਾਸੇ ਬਾਦਲਾਂ ਅਧੀਨ ਚੱਲ ਰਹੀ ਸ਼੍ਰੋਮਣੀ ਕਮੇਟੀ ਵੱਲੋਂ ਵੱਖਰੀ ਸਟੇਜ ਲਾ ਕੇ ਸੰਗਤਾਂ ਦੇ ਪੈਸੇ ਅਜਾਈਂ ਰੋੜ੍ਹੇ ਜਾ ਰਹੇ ਹਨ।

## ਸੁਖਬੀਰ ਬਾਦਲ ਦੀ ਭਵਿੱਖਬਾਣੀ ! ਦੁਬਾਰਾ ਨਹੀਂ ਬਣੇਗੀ ਬੀਜੇਪੀ ਸਰਕਾਰ



ਫਤਿਹਾਬਾਦ- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਹਰਿਆਣਾ ਵਿੱਚ ਜ਼ਿਮਨੀ ਚੋਣਾਂ ਦੇ ਪ੍ਰਚਾਰ ਲਈ ਫਤਿਹਾਬਾਦ ਪਹੁੰਚੇ। ਉਨ੍ਹਾਂ ਅਕਾਲੀ-ਇਨੈਲੋ ਦੇ ਸਾਂਝੇ ਉਮੀਦਵਾਰ ਦੇ ਪੱਖ ਵਿੱਚ ਰੈਲੀ ਨੂੰ ਸੰਬੋਧਨ ਕੀਤਾ। ਇਸੇ ਦੌਰਾਨ ਉਨ੍ਹਾਂ ਅੱਜ ਹੀ ਜਾਰੀ ਹੋਏ ਬੀਜੇਪੀ ਦੇ ਮੈਨੀਫੈਸਟੋ 'ਤੇ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਵਿੱਚ ਬੀਜੇਪੀ ਦੇ ਸਰਕਾਰ ਹੀ ਨਹੀਂ ਬਣਨੀ ਤਾਂ ਇਸ 'ਤੇ ਟਿੱਪਣੀ ਕੀ ਕਰੀਏ।

ਉਨ੍ਹਾਂ ਕਿਹਾ ਕਿ ਜੋ ਸਰਕਾਰ ਬਣਾਉਣ ਦੇ ਸੁਫ਼ਨੇ ਵੇਖ ਰਹੇ ਹਨ, ਉਹ ਵਿਰੋਧੀ ਖੇਮੇ ਵਿੱਚ ਬੈਠਣਗੇ। ਉਨ੍ਹਾਂ ਦੇ ਇਸ ਬਿਆਨ ਤੋਂ ਦੋਵਾਂ ਪਾਰਟੀਆਂ ਦੀ ਕੜਵਾਹਟ ਜੱਗ-ਜ਼ਾਹਰ ਹੋ ਗਈ ਹੈ। ਸੁਖਬੀਰ ਬਾਦਲ ਨੇ ਦਾਅਵਾ ਕਰਦਿਆਂ ਕਿਹਾ ਕਿ ਸਿਰਸਾ ਤੇ ਫਤਿਹਾਬਾਦ ਦੀ ਇੱਕ ਵੀ ਸੀਟ ਬੀਜੇਪੀ ਨਹੀਂ ਜਿੱਤੇਗੀ ਤੇ ਇਹੀ ਹਾਲ ਰੋਹਤਕ ਵਾਲੇ ਪਾਸੇ ਦਾ ਵੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਵੋਟਰ ਹੀ ਸਰਕਾਰ ਬਣਾਉਂਦੇ ਹਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਤੇ ਇਨੈਲੋ ਬਾਰੇ ਕਿਹਾ ਕਿ ਉਨ੍ਹਾਂ ਦਾ ਸਿਰ ਜਾ ਸਕਦਾ ਹੈ, ਪਰ ਚੌਧਰੀ ਪਰਿਵਾਰ ਨਾਲ ਉਨ੍ਹਾਂ ਦਾ ਰਿਸ਼ਤਾ ਖ਼ਤਮ ਨਹੀਂ ਸਕਦਾ।

ਰੈਲੀ ਦੌਰਾਨ ਸੁਖਬੀਰ ਬਾਦਲ ਨੇ ਕਿਹਾ ਕਿ ਵੋਟ ਪਾਉਣ ਤੋਂ ਪਹਿਲਾਂ ਪਾਰਟੀ ਦਾ ਇਤਿਹਾਸ ਜਾਣ ਲੈਣਾ ਚਾਹੀਦਾ ਹੈ ਕਿ ਪਾਰਟੀ ਜ਼ਮੀਨੀ ਹਕੀਕਤ ਨਾਲ ਜੁੜੀ ਹੋਈ ਹੈ ਜਾਂ ਨਹੀਂ। ਉਨ੍ਹਾਂ ਬੀਜੇਪੀ 'ਤੇ ਤਨਜ਼ ਕੱਸਦਿਆਂ ਕਿਹਾ ਕਿ ਪਰਕਾਸ਼ ਸਿੰਘ ਬਾਦਲ ਤੇ ਓਮ ਪ੍ਰਕਾਸ਼ ਚੌਟਾਲਾ ਆਮ ਆਦਮੀ ਨਾਲ ਜੁੜੇ ਹੋਏ ਸੀ। ਇਨ੍ਹਾਂ ਲੀਡਰਾਂ ਨੇ ਹਮੇਸ਼ਾ ਲੋਕਾਂ ਦੀ ਲੜਾਈ ਲੜੀ ਹੈ।

## ਜਾਖੜ ਦੀ ਸੁਖਬੀਰ ਨੂੰ ਚੁਣੌਤੀ, ਭਾਜਪਾ ਨਾਲ ਰਿਸ਼ਤਿਆਂ ਬਾਰੇ ਸਥਿਤੀ ਕਰੇ ਸਪੱਸ਼ਟ





ਜਲੰਧਰ- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਤੇ ਭਾਜਪਾ ਦੇ ਨਾਲ ਸਬੰਧਾਂ ਬਾਰੇ ਸਥਿਤੀ ਸਪੱਸ਼ਟ ਕਰਨ ਦੀ ਚੁਣੌਤੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਭਾਜਪਾ ਹਰਿਆਣਾ 'ਚ ਕਿਸਾਨ ਤੇ ਗ਼ਰੀਬ ਵਿਰੋਧੀ ਹੈ ਤਾਂ ਉਹ ਕੇਂਦਰ ਤੇ ਪੰਜਾਬ 'ਚ ਕਿਸ ਤਰ੍ਹਾਂ ਅਕਾਲੀ ਦਲ ਦੀ ਹਿਤੈਸ਼ੀ ਹੋ ਗਈ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਤੋਂ ਬਾਹਰ ਕੌਮੀ ਪੱਧਰ 'ਤੇ ਜਿਸ ਭਾਜਪਾ ਦੀਆਂ ਨੀਤੀਆਂ ਦੀ ਅਕਾਲੀ ਦਲ ਨਿਖੇਧੀ ਕਰ ਰਿਹਾ ਹੈ, ਉਹ ਨੀਤੀਆਂ ਪੰਜਾਬ ਦੇ ਹੱਕ 'ਚ ਕਿਵੇਂ ਹੋ ਸਕਦੀਆਂ ਹਨ। ਜਾਖੜ ਨੇ ਕਿਹਾ ਕਿ ਜਿਸ ਭਾਜਪਾ ਦੀ ਸਰਕਾਰ ਨੂੰ ਹਰਿਆਣਾ 'ਚ ਅਕਾਲੀ ਦਲ ਦੇ ਪ੍ਰਧਾਨ ਉਖਾੜ ਸੁੱਟ ਕੇ ਪਰ੍ਹੇ ਮਾਰਨ ਦੀਆਂ ਗੱਲਾਂ ਕਰਦੇ ਹਨ। ਉਸੇ ਪਾਰਟੀ ਦੀ ਕੇਂਦਰ ਸਰਕਾਰ 'ਚ ਅਕਾਲੀ ਦਲ ਦੀ ਭਾਈਵਾਲੀ ਹੈ। ਇੱਥੋਂ ਤੱਕ ਕਿ ਅਕਾਲੀ ਦਲ ਦੀ ਵਜ਼ੀਰ ਕੇਂਦਰ 'ਚ ਸੁੱਖ-ਸਹੂਲਤਾਂ ਦਾ ਆਨੰਦ ਮਾਣ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਅਕਾਲੀ ਆਗੂ ਦੋਵਾਂ ਪਾਰਟੀਆਂ ਦਾ ਗੱਠਜੋੜ ਜਾਰੀ ਰਹਿਣ ਦੀਆਂ ਗੱਲਾਂ ਕਰ ਰਹੇ ਹਨ। ਇਹ ਦੋਹਰੀ ਰਾਜਨੀਤੀ ਹੁਣ ਚੱਲਣ ਵਾਲੀ ਨਹੀਂ ਹੈ।

## ਖੱਟੜ ਦਾ ਸੋਨੀਆ ਗਾਂਧੀ 'ਤੇ ਸ਼ਬਦੀ ਵਾਰ, ਕਿਹਾ-'ਖੋਦਿਆ ਪਹਾੜ ਨਿਕਲੀ ਚੂਹੀਆ'

ਸੋਨੀਪਤ- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ 'ਤੇ ਤਿੱਖਾ ਸ਼ਬਦੀ ਵਾਰ ਕੀਤਾ ਹੈ। ਕਾਂਗਰਸ ਦਾ ਪ੍ਰਧਾਨ ਚੁਣਨ ਲਈ ਤਿੰਨ ਮਹੀਨੇ ਦੀ ਤਲਾਸ਼ ਤੋਂ ਬਾਅਦ ਪਾਰਟੀ ਮੁਖੀ ਦੇ ਤੌਰ 'ਤੇ ਸੋਨੀਆ ਦੀ ਵਾਪਸੀ ਨੂੰ ਲੈ ਕੇ ਖੱਟੜ ਨੇ ਕਿਹਾ, 'ਖੋਦਿਆ ਪਹਾੜ ਨਿਕਲੀ ਚੂਹੀਆ' ਅਤੇ ਉਹ ਵੀ ਮਰੀ ਹੋਈ।" ਖੱਟੜ ਨੇ ਇੱਥੇ ਖਰਖੌਦਾ 'ਚ ਇਕ ਚੋਣ ਰੈਲੀ ਨੂੰ ਐਤਵਾਰ ਨੂੰ ਸੰਬੋਧਿਤ ਕਰਦਿਆਂ ਕਾਂਗਰਸ 'ਤੇ ਤਿੱਖਾ ਸ਼ਬਦੀ ਹਮਲਾ ਕੀਤਾ। ਕਾਂਗਰਸ ਨੇ ਇਸ ਬਿਆਨ 'ਤੇ ਤੁਰੰਤ ਪਲਟਵਾਰ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਦੀ ਇਹ ਟਿੱਪਣੀ ਸੱਤਾਧਾਰੀ ਭਾਜਪਾ ਪਾਰਟੀ ਦਾ ਮਹਿਲਾ ਵਿਰੋਧੀ ਚਿਹਰਾ ਦਿਖਾਉਂਦੀ ਹੈ। ਕਾਂਗਰਸ ਨੇ ਕਿਹਾ ਕਿ ਖੱਟੜ ਨੂੰ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ। ਕਾਂਗਰਸ ਪਾਰਟੀ ਨੇ ਟਵੀਟ ਕੀਤਾ ਕਿ ਮੁੱਖ ਮੰਤਰੀ ਦਾ ਇਹ ਬਿਆਨ ਗਲਤ ਹੈ। ਉਹ ਬਹੁਤ ਹੇਠਲੇ ਪੱਧਰ 'ਤੇ ਡਿੱਗ ਗਏ ਹਨ। ਅਸੀਂ ਉਨ੍ਹਾਂ ਦੇ ਬਿਆਨ ਦੀ ਸਖ਼ਤ ਨਿੰਦਾ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਉਹ ਤੁਰੰਤ ਮੁਆਫ਼ੀ ਮੰਗਣ।

# ਜਵਾਈ ਦੇ ਭਰਾ 'ਤੇ ਡੁੱਲੀ ਮਾਂ, ਧੀ ਦੀ ਬਣੀ ਜੇਠਾਣੀ



ਪਠਾਨਕੋਟ- ਵਟਸਐਪ, ਫੇਸਬੁੱਕ ਅਤੇ ਟਿਕਟਾਕ ਦੇ ਦੌਰ ਦਾ ਸਮਾਜ ਰਿਸ਼ਤੇ ਦੀ ਵੀ ਨਵੀਂ ਪਰਿਭਾਸ਼ਾ ਕਾਇਮ ਕਰ ਰਿਹਾ ਹੈ। ਪਿਆਰ ਅਤੇ ਮੁਹੱਬਤੇ ਰਿਸ਼ਤੇ-ਨਾਤੇ ਦੀਆਂ ਕੰਧਾਂ ਟੱਪ ਕੇ ਪਰੰਪਰਾ ਅਤੇ ਸੰਸਕ੍ਰਿਤੀ ਦੀਆਂ ਕੰਧਾਂ ਨੂੰ ਤੋੜਦੇ ਨਜ਼ਰ ਆ ਰਹੀ ਹੈ। ਅਜਿਹਾ ਮਾਮਲਾ ਪਠਾਨਕੋਟ ਸ਼ਹਿਰ ਦੇ ਖਾਨਪੁਰ ਦਾ ਸਾਹਮਣੇ ਆਇਆ ਹੈ। ਇੱਥੇ ਇਕ 37 ਸਾਲ ਦੀ ਮਹਿਲਾ ਛੇ ਮਹੀਨੇ ਪਹਿਲਾਂ ਲਵ-ਮੈਰਿਜ ਕਰਨ ਵਾਲੀ ਆਪਣੀ ਸਕੀ ਧੀ ਦੇ ਪਤਨੀ ਦੇ ਵੱਡੇ ਭਰਾ ਨੂੰ ਦਿਲ ਦੇ ਬੈਠੀ, ਕੁਝ ਮੁਲਾਕਾਤਾਂ ਹੋਈਆਂ ਅਤੇ ਬਾਅਦ 'ਚ ਪਿਆਰ ਜ਼ਿੰਦਗੀ ਬਣ ਗਿਆ। ਇਸ ਦੇ ਬਾਅਦ 2 ਅਕਤੂਬਰ ਨੂੰ ਗਾਂਧੀ ਜਯੰਤੀ ਵਾਲੇ ਦਿਨ ਮਹਿਲਾ ਨੇ ਧੀ ਦੇ ਜੇਠ ਦੇ ਨਾਲ ਮਲਿਕਪੁਰ ਦੇ ਇਕ ਮੰਦਰ 'ਚ ਸੱਤ ਫੇਰੇ ਲੈ ਗਏ। ਇਹ ਕਿਸੇ ਨੇ ਨਹੀਂ ਸੋਚਿਆ ਸੀ ਕਿ ਛੇ ਮਹੀਨੇ ਪਹਿਲਾਂ ਜਿਸ ਧੀ ਨੂੰ ਖ਼ੁਸ਼ੀ-ਖ਼ੁਸ਼ੀ ਨਾਲ ਸਹੁਰੇ ਭੇਜਿਆ ਸੀ, ਉਹ ਇਕ ਦਿਨ ਉਸ ਘਰ 'ਚ ਜੇਠਾਣੀ ਬਣ ਕੇ ਆ ਜਾਵੇਗੀ। ਮਾਮਲੇ ਦਾ ਖੁਲਾਸਾ ਸੋਮਵਾਰ ਨੂੰ ਉਸ ਸਮੇਂ ਹੋਇਆ ਜਦੋਂ ਨਵ-ਵਿਆਹੁਤਾ ਮਹਿਲਾ ਦਾ ਉਸ ਦੇ ਰਿਸ਼ਤੇਦਾਰਾਂ ਨੇ ਵਿਰੋਧ ਕੀਤਾ ਤਾਂ ਉਹ ਅਦਾਲਤ 'ਚ ਸੁਰੱਖਿਆ ਦੀ ਮੰਗ ਨੂੰ ਲੈ ਕੇ ਅਰਜ਼ੀ ਲਗਾਉਣ ਪਹੁੰਚੀ। ਰਿਸ਼ਤੇ 'ਚ ਉਲਟ ਫੇਰ ਦੂਜੇ ਪੱਖ 'ਚ ਵੀ ਹੋਇਆ, ਜਿੱਥੇ ਗੁਰਦਾਸਪੁਰ ਨਿਵਾਸੀ ਵੱਡਾ ਭਰਾ ਸਕੇ ਛੋਟੇ ਭਰਾ ਦਾ ਸਹੁਰਾ ਬਣ ਗਿਆ ਹੈ।

**ਲਵ ਸਟੋਰੀ, ਇਸ ਤਰ੍ਹਾ ਹੋਈ ਸ਼ੁਰੂ**

ਜਾਣਕਾਰੀ ਮੁਤਾਬਕ ਖਾਨਪੁਰ ਦੀ 18 ਸਾਲ ਦੀ ਕੁੜੀ ਦੀ ਗੁਰਦਾਸਪੁਰ ਦੇ ਹਰੀ ਦਰਬਾਰ ਨਿਵਾਸੀ 21 ਸਾਲਾ ਨੌਜਵਾਨ ਨਾਲ ਫੇਸਬੁੱਕ 'ਤੇ ਦੋਸਤੀ ਹੋਈ ਸੀ। ਕਈ ਮੁਲਾਕਾਤਾਂ ਦੇ ਬਾਅਦ ਉਹ ਪਿਆਰ 'ਚ ਬਦਲ ਗਈ ਅਤੇ 6 ਮਹੀਨੇ ਪਹਿਲਾਂ ਦੋਵਾਂ ਨੇ ਲਵ ਮੈਰਿਜ ਕਰ ਲਈ। ਇਸ ਦੇ ਬਾਅਦ ਦੋਵਾਂ ਨੇ ਕੋਰਟ 'ਚ ਜਾ ਕੇ ਪਰਿਵਾਰ ਵਾਲਿਆਂ ਨਾਲ ਪ੍ਰੋਟੈਕਸ਼ਨ ਹਾਸਲ ਕੀਤਾ ਸੀ। ਇਸ 'ਚ ਕੁੜੀ ਦੀ ਮਾਂ 37 ਸਾਲਾ ਮਾਂ ਦਾ ਦਿਲ ਧੀ ਦੇ 22 ਸਾਲਾ ਜੇਠ 'ਤੇ ਆ ਗਿਆ। ਉਹ ਨੌਕਰੀ ਦੇ ਸਿਲਸਿਲੇ 'ਚ ਅਕਸਰ ਭਰਾ ਦੇ ਸਹੁਰੇ ਪਠਾਨਕੋਟ ਆਉਂਦਾ ਸੀ। ਇਸ ਦੌਰਾਨ ਦੋਵਾਂ ਨੇ ਇਕ-ਦੂਜੇ ਨੂੰ ਪਸੰਦ ਕਰ ਲਿਆ ਅਤੇ ਵਿਆਹ ਦੀ ਯੋਜਨਾ ਬਣਾ ਲਈ। ਇਸ ਤਰ੍ਹਾਂ ਬਣਾਈ ਮਹਿਲਾ ਨੇ ਵਿਆਹ ਦੀ ਯੋਜਨਾ

**ਪਹਿਲਾਂ ਤਾਲਾਕ**

ਮਹਿਲਾ ਦਾ ਪਤੀ ਸ਼ਹਿਰ 'ਚ ਇਕ ਛੋਟੀ ਜਿਹੀ ਦੁਕਾਨ ਚਲਾਉਂਦਾ ਹੈ। 20 ਸਤੰਬਰ ਨੂੰ ਮਹਿਲਾ ਨੇ ਆਪਣੇ 42 ਸਾਲ ਦੇ ਪਤੀ ਤੋਂ ਤਲਾਕ ਲੈ ਲਿਆ ਅਤੇ ਉਸ ਕੋਲੋਂ 5 ਲੱਖ ਰੁਪਏ ਵੀ ਲਏ।

**ਫਿਰ ਵਿਆਹ**

ਤਲਾਕ ਦੇ 12 ਦਿਨ ਬਾਅਦ ਮਹਿਲਾ ਨੇ 2 ਅਕਤੂਬਰ ਧੀ ਦੇ ਜੇਠ ਨਾਲ ਮਲਿਕਪੁਰ ਦੇ ਰਾਧਾ-ਕ੍ਰਿਸ਼ਨ ਮੰਦਰ 'ਚ ਸੱਤ ਫੇਰੇ ਲੈ ਲਏ ਅਤੇ ਇਸ ਦੇ ਬਾਅਦ ਦੋਵੇਂ ਇਕੱਠੇ ਰਹਿਣ ਲੱਗ ਪਏ।

**ਧਮਕੀਆਂ**

ਮਹਿਲਾ ਦੇ ਵਿਆਹ ਦਾ ਉਸ ਦੇ ਘਰਵਾਲੇ ਵਿਰੋਧ ਕਰ ਰਹੇ ਸਨ। ਮਹਿਲਾ ਦੇ ਮਾਂ-ਬਾਪ ਅਤੇ ਭਰਾ ਨੂੰ ਇਹ ਰਿਸ਼ਤਾ ਪਸੰਦ ਨਹੀਂ ਸੀ। ਇਸ ਕਾਰਨ ਉਸ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ।

## ਪੰਜਾਬ ਸਰਕਾਰ ਦੇ ਦੋ ਮੰਤਰੀ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ

# ਕੈਪਟਨ ਨੇ ਸਾਂਝੇ ਸਮਾਗਮਾਂ ਦੀ ਜ਼ਿੰਮੇਵਾਰੀ ਸਿੰਘ ਸਾਹਿਬ ’ਤੇ ਛੱਡੀ



ਅੰਮ੍ਰਿਤਸਰ- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਾਂਝੇ ਸਮਾਗਮਾਂ ਲਈ ਪੰਜਾਬ ਸਰਕਾਰ ਨੇ ਅੱਜ ਫਿਰ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਸੰਪਰਕ ਕੀਤਾ ਹੈ। ਪੰਜਾਬ ਸਰਕਾਰ ਦੇ ਦੋ ਮੰਤਰੀ ਅੱਜ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ। ਜਥੇਦਾਰ ਨੇ ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਫੋਨ ’ਤੇ ਗੱਲਬਾਤ ਕੀਤੀ।

ਯਾਦ ਰਹੇ ਸੋਮਵਾਰ ਨੂੰ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਜਥੇਦਾਰ ਨਾਲ ਮੁਲਾਕਾਤ ਕਰਨ ਪਹੁੰਚੇ ਸੀ ਪਰ ਉਨ੍ਹਾਂ ਨੂੰ ਖਾਲੀ ਹੱਥ ਮੁੜਨਾ ਪਿਆ ਸੀ। ਇਸ ਮਗਰੋਂ ਮਾਮਲਾ ਹੋਰ ਗਰਮਾ ਗਿਆ ਸੀ। ਅੱਜ ਫਿਰ ਸਰਕਾਰੀ ਵਫਦ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲਿਆ ਤੇ ਸਾਂਝੇ ਸਮਾਗਮ ਬਾਰੇ ਚਰਚਾ ਕੀਤੀ।

ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਦੋ ਮੰਤਰੀ ਮਿਲੇ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਗੱਲਬਾਤ ਕੀਤੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਸ਼ਤਾਬਦੀ ਸਮਾਗਮ ਸਾਂਝੇ ਤੌਰ ’ਤੇ ਮਨਾਏ ਜਾਣਗੇ। ਜਥੇਦਾਰ ਨੇ ਕਿਹਾ ਕਿ ਨੇਤਾਵਾਂ ਨੂੰ ਸਿਆਸੀ ਬਿਆਨਬਾਜ਼ੀ ਤੋਂ ਬਚਣਾ ਚਾਹੀਦਾ ਹੈ।

ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਛੱਡ ਦਿੱਤਾ ਹੈ। ਪੰਜ ਤਖ਼ਤ ਸਹਿਬਾਨ ਦੇ ਜਥੇਦਾਰਾਂ ਦੀ 21 ਅਕਤੂਬਰ ਨੂੰ ਹੋਣ ਵਾਲੀ ਮੀਟਿੰਗ ਵਿੱਚ ਇਸ ਬਾਰੇ ਵਿਚਾਰ ਕੀਤਾ ਜਾਵੇਗਾ।

ਜਥੇਦਾਰ ਨਾਲ ਮੁਲਾਕਾਤ ਮਗਰੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਸੌਂਪਿਆ ਹੈ। ਇਸ ਵਿੱਚ ਇਹ ਗੱਲ ਕਹੀ ਗਈ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਡਾਲ ਲੱਗ ਚੁੱਕਾ ਹੈ ਤੇ ਇਸ ਲਈ ਸ਼੍ਰੋਮਣੀ ਕਮੇਟੀ ਨੂੰ ਉਨ੍ਹਾਂ ਨਾਲ ਸਾਂਝੇ ਤੌਰ ’ਤੇ ਸਮਾਗਮ ਵਿੱਚ ਸ਼ਮੂਲੀਅਤ ਕਰਨੀ ਚਾਹੀਦੀ ਹੈ ਨਾ ਕਿ ਨਵਾਂ ਪੰਡਾਲ ਲਾ ਕੇ ਕਰੋੜਾਂ ਰੁਪਿਆ ਖਰਚਣਾ ਚਾਹੀਦਾ ਹੈ।

## ਅਕਾਲ ਤਖ਼ਤ ਨੇ ਮੰਗਿਆ ਆਰ.ਐਸ.ਐਸ. ’ਤੇ ਬੈਨ, ਦੇਸ਼ ਨੂੰ ਵੰਡਣ ਦਾ ਇਲਜ਼ਾਮ



ਅੰਮ੍ਰਿਤਸਰ- ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਰ.ਐਸ.ਐਸ. ’ਤੇ ਬੈਨ ਲਾਉਣ ਦੀ ਮੰਗ ਕੀਤੀ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਘ ਦੇਸ਼ ਨੂੰ ਵੰਡਣ ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਅੰਮ੍ਰਿਤਸਰ ’ਚ ਕਿਹਾ, ਆਰ.ਐਸ.ਐਸ. ’ਤੇ ਬੈਨ ਲੱਗਣਾ ਚਾਹੀਦਾ ਹੈ। ਮੇਰਾ ਮੰਨਣਾ ਹੈ ਕਿ ਆਰਐਸਐਸ ਜੋ ਕੰਮ ਕਰ ਰਿਹਾ ਹੈ, ਉਹ ਦੇਸ਼ ’ਚ ਵੰਡ ਪੈਦਾ ਕਰ ਰਿਹਾ ਹੈ। ਆਰ.ਐਸ.ਐਸ. ਦੇ ਨੇਤਾਵਾਂ ਵੱਲੋਂ ਦਿੱਤੇ ਜਾ ਰਹੇ ਬਿਆਨ ਦੇਸ਼ ਦੇ ਹਿੱਤ ’ਚ ਨਹੀਂ ਹਨ। ਉਨ੍ਹਾਂ ਨੇ ਨਿਊਜ਼ ਏਜੰਸੀ ਨਾਲ ਗੱਲ ਕਰਦਿਆਂ ਕਿਹਾ, ਇੱਥੇ ਸਿੱਖ, ਇਸਾਈ, ਯਹੂਦੀ ਤੇ ਪਾਰਸੀ ਵੀ ਰਹਿੰਦੇ ਹਨ। ਬਹੁਤ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਹ ਕਹਿਣਾ ਕਿ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ, ਇਹ ਗਲਤ ਹੈ। ਗਲਤ ਬਿਆਨ ਨਹੀਂ ਦਿੱਤੇ ਜਾਣੇ ਚਾਹੀਦੇ।

ਦੱਸ ਦਈਏ ਕਿ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ‘ਹਿੰਦੂ ਰਾਸ਼ਟਰ’ ਦੀ ਗੱਲ ਕਈ ਮੌਕਿਆਂ ’ਤੇ ਕਹੀ ਹੈ। ਭਾਗਵਤ ਨੇ 12 ਅਕਤੂਬਰ ਨੂੰ ਕਿਹਾ ਸੀ, ਯਹੂਦੀ ਮਾਰੇ-ਮਾਰੇ ਫਿਰਦੇ ਸੀ, ਭਾਰਤ ਇਕੱਲਾ ਦੇਸ਼ ਹੈ ਜਿੱਥੇ ਉਨ੍ਹਾਂ ਨੂੰ ਸਹਾਰਾ ਮਿਲਿਆ ਹੈ। ਪਾਰਸੀਆਂ ਦੀ ਪੂਜਾ ਉਨ੍ਹਾਂ ਦੇ ਧਰਮ ਸਣੇ ਸੁਰੱਖਿਆ ਸਿਰਫ ਭਾਰਤ ’ਚ ਹੈ। ਦੁਨੀਆ ’ਚ ਸਭ ਤੋਂ ਜ਼ਿਆਦਾ ਸੁਖੀ ਮੁਸਲਮਾਨ ਭਾਰਤ ’ਚ ਹੀ ਮਿਲਣਗੇ। ਇਹ ਕਿਉਂਕਿ ਅਸੀਂ ਹਿੰਦੂ ਹਾਂ ਸਾਡਾ ਹਿੰਦੂ ਰਾਸ਼ਟਰ ਹੈ।







# ਗੁਰੂ ਨਾਨਕ ਦੇਵ ਜੀ ਦੇ ਜੀਵਨ ਸਿੱਖਿਆਵਾਂ ਤੇ ਫਲਸਫੇ ਨਾਲ ਸੰਬਧਤ ਅਮਰੀਕਾ 'ਚ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ

## ਪ੍ਰਦਰਸ਼ਨੀ ਵੱਖ-ਵੱਖ ਧਰਮਾਂ ਦੇ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ - ਪਰਮਜੀਤ ਸਿੰਘ ਸਰੋਆ





ਨਿਊ ਕਾਸਲ, ਡੈਲਾਵੇਅਰ( ਹੁਸਨ ਲੜੋਆ ਬੰਗਾ) ਮਨੁੱਖਤਾ ਦੇ ਰਹਿਬਰ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਸਿੱਖਿਆਵਾਂ, ਵਿਚਾਰਧਾਰਾ ਅਤੇ ਫਿਲਾਸਫੀ ਨੂੰ ਤਸਵੀਰਾਂ ਦੇ ਰੂਪ 'ਚ ਸਮੁੱਚੇ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ ਦੇ ਲਈ ਡੈਲਾਵੇਅਰ ਸਿੱਖ ਅਵੇਰਨੈਸ ਕੋਲੀਸ਼ਨ ਦੇ ਵੱਲੋਂ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ ਵੱਖ ਵੱਖ ਧਰਮਾਂ ਦੇ ਲੋਕਾ ਦੇ ਲਈ ਪ੍ਰੇਰਨਾ ਦਾ ਸਰੋਤ ਬਣੇਗੀ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਹੋਇਆ ਕੀਤਾ। ਸਿੱਖ ਅਵੇਰਨੈਸ ਕੋਲੀਸ਼ਨ ਵੱਲੋਂ ਅਮਰੀਕਾ ਦੀ ਡੈਲਵੇਅਰ ਸਟੇਟ ਦੀ ਨਿਊ ਕਾਸਲ ਦੀ ਸਟੇਟ ਲਾਬਿਰੇਰੀ ਵਿੱਚ ਸ਼ ਚਰਨਜੀਤ ਸਿੰਘ ਮਿਨਹਾਸ, ਆਰਟਿਸਟ ਸਵਰਨਜੀਤ ਸਿੰਘ ਸਵੀ ਅਤੇ ਸ. ਪਰਮਜੀਤ ਸਿੰਘ ਸਰੋਆ ਦੇ ਸਾਂਝੇ ਉਦਮਾ ਸਦਕਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲਗਾਈ ਗਈ ਯਾਦਗਾਰੀ ਤਸਵੀਰਾਂ ਦੀ ਪ੍ਰਦਰਸ਼ਨੀ ਦਾ ਰਸਮੀ ਉਦਾਘਟਨ ਡੈਲਾਵੇਅਰ ਸਟੇਟ ਦੇ ਨਿਊ ਕਾਸਲ ਕਾਉਟੀ ਦੇ ਮੇਅਰ ਮੈਥਉ ਨੇ ਕੀਤਾ । ਇਸ ਸਮੇਂ ਉਹਨਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਉਦਾਘਟਨੀ ਸਮਾਗਮ ਦੌਰਾਨ ਇੱਕਤਰ ਹੋਈਆ ਪ੍ਰਮੁੱਖ ਸ਼ਖਸੀਅਤਾਂ ਨੂੰ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸਮੁੱਚੇ ਵਿਸ਼ਵ ਭਾਈਚਾਰੇ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਉਥੇ ਨਾਲ ਹੀ ਸਮਾਨਤਾ ਤੇ ਸਮਾਜਿਕ ਚੇਤਨਾ ਦੀ ਗੱਲ ਕੀਤੀ। ਸ੍ਰੀ ਮੈਥਉ ਨੇ ਡੈਲਾਵੇਅਰ ਸਿੱਖ ਅਵੇਰਨੈਸ ਕੋਲੀਸ਼ਨ ਗੁਰੂ ਸਾਹਿਬਾਂ ਦੇ ਜੀਵਨ, ਸਿੱਖਿਆਵਾਂ ਤੇ ਫਲਾਸਫੇ ਤੇ ਅਧਾਰਿਤ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਇੱਕ ਚਾਨਣ ਮੁਨਾਰਾ ਕਰਾਰ ਦਿੰਦਿਆਂ ਹੋਇਆ ਕਿਹਾ ਕਿ ਗੁਰੂ ਸਾਹਿਬ ਦੀਆਂ ਇਹਨਾਂ ਤਸਵੀਰਾਂ ਨੂੰ ਦੇਖ ਕੇ ਸਾਨੂੰ ਆਪਣੇ ਜੀਵਨ ਨੂੰ ਰੁਸ਼ਨਾਣਾ ਚਾਹੀਦਾ ਹੈ ਅਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਦਾ ਅਹਿਦ ਕਰਨਾ ਚਾਹੀਦਾ ਹੈ। ਸਮਾਗਮ ਦੌਰਾਨ ਟੋਮ ਡੇਵਿਸ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆ ਕਿਹਾ ਕਿ ਗੁਰੂ ਨਾਨਕ ਸਾਹਿਬ ਦੀਆ ਸਿੱਖਿਆਵਾਂ ਪਰੈਸਬੀਟੇਰੀਅਨ ਚਰਚ ਵਿੱਚ ਕਾਫੀ ਆਪਸੀ ਸਮਾਨਤਾਵਾ ਹਨ। ਜੋ ਸਾਨੂੰ ਆਪਸ ਵਿੱਚ ਜੁੜਨ ਦਾ ਸੰਦੇਸ਼ ਦਿੰਦਿਆ ਹਨ । ਇਸਲਾਮਿਕ ਸੁਸਾਇਟੀ ਦੇ ਇਰਫਾਨ ਪਟੇਲ ਨੇ ਕਿਹਾ ਕਿ ਅੱਜ ਅਸੀ ਬੜੇ ਭਾਗਾਂ ਵਾਲੇ ਹਾਂ ਕਿ ਡੈਲਾਵੇਅਰ ਸਟੇਟ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਖ਼ੂਬਸੂਰਤੀ ਦਾ ਆਨੰਦ ਮਾਣਨ ਵਿੱਚ ਫ਼ਖ਼ਰ ਮਹਿਸੂਸ ਕਰ ਰਿਹਾ ਹੈ । ਸਮਾਗਮ ਦੌਰਾਨ ਸੈਨੇਟਰ ਬਿਰਆਨ ਟਾਉਨਸੈਡ ਨੇ ਵੀ ਗੁਰੂ ਨਾਨਕ ਸਾਹਿਬ ਜੀ ਨੂੰ ਆਪਣਾ ਸਿੱਜਦਾ ਭੇਟ ਕਰਦਿਆ ਹੋਇਆਂ ਕਿਹਾ ਕਿ ਉਹਨਾਂ ਦੀਆਂ ਸਿੱਖਿਆਵਾਂ ਨੂੰ ਸਮੁੱਚੇ ਵਿਸ਼ਵ ਅੰਦਰ ਵੱਧ ਤੋਂ ਵੱਧ ਪ੍ਰਚਾਰ ਕਰਨ ਦੀ ਸਮੇਂ ਦੀ ਲੋੜ ਹੈ ਤਾਂ ਕਿ ਸਮੁੱਚੇ ਵਿਸ਼ਵ ਦੇ ਭਾਈਚਾਰੇ ਅੰਦਰ ਅਮਨ, ਸ਼ਾਂਤੀ ਦਾ ਮਾਹੌਲ ਪੈਦਾ ਹੋ ਸਕੇ । ਇਸ ਦੌਰਾਨ ਡੈਲਾਵੇਅਰ ਸਿੱਖ ਅਵੇਰਨੈਸ ਸਿੱਖ ਕੋਲੀਸ਼ਨ ਦੇ ਚੇਅਰਮੈਨ ਸ਼ ਚਰਨਜੀਤ ਸਿੰਘ ਮਿਨਹਾਸ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੌਰਾਨ ਸਮੁੱਚੀ ਲੋਕਾਈ ਨੂੰ ਤਾਰਨ ਦੇ ਲਈ ਸਰਬ ਸਾਂਝੀਵਾਲਤਾ ਵਾਲੀ ਵਿਚਾਰਧਾਰਾ ਨੂੰ ਲੋਕ ਭਾਸ਼ਾ ਦੇ ਰੂਪ ਵਜੋਂ ਚੁਣਿਆ । ਸ਼ ਮਿਨਹਾਸ ਨੇ ਅਮਰੀਕਾ ਵਿੱਚ ਵੱਸਦੇ ਸਮੂਹ ਧਰਮਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 12 ਨਵੰਬਰ ਤੱਕ ਚੱਲਣ ਵਾਲੀ ਉਕਤ ਪ੍ਰਦਰਸ਼ਨੀ ਨੂੰ ਦੇਖਣ ਦੇ ਲਈ ਵੱਧ ਤੋਂ ਵੱਧ ਪੁੱਜਣ।

# ਸਿਟੀ ਬੱਸਾਂ ਪੀ ਆਰ ਟੀ ਸੀ ਨੂੰ ਦੇਣ ਦੀ ਥਾਂ 'ਤੇ ਇਨ੍ਹਾਂ ਨੂੰ ਅੰਮ੍ਰਿਤਸਰ ਵਿਚ ਹੀ ਚਲਾਇਆ ਜਾਵੇ: ਗੁਮਟਾਲਾ



ਅੰਮ੍ਰਿਤਸਰ- ਸਮਾਜਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਨੇ ਸਿਟੀ ਬੱਸਾਂ ਪੀ ਆਰ ਟੀ ਸੀ ਨੂੰ ਦੇਣ ਦੀ ਥਾਂ 'ਤੇ ਇਨ੍ਹਾਂ ਨੂੰ ਅੰਮ੍ਰਿਤਸਰ ਵਿਚ ਹੀ ਚਲਾਉਣ ਦੀ ਮੰਗ ਕੀਤੀ ਹੈ। ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ , ਸਥਾਨਕ ਸਰਕਾਰ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ , ਮੁੱਖ ਸਕੱਤਰ ਸ੍ਰੀ ਕਰਨ ਅਵਤਾਰ ਸਿੰਘ, ਮੇਅਰ ਸ. ਕਰਮਜੀਤ ਸਿੰਘ ਰਿੰਟੂ ਤੇ ਡਿਪਟੀ ਕਮਿਸ਼ਨਰ ਸ.ਸ਼ਿਵਦੁਲਾਰ ਸਿੰਘ ਢਿੱਲੋਂ ਨੂੰ ਭੇਜੀ ਇੱਕ ਈ-ਮੇਲ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਭਾਰਤ ਸਰਕਾਰ ਵਲੋਂ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰੀਨਿਊਵਲ ਮਿਸ਼ਨ ਅਧੀਨ 60 ਬੱਸਾਂ ਮਿਲੀਆਂ ਸਨ, ਜਿਹੜੀਆਂ ਪਿਛਲੇ ਕਈ ਸਾਲਾਂ ਦੀਆਂ ਮਿੱਟੀ ਘੱਟਾ ਫੱਕ ਰਹੀਆਂ ਨੂੰ ਚਲਾਉਣ ਦੀ ਥਾਂ 'ਤੇ ਨਗਰ ਨਿਗਮ ਵਲੋਂ ਮੱਤਾ ਪਾਸ ਕਰਕੇ ਇਨ੍ਹਾਂ ਨੂੰ ਪੀ ਆਰ ਟੀ ਸੀ ਨੂੰ ਦੇਣ ਲਈ ਕਿਹਾ ਗਿਆ ਹੈ। ਇਹ ਬੜਾ ਮੰਦਭਾਗਾ ਫ਼ੈਸਲਾ ਹੈ ਕਿ ਸ਼ਹਿਰ ਨੂੰ ਲੋਕਾਂ ਦੀ ਸਹੂਲਤ ਲਈ ਕੋਈ ਚੀਜ ਮਿਲੀ ਹੋਵੇ ਤੇ ਉਸ ਨੂੰ ਵਰਤਣ ਦੀ ਥਾਂ 'ਤੇ ਮੋੜਿਆ ਜਾਵੇ।ਇਨ੍ਹਾਂ ਨੂੰ ਪਹਿਲਾਂ ਵਾਂਗ ਨਗਰ ਨਿਗਮ ਵੋਲੋਂ ਚਲਾਈਆਂ ਜਾਂਦੀਆਂ ਲੋਕਲ ਬੱਸਾਂ ਵਾਂਗ ਨੇੜਲੇ ਪਿੰਡਾਂ ਤੇ ਕਸਬਿਆਂ ਲਈ ਵਰਤਿਆ ਜਾਣਾ ਚਾਹੀਦਾ ਹੈ,ਜਿੱਥੇ ਬੀ ਆਰ ਟੀ ਸੀ ਦੀਆਂ ਬੱਸਾਂ ਨਹੀਂ ਜਾਂਦੀਆਂ।

# ਗੁਰਦਾਸਪੁਰ ਦੀ ਰਾਣੀ ਜੌਨ ਸਟੀ.ਫਨ ਨੂੰ ਕੁਵੈਤ 'ਚ ਬਣਾ ਦਿੱਤਾ ਗਿਆ ਘਰੇਲੂ ਨੌਕਰਾਣੀ






ਗੁਰਦਾਸਪੁਰ- ਪੰਜਾਬ ਵਿੱਚ ਟ੍ਰੈਵਲ ਏਜੰਟਾਂ ਦੇ ਢਹੇ ਚੜ੍ਹ ਕੇ ਲੱਖਾਂ ਰੁਪਏ ਠੱਗੇ ਜਾਣ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਇਹ ਸਿਲਸਿਲਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਹੁਣ ਅਜਿਹਾ ਇੱਕ ਤਾਜ਼ਾ ਮਾਮਲਾ ਗੁਰਦਾਸਪੁਰ ਦੀ ਇੱਕ ਨਰਸ ਨਾਲ ਵਾਪਰ ਗਿਆ ਹੈ, ਜਿਨ੍ਹਾਂ ਨੂੰ ਕੁਵੈਤ ਵਿੱਚ ਕਿਸੇ ਦੇ ਘਰ ਨੌਕਰਾਣੀ ਵਜੋਂ ਕੰਮ ਕਰਨ ਲਈ ਮਜਬੂਰ ਕੀਤਾ ਗਿਆ।

ਗੁਰਦਾਸਪੁਰ ਦੇ 28 ਸਾਲਾ ਰਾਣੀ ਜੌਨ ਸਟੀਫ਼ਨ ਤੋਂ ਡੇਢ ਲੱਖ ਰੁਪਏ ਲੈ ਕੇ ਦਿੱਲੀ ਦੇ ਇੱਕ ਟ੍ਰੈਵਲ ਏਜੰਟ ਨੇ ਇਹ ਆਖ ਕੇ ਕੁਵੈਤ ਭੇਜਿਆ ਸੀ ਕਿ ਉੱਥੇ ਉਨ੍ਹਾਂ ਨੂੰ ਉੱਥੇ ਨਰਸ ਦੀ ਨੌਕਰੀ ਮਿਲੇਗੀ ਪਰ ਅਸਲੀਅਤ ਕੁਝ ਹੋਰ ਹੀ ਸੀ। ਹੁਣ ਰਾਣੀ ਜੌਨ ਸਟੀਫ਼ਨ ਦੀ ਮਦਦ ਦਾ ਭਰੋਸਾ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਵੀ ਦਿਵਾਇਆ ਹੈ। ਉਨ੍ਹਾਂ ਕਿਹਾ ਹੈ ਕਿ ਉਹ ਰਾਣੀ ਨੂੰ ਸੁਰੱਖਿਅਤ ਵਤਨ ਵਾਪਸ ਲਿਆਉਣਗੇ।

ਸ੍ਰੀ ਜੈਸ਼ੰਕਰ ਨੇ ਦੱਸਿਆ ਕਿ ਕੁਵੈਤ ਸਥਿਤ ਭਾਰਤੀ ਅੰਬੈਸੀ ਨੇ ਰਾਣੀ ਜੌਨ ਨੂੰ ਔਰਤਾਂ ਦੇ ਸੁਰੱਖਿਅਤ ਟਿਕਾਣੇ ਵਿੱਚ ਰੱਖਿਆ ਗਿਆ ਹੈ। ਹੁਣ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਹੋਣ ਜਾ ਰਹੀ ਹੈ।

ਗੁਰਦਾਸਪੁਰ ਜ਼ਿਲ੍ਹੇ 'ਚ ਧਾਰੀਵਾਲ ਤੋਂ 5 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਪਿੰਡ ਆਲੋਵਾਲ ਦੇ ਜੰਮਪਲ ਰਾਣੀ ਜੌਨ ਸਟੀਫ਼ਨ ਨੇ ਸਹਾਇਕ ਨਰਸ ਮਿਡ-ਵਾਈਫ਼ ਦਾ ਕੋਰਸ ਕੀਤਾ ਹੋਇਆ ਹੈ। ਕੁਵੈਤ 'ਚ ਖ਼ੁਦ ਨੂੰ ਫਸੀ ਵੇਖ ਕੇ ਰਾਣੀ ਨੇ ਆਪੇ ਹੀ ਕਿਸੇ ਤਰ੍ਹਾਂ ਕੁਵੈਤ 'ਚ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਸੀ।

ਰਾਣੀ ਦੀ ਮੁਲਾਕਾਤ ਕੁਵੈਤ 'ਚ ਅਚਾਨਕ ਕੁਝ ਪੰਜਾਬੀ ਨੌਜਵਾਨਾਂ ਨਾਲ ਹੋ ਗਈ ਤੇ ਉਨ੍ਹਾਂ ਨੇ ਆਪਣੀ ਸਾਰੀ ਦੁੱਖ ਭਰੀ ਕਹਾਣੀ ਉਨ੍ਹਾਂ ਨੂੰ ਸੁਣਾਈ। ਉਨ੍ਹਾਂ ਦੱਸਿਆ ਕਿ ਉਹ ਜਿਹੜੇ ਘਰ ਵਿੱਚ ਕੰਮ ਕਰ ਰਹੇ ਸਨ, ਉੱਥੇ ਉਨ੍ਹਾਂ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਸੀ, ਇਸੇ ਲਈ ਉਨ੍ਹਾਂ ਉਹ ਘਰ ਛੱਡ ਦਿੱਤਾ।

ਫਿਰ ਪੰਜਾਬੀ ਮੁੰਡਿਆਂ ਨੇ ਇਹ ਸਾਰੀ ਕਹਾਣੀ ਇੱਕ ਟਵੀਟ ਰਾਹੀਂ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈ ਸ਼ੰਕਰ ਨੂੰ ਦੱਸੀ ਤੇ ਮਦਦ ਮੰਗੀ।

ਰਾਣੀ ਦੇ ਵੱਡੇ ਭਰਾ ਕੁਲਵੰਤ ਮਸੀਹ ਨੇ ਦੱਸਿਆ ਕਿ ਰਾਣੀ ਤਿੰਨ ਕੁ ਮਹੀਨੇ ਪਹਿਲਾਂ ਹੀ ਦਿੱਲੀ ਦੇ ਇੱਕ ਟ੍ਰੈਵਲ ਏਜੰਟ ਮਹਿਮੂਦ ਰਾਹੀਂ ਕੁਵੈਤ ਗਈ ਸੀ। ਉਸ ਏਜੰਟ ਨੇ ਡੇਢ ਲੱਖ ਰੁਪਏ ਲਏ ਸਨ। ਕੁਵੈਤ ਰਵਾਨਗੀ ਤੋਂ ਪਹਿਲਾਂ ਪਿਛਲੇ 10 ਸਾਲਾਂ ਤੋਂ ਰਾਣੀ ਚੰਗੀ ਭਲੀ ਗੁਰਦਾਸਪੁਰ ਦੇ ਇੱਕ ਪ੍ਰਾਈਵੇਟ ਹਸਪਤਾਲ 'ਚ ਕੰਮ ਕਰਦੀ ਸੀ।

## ਪੰਜਾਬ-ਹਰਿਆਣਾ ਹਾਈਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਚੰਡੀਗੜ੍ਹ 15 ਅਕਤੂਬਰ: (ਚੜ੍ਹਦੀਕਲਾ ਬਿਊਰੋ):ਪੰਜਾਬ-ਹਰਿਆਣਾ ਹਾਈਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਸ ਪ੍ਰਸ਼ਾਸਨ ਵਿਚ ਹੜਕੰਪ ਮਚ ਗਿਆ ਹੈ। ਮੰਗਲਵਾਰ ਨੂੰ ਇਸ ਸੰਬੰਧੀ ਐਸ.ਐਸ.ਪੀ. ਅਤੇ ਸੀ.ਆਈ.ਡੀ. ਦੇ ਅਧਿਕਾਰੀਆਂ ਨੇ ਬਾਰ ਐਸੋਸੀਏਸ਼ਨ ਨਾਲ ਬੈਠਕ ਕੀਤੀ। ਜਾਣਕਾਰੀ ਅਨੁਸਾਰ ਚੰਡੀਗੜ੍ਹ ਪੁਲਸ ਨੂੰ ਇਕ ਚਿੱਠੀ ਰਾਹੀਂ ਧਮਕੀ ਦਿੱਤੀ ਗਈ ਹੈ।

ਐਸ.ਐਸ.ਪੀ. ਚੰਡੀਗੜ੍ਹ ਨੇ ਕਿਹਾ ਕਿ ਪੱਤਰ ਕਿਸੇ ਦੀ ਸ਼ਰਾਰਤ ਲੱਗ ਰਹੀ ਹੈ ਪਰ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਹੀਂ ਵਰਤੀ ਜਾ ਸਕਦੀ। ਇਸ ਸੰਬੰਧੀ ਪੂਰੀ ਜਾਂਚ ਪੜਤਾਲ ਕੀਤੀ ਜਾਵੇਗੀ। ਉਧਰ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਮੰਗਲਵਾਰ ਨੂੰ ਹਾਈਕੋਰਟ ਤੇ ਸਕੱਤਰੇਤ ਦੇ ਨੇੜੇ ਦੀ ਸੁਰੱਖਿਆ ਵਧਾ ਦਿੱਤੀ ਗਈ।

## ਅਰਥ ਵਿਵਸਥਾ ਦੀ ਨਿਕਲੀ ਫੂਕ ! ਸਤੰਬਰ 'ਚ ਕਾਰਾਂ ਦੀ ਸੇਲ 24 ਫੀਸਦੀ ਤਕ ਹੋਰ ਡਿੱਗੀ

ਨਵੀਂ ਦਿੱਲੀ- ਆਰਥਿਕ ਮੰਦੀ ਨਾਲ ਜੂਝ ਰਹੀ ਆਟੋ ਇੰਡਸਟਰੀ ਨੂੰ ਹੋਰ ਵੱਡਾ ਝਟਕਾ ਲੱਗਾ ਹੈ। ਘਰੇਲੂ ਬਜ਼ਾਰ ਵਿੱਚ ਯਾਤਰੀ ਵਾਹਨਾਂ ਦੀ ਵਿਕਰੀ ਸਤੰਬਰ ਮਹੀਨੇ ਵਿੱਚ 23.69 ਫੀਸਦੀ ਘਟ ਕੇ 2,23,317 ਇਕਾਈਆਂ ਰਹਿ ਗਈ ਹੈ। ਪਿਛਲੇ ਸਾਲ ਇਸ ਮਹੀਨੇ 2,92,660 ਯਾਤਰੀ ਵਾਹਨ ਵੇਚੇ ਗਏ ਸੀ। ਇਹ ਲਗਾਤਾਰ 11ਵਾਂ ਮਹੀਨਾ ਹੈ ਜਦੋਂ ਵਾਹਨਾਂ ਦੀ ਵਿਕਰੀ ਘਟੀ ਹੈ। ਸੁਸਾਇਟੀ ਆਫ਼ ਇੰਡੀਅਨ ਆਟੋਮੋਬਾਈਲ ਮੈਨੂਫੈਕਚਰਰਜ਼ (ਸਿਆਮ) ਦੇ ਅੰਕੜਿਆਂ ਅਨੁਸਾਰ ਚਾਲੂ ਮਹੀਨੇ ਦੌਰਾਨ ਕਾਰਾਂ ਦੀ ਘਰੇਲੂ ਵਿਕਰੀ 33.40 ਫੀਸਦੀ ਘੱਟ ਕੇ 1,31,281 ਯੂਨਿਟ ਰਹਿ ਗਈ ਹੈ ਜੋ ਸਤੰਬਰ 2018 ਵਿੱਚ 1,97,124 ਇਕਾਈ ਸੀ। ਇਸ ਦੌਰਾਨ ਮੋਟਰਸਾਈਕਲਾਂ ਦੀ ਵਿਕਰੀ ਵੀ ਪਿਛਲੇ ਸਾਲ ਦੇ 13,60,415 ਯੂਨਿਟ ਦੇ ਮੁਕਾਬਲੇ ਘੱਟ ਕੇ 10,43,624 ਇਕਾਈ ਰਹਿ ਗਈ ਹੈ ਸਤੰਬਰ ਦੌਰਾਨ ਦੋਪਹੀਆ ਵਾਹਨਾਂ ਦੀ ਕੁੱਲ ਵਿਕਰੀ 22.09 ਫੀਸਦੀ ਘੱਟ ਕੇ 16,56,774 ਇਕਾਈਆਂ 'ਤੇ ਆ ਗਈ ਜਦਕਿ ਪਿਛਲੇ ਸਾਲ ਸਤੰਬਰ ਵਿੱਚ 21,26,445 ਦੋਪਹੀਆ ਵਾਹਨ ਵੇਚੇ ਗਏ ਸੀ।

## ਹੁਣ ਅੰਮ੍ਰਿਤਸਰ ਤੋਂ ਪਟਨਾ ਸਾਹਿਬ ਨੂੰ ਨਾਨ-ਸਟਾਪ ਉਡਾਰੀ ਹੋਵੇਗੀ ਸ਼ੁਰੂ

ਚੰਡੀਗੜ੍ਹ-ਹਵਾਈ ਮਾਰਗ ਰਾਹੀਂ ਹੁਣ ਅੰਮ੍ਰਿਤਸਰ ਤੋਂ ਪਟਨਾ ਸਾਹਿਬ ਤਕ ਨਾਨ-ਸਟਾਪ ਸਫ਼ਰ ਕੀਤਾ ਜਾ ਸਕਦਾ ਹੈ। ਏਅਰ ਇੰਡੀਆ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ। ਦੱਸ ਦੇਈਏ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਆਗਮਨ ਪੁਰਬ 'ਤੇ ਵੱਡਾ ਤੋਹਫਾ ਦਿੱਤਾ ਗਿਆ। ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਲੰਡਨ ਸਟੈਨਸਡ ਏਅਰਪੋਰਟ ਦੇ ਵਿਚਕਾਰ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ। ਇਹ ਤਿੰਨ ਦਿਨੀਂ ਹਫ਼ਤਾਵਾਰੀ ਏਅਰ ਇੰਡੀਆ ਦੀ ਉਡਾਣ ਨਵੰਬਰ, 2019 ਤੋਂ ਸੋਮਵਾਰ, ਮੰਗਲਵਾਰ, ਵੀਰਵਾਰ ਨੂੰ ਚੱਕਰ ਲਾਏਗੀ। ਇਹ ਉਡਾਣ ਅੰਮ੍ਰਿਤਸਰ ਤੇ ਬਰਮਿੰਘਮ ਦੇ ਵਿਚਕਾਰ ਛੇ ਹਫ਼ਤਾਵਾਰ ਉਡਾਣਾਂ (3 ਸਮੇਤ ਦਿੱਲੀ ਦੇ ਵਿਚਕਾਰ) ਲਈ ਹੋਵੇਗੀ।

# ਕਸ਼ਮੀਰ ਬਾਰੇ ਸੱਤਾ ਦਾ ਝੂਠ ਬੇਨਕਾਬ

ਸਾਥੀ ਅਬਦੁਲ ਸਤਾਰ ਰੰਜੂਰ ਦੀਆਂ ਇਹ ਸਤਰਾਂ ਖੁੱਲ੍ਹੀ ਜੇਲ੍ਹ ਬਣੀ ਸਰਜ਼ਮੀਨ ਵਿਚ ਸਾਡੇ ਚਾਰ ਦਿਨਾਂ ਸਫਰ ਦੌਰਾਨ ਸਾਡੇ ਲਈ ਚਾਨਣ ਮੁਨਾਰਾ ਸਨ (1990 ਵਿਚ ਰੰਜੂਰ ਦੀ ਹੱਤਿਆ ਕਰ ਦਿੱਤੀ ਗਈ ਸੀ):

ਖਿੜ ਜਾਣਗੀਆਂ ਬਸੰਤ ਦੀਆਂ ਕਲੀਆਂ
ਮੁੱਕ ਜਾਏਗੀ ਬੁਲਬੁਲਾਂ ਦੀ ਪੀੜਾ
ਭਰ ਜਾਣਗੇ ਆਸ਼ਕਾਂ ਦੇ ਜ਼ਖਮ
ਨਹੀਂ ਰਹੇਗਾ ਮਰੀਜ਼ ਦਾ ਸੰਤਾਪ
ਪੂਰੀ ਹੋ ਜਾਵੇਗੀ ਰੰਜੂਰ ਦੀ ਤਮੰਨਾ
ਜਦੋਂ ਗਰੀਬ ਗੁਰਬੇ ਰਾਜ ਕਰਨਗੇ
ਗੌਰਵ ਦਾ ਤਾਜ ਸਜਾ ਕੇ

ਅਸੀਂ 5 ਔਰਤਾਂ ਦੀ ਟੀਮ ਨੇ 17 ਤੋਂ 21 ਸਤੰਬਰ 2019 ਕਸ਼ਮੀਰ ਦਾ ਦੌਰਾ ਕੀਤਾ। ਅਸੀਂ ਅੱਖੀਂ ਦੇਖਣਾ ਚਾਹੁੰਦੀਆਂ ਸੀ ਕਿ ਕੈਦ ਦਾ ਲੋਕਾਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਉਪਰ ਕੀ ਅਸਰ ਪਿਆ ਹੈ। ਟੀਮ ਵਿਚ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵਿਮੈਨ ਦੀ ਐਨੀ ਰਾਜਾ, ਕਵਲਜੀਤ ਕੌਰ, ਪਾਂਖੁੜੀ ਜ਼ਹੀਰ, ਪ੍ਰਗਤੀਸ਼ੀਲ ਮਹਿਲਾ ਸੰਗਠਨ ਦੀ ਪੂਨਮ ਕੌਸ਼ਿਕ ਅਤੇ ਮੁਸਲਿਮ ਵਿਮੈਨਜ਼ ਫੋਰਮ ਦੀ ਸਈਦਾ ਹਮੀਦ ਸ਼ਾਮਲ ਸਨ।

ਸ੍ਰੀਨਗਰ ਦੇ ਨਾਲ-ਨਾਲ ਅਸੀਂ ਸ਼ੋਪੀਆਂ, ਪੁਲਵਾਮਾ ਅਤੇ ਬਾਂਦੀਪੋਰਾ ਜ਼ਿਲ੍ਹਿਆਂ ਦੇ ਬਹੁਤ ਸਾਰੇ ਪਿੰਡਾਂ ਵਿਚ ਗਈਆਂ। ਅਸੀਂ ਹਸਪਤਾਲਾਂ, ਸਕੂਲਾਂ, ਘਰਾਂ, ਬਾਜ਼ਾਰਾਂ ਵਿਚ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਦੇ ਮਰਦਾਂ, ਔਰਤਾਂ, ਨੌਜਵਾਨਾਂ ਅਤੇ ਬੱਚਿਆਂ ਨਾਲ ਗੱਲਬਾਤ ਕੀਤੀ। ਇਹ ਰਿਪੋਰਟ 43 ਦਿਨਾਂ ਤੋਂ ਲੋਹ-ਪਿੰਜਰੇ ਵਿਚ ਡੱਕੇ ਅਵਾਮ ਦੀ ਜ਼ਿੰਦਗੀ ਦਾ ਅੱਖੀਂ ਡਿੱਠਾ ਹਾਲ ਹੈ।

ਦੁਕਾਨਾਂ, ਹੋਟਲ, ਸਕੂਲ, ਕਾਲਜ, ਸੰਸਥਾਵਾਂ ਅਤੇ ਯੂਨੀਵਰਸਿਟੀਆਂ ਸਭ ਬੰਦ, ਸੜਕਾਂ ਸੁੰਨ-ਮਸਾਨ। ਇਹ ਸੀ ਹਵਾਈ ਅੱਡੇ ਤੋਂ ਚੱਲ ਕੇ ਦੇਖੀ ਪਹਿਲੀ ਝਲਕ। ਇਹ ਸਜ਼ਾ ਦੇਣ ਵਾਲਾ ਦਮ-ਘੋਟੂ ਮਾਹੌਲ ਜਾਪਦਾ ਸੀ।

ਅਸੀਂ ਉਥੇ ਸ਼ਿਕਾਰਿਆਂ, ਹਾਊਸ ਬੋਟਾਂ, ਡੱਲ ਝੀਲ, ਕਮਲ ਤੋਂ ਐਨ ਉਲਟ ਮੰਜ਼ਰ ਦੇਖਿਆ - ਇਹ ਆਪਣੇ ਘਰਾਂ ਦੇ ਬੂਹਿਆਂ ਅੱਗੇ ਖੜ੍ਹੀਆਂ ਕਿਸੇ ਜ਼ੁਬੈਦਾ, ਸ਼ਮੀਮਾ, ਖੁਰਸ਼ੀਦਾ ਵਰਗੀਆਂ ਔਰਤਾਂ ਦੀ ਤਸਵੀਰ ਸੀ ਜਿਨ੍ਹਾਂ ਨੂੰ ਅਜੇ ਵੀ ਆਪਣੇ 14, 15, 17 ਅਤੇ 19 ਸਾਲ ਦੇ ਪੁੱਤਰਾਂ ਦੀ ਉਡੀਕ ਹੈ। ਹਰ ਇਕ ਦੇ ਦਿਲ ਉਪਰ ਉਨ੍ਹਾਂ ਦੀ ਆਖਰੀ ਝਲਕ ਉਕਰੀ ਹੋਈ ਹੈ। ਉਨ੍ਹਾਂ ਉਮੀਦ ਦਾ ਪੱਲਾ ਨਹੀਂ ਛੱਡਿਆ ਪਰ ਉਹ ਇਹ ਵੀ ਜਾਣਦੀਆਂ ਹਨ ਕਿ ਉਨ੍ਹਾਂ ਨੂੰ ਆਪਣੇ ਪੁੱਤਰਾਂ ਦੇ ਤਸੀਹਿਆਂ ਨਾਲ ਕੋਹੇ ਜਿਸਮਾਂ ਜਾਂ ਉਨ੍ਹਾਂ ਦੀਆਂ ਲਾਸ਼ਾਂ ਦਾ ਦੀਦਾਰ ਕਰਨ ਲਈ ਬਹੁਤ ਲੰਮੀ ਇੰਤਜ਼ਾਰ ਕਰਨੀ ਪਵੇਗੀ। 'ਅਸੀਂ ਕੈਦ ਹਾਂ'ੲ ਹਰ ਥਾਂ ਇਹੀ ਸੁਣਨ ਨੂੰ ਮਿਲਦਾ ਹੈ। ਡਾਕਟਰ, ਅਧਿਆਪਕ, ਵਿਦਿਆਰਥੀ, ਕਾਮੇ ਸਾਨੂੰ ਸਵਾਲ ਕਰਦੇ ਹਨ: ਦਿੱਲੀ ਵਿਚ ਜੇ ਪੰਜ ਮਿੰਟ ਵੀ ਇੰਟਰਨੈਟ ਬੰਦ ਹੋ ਜਾਵੇ ਤਾਂ ਤੁਸੀਂ ਕੀ ਕਰੋਗੇ ? ਸਾਡੇ ਕੋਲ ਕੋਈ ਜਵਾਬ ਨਹੀਂ ਸੀ।

ਚਾਰੇ ਜ਼ਿਲ੍ਹਿਆਂ ਦੇ ਪਿੰਡ ਵਾਸੀਆਂ ਦਾ ਅਨੁਭਵ ਇਕੋ ਜਿਹਾ ਸੀ। ਉਨ੍ਹਾਂ ਨੇ ਦੱਸਿਆ, ਮਗਰਬ ਦੀ ਦੁਆ ਤੋਂ ਬਾਅਦ 8 ਵਜੇ ਹੀ ਬੱਤੀਆਂ ਬੁਝ ਜਾਂਦੀਆਂ ਹਨ। ਬਾਂਦੀਪੋਰਾ ਵਿਚ ਅਸੀਂ ਇਕ ਕੁੜੀ ਦੇਖੀ। ਉਸ ਨੇ ਇਹ ਸੋਚ ਕੇ ਲੈਂਪ ਜਗਦਾ ਰੱਖਣ ਦੀ ਗੁਸਤਾਖੀ ਕਰ ਲਈ ਕਿ ਸ਼ਾਇਦ ਛੇਤੀ ਹੀ ਸਕੂਲ ਖੁੱਲ੍ਹ ਗਏ ਤਾਂ ਇਮਤਿਹਾਨ ਹੋਣਗੇ। 'ਕਰਫਿਊ' ਦੀ ਇਸ ਉਲੰਘਣਾ ਤੋਂ ਖਫਾ ਹੋਏ ਫੌਜੀ ਕੰਧਾਂ ਟੱਪ ਕੇ ਘਰ ਵਿਚ ਜਾ ਵੜੇ। ਉਸ ਦੇ ਬਾਪ ਅਤੇ ਭਰਾ ਨੂੰ ਫੜ ਕੇ ਲੈ ਗਏ। ਕਿਸੇ ਨੇ ਪੁੱਛਣ ਦੀ ਹਿੰਮਤ ਨਹੀਂ ਕੀਤੀ- 'ਕੀ ਪੁੱਛਗਿੱਛ ਕਰਨੀ ਹੈ ?' ਦੋਵੇਂ ਉਦੋਂ ਤੋਂ ਨਜ਼ਰਬੰਦ ਹਨ। 'ਅਸੀਂ ਜ਼ੋਰ ਦਿੰਦੀਆਂ ਹਾਂ ਕਿ 6 ਵਜੇ ਤੋਂ ਬਾਅਦ ਕੋਈ ਵੀ ਮਰਦ ਜਾਂ ਲੜਕਾ ਬੂਹਿਓਂ ਬਾਹਰ ਨਾ ਜਾਵੇ। ਤ੍ਰਿਕਾਲਾਂ ਪੈਣ 'ਤੇ ਉਨ੍ਹਾਂ ਦਾ ਬਾਹਰ ਨਜ਼ਰ ਆ ਜਾਣਾ ਖਤਰਾ ਮੁੱਲ ਲੈਣ ਸਮਾਨ ਹੈ। ਅਣਸਰਦੇ ਨੂੰ ਅਸੀਂ ਔਰਤਾਂ ਹੀ ਬਾਹਰ ਜਾਂਦੀਆਂ ਹਾਂ'। ਇਹ ਬਾਂਦੀਪੋਰਾ ਲਾਗੇ ਦੇ ਇਕ ਪਿੰਡ ਦੀ ਔਰਤ ਜ਼ਰੀਨਾ ਦੇ ਬੋਲ ਹਨ। 'ਮੇਰੀ ਚਾਰ ਸਾਲ ਦੀ ਬੱਚੀ ਵੀ ਜੇ ਹਨੇਰਾ ਹੋਣ 'ਤੇ ਬਾਹਰ ਕੁੱਤਾ ਭੌਂਕਦਾ ਸੁਣ ਲਵੇ ਤਾਂ ਤੁਰੰਤ ਬੁੱਲ੍ਹਾਂ 'ਤੇ ਉਂਗਲ ਰੱਖ ਲੈਂਦੀ ਹੈ। ਕੁੱਤੇ ਭੌਂਕਣ ਦਾ ਭਾਵ ਹੈ ਫੌਜ ਦੀ ਆਮਦ'।ਮੌਤ ਵੀ ਤਸੀਹਿਆਂ ਤੋਂ ਘੱਟ ਨਹੀਂ। 'ਲੋਕ ਬੇਖਬਰ ਜਾਂ ਬਿਨਾ ਸੋਗ ਮਨਾਏ ਮਰ ਰਹੇ ਹਨ। ਮੈਂ ਆਪਣੀ ਅੰਮੀ ਦੇ ਚਲਾਣੇ ਬਾਰੇ ਆਪਣੀਆਂ ਭੈਣਾਂ ਨੂੰ ਕਿਵੇਂ ਦੱਸਾਂ ?' ਗ਼ੁਲਾਮ ਅਹਿਮਦ ਦਾ ਗਲਾ ਭਰ ਆਇਆ। 'ਉਹ ਤਰਾਲ, ਪਟਨ ਵਿਚ ਰਹਿੰਦੀਆਂ ਹਨ। ਮੈਨੂੰ ਉਸ ਦੀ ਅੰਤਮ ਰਸਮ ਉਸ ਦੇ ਢਿੱਡੋਂ ਜਾਇਆਂ ਤੋਂ ਬਗੈਰ ਹੀ ਕਰਨੀ ਪਈ।' ਹਰ ਥਾਂ ਇਹੋ ਦਰਦ ਕਹਾਣੀ ਸੀ। ਲੋਕਾਂ ਕੋਲ ਆਪਣੇ ਪਿਆਰਿਆਂ ਨੂੰ ਖਬਰ ਭੇਜਣ ਦਾ ਕੋਈ ਜ਼ਰੀਆ ਨਹੀਂ ਹੈ। 43 ਦਿਨ ਮੌਤ ਦੀ ਖਾਮੋਸ਼ੀ ਵਾਂਗ ਹਨ।

ਆਵਾਜਾਈ ਦੇ ਕੋਈ ਸਾਧਨ ਨਹੀਂ। ਅਣਸਰਦੇ ਨੂੰ ਲੋਕ ਗੱਡੀਆਂ ਕਿਰਾਏ 'ਤੇ ਲੈਂਦੇ ਹਨ। ਅਸੀਂ ਦੇਖਿਆ ਸੜਕਾਂ 'ਤੇ ਖੜ੍ਹੀਆਂ ਔਰਤਾਂ ਕਾਰਾਂ ਅਤੇ ਮੋਟਰਬਾਈਕਾਂ ਨੂੰ ਲਿਫਟ ਲਈ ਹੱਥ ਦੇ ਰਹੀਆਂ ਸਨ। ਉਹ ਰੁਕ ਜਾਂਦੇ ਹਨ: ਦੋਨੋਂ ਪਾਸੇ ਚਿਹਰਿਆਂ ਉਪਰ ਅਣਕਹੀ ਬੇਵਸੀ ਹੈ। ਇਕ ਆਦਮੀ ਦੱਸਦਾ ਹੈ, 'ਮੈਂ ਆਪਣੇ ਬਾਈਕ 'ਤੇ ਆਵੰਤੀਪੁਰਾ ਜਾ ਰਿਹਾ ਸੀ। ਇਕ ਔਰਤ ਨੇ ਰੁਕਣ ਲਈ ਇਸ਼ਾਰਾ ਕੀਤਾ। ਮੈਂ ਉਸ ਨੂੰ ਬਿਠਾ ਲਿਆ। ਬਾਈਕ ਸਪੀਡ ਬ੍ਰੇਕਰ 'ਤੇ ਪਲਟ ਗਿਆ। ਉਹ ਡਿਗ ਪਈ। ਮੈਂ ਉਸ ਨੂੰ ਹਸਪਤਾਲ ਲੈ ਕੇ ਗਿਆ। ਉਹ ਬੇਸੁਰਤ ਸੀ। ਮੈਂ ਗਰੀਬ ਆਦਮੀ ਹਾਂ, ਉਸ ਦਾ ਇਲਾਜ ਕਿਵੇਂ ਕਰਵਾ ਸਕਦਾ ਸੀ ? ਪਰ ਕਿਸ ਨੂੰ ਤੇ ਕਿਵੇਂ ਖਬਰ ਕਰਦਾ ?' ਅਸੀਂ ਜਿਥੇ ਵੀ ਗਈਆਂ, ਹਰ ਥਾਂ ਇਹੀ ਕਹਾਣੀ ਸੁਣਨ ਨੂੰ ਮਿਲੀ। ਸ੍ਰੀਨਗਰ ਦੇ ਲੱਲਾ ਡੇਡ ਔਰਤ ਹਸਪਤਾਲ ਦੀਆਂ ਬਹੁਤ ਸਾਰੀਆਂ ਨੌਜਵਾਨ ਡਾਕਟਰਾਂ ਨੇ 4 ਅਗਸਤ ਤੋਂ ਲੈ ਕੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਰੁਕਾਵਟਾਂ ਦੇ ਤਲਖ ਅਨੁਭਵ ਬਿਆਨ ਕੀਤੇ। 'ਔਰਤਾਂ ਜਣੇਪੇ ਲਈ ਵਕਤ ਸਿਰ ਹਸਪਤਾਲ ਨਹੀਂ ਆ ਸਕਦੀਆਂ। ਐਂਬੂਲੈਂਸਾਂ ਬਹੁਤ ਘੱਟ ਹਨ। ਜਿੰਨੀਆਂ ਕੁ ਹਨ, ਉਨ੍ਹਾਂ ਨੂੰ ਥਾਂ-ਥਾਂ ਨਾਕਿਆਂ ਉਪਰ ਰੋਕਿਆ ਜਾ ਰਿਹਾ ਹੈ। ਨਤੀਜਾ ? ਲੇਟ ਜਣੇਪੇ ਵਾਲੇ ਬਹੁਤ ਸਾਰੇ ਬੱਚੇ ਅਪਾਹਜ ਪੈਦਾ ਹੋ ਰਹੇ ਹਨ। ਮਾਪਿਆਂ ਲਈ ਇਹ ਤਾਉਮਰ ਦੀ ਮੁਸੀਬਤ ਹੈ।' ਇਸ ਤੋਂ ਉਲਟ, ਇਹ ਵੀ ਦੱਸਿਆ ਗਿਆ ਕਿ ਮੌਜੂਦਾ ਤਣਾਓ ਅਤੇ ਖੌਫ ਦੇ ਆਲਮ ਕਾਰਨ ਬੱਚੇ ਵਕਤ ਤੋਂ ਪਹਿਲਾਂ ਪੈਦਾ ਹੋ ਰਹੇ ਹਨ। ਇਕ ਔਰਤ ਡਾਕਟਰ ਨੇ ਆਪਣਾ ਗਲਾ ਫੜ ਕੇ ਆਪਣਾ ਅਨੁਭਵ ਇਉਂ ਬਿਆਨ ਕੀਤਾ, 'ਇੰਜ ਮਹਿਸੂਸ ਹੁੰਦਾ ਹੈ ਕਿ ਸਰਕਾਰ ਨੇ ਸਾਡੀ ਸੰਘੀ ਨੱਪੀ ਹੋਈ ਹੈ ਅਤੇ ਨਾਲ ਹੀ ਸਾਨੂੰ ਬੋਲਣ ਲਈ ਕਹਿ ਰਹੀ ਹੈ।' ਬਾਂਦੀਪੋਰਾ ਦੀ ਇਕ ਸੀਨੀਅਰ ਡਾਕਟਰ ਨੇ ਦੱਸਿਆ ਕਿ ਕੁਲਗਾਮ, ਕੁਪਵਾੜਾ ਅਤੇ ਹੋਰ ਜ਼ਿਲ੍ਹਿਆਂ ਤੋਂ ਮਰੀਜ਼ ਆਉਂਦੇ ਹਨ। ਹੁਣ ਪਹਿਲਾਂ ਦੇ ਮੁਕਾਬਲੇ ਮਾਨਸਿਕ ਰੋਗਾਂ, ਦਿਲ ਦੇ ਦੌਰੇ ਦੇ ਜ਼ਿਆਦਾ ਕੇਸ ਆ ਰਹੇ ਹਨ। ਐਮਰਜੈਂਸੀ ਲਈ ਜੂਨੀਅਰ ਡਾਕਟਰ ਸੀਨੀਅਰਾਂ ਦੀ ਮਦਦ ਲੈਣਾ ਚਾਹੁੰਦੇ ਹਨ ਲੇਕਿਨ ਉਨ੍ਹਾਂ ਨਾਲ ਰਾਬਤਾ ਬਣਾਉਣ ਦਾ ਕੋਈ ਸਾਧਨ ਨਹੀਂ। ਉਨ੍ਹਾਂ ਦੇ ਹਸਪਤਾਲ ਤੋਂ ਬਾਹਰ ਹੋਣ ਦੀ ਸੂਰਤ ਵਿਚ ਜੂਨੀਅਰ ਸੜਕਾਂ-ਗਲੀਆਂ ਉਪਰ ਉਚੀ-ਉਚੀ ਆਵਾਜ਼ਾਂ ਮਾਰਦੇ ਉਨ੍ਹਾਂ ਨੂੰ ਲੱਭਦੇ ਫਿਰਦੇ ਨਜ਼ਰ ਆਉਂਦੇ ਹਨ। ਸ਼ੇਰੇ-ਕਸ਼ਮੀਰ ਮੈਡੀਕਲ ਇੰਸਟੀਚਿਊਟ ਦੇ ਹੱਡੀਆਂ ਦੇ ਇਕ ਡਾਕਟਰ ਨੂੰ ਡਿਊਟੀ ਜਾਂਦੇ ਵਕਤ ਫੌਜ ਨੇ ਨਾਕੇ ਉਪਰ ਰੋਕ ਲਿਆ ਅਤੇ ਸੱਤ ਦਿਨ ਹਿਰਾਸਤ ਵਿਚ ਰੱਖਿਆ। ਸ਼ੋਪੀਆਂ ਵਿਚ ਸਾਫੀਆ ਦਾ ਕੈਂਸਰ ਦਾ ਅਪਰੇਸ਼ਨ ਹੋਇਆ ਸੀ। ਉਹ ਕਹਿੰਦੀ ਹੈ, 'ਬਿਮਾਰੀ ਦੁਬਾਰਾ ਹੋਣ 'ਤੇ ਮੇਰਾ ਤੁਰੰਤ ਮੁਆਇਨਾ ਜ਼ਰੂਰੀ ਹੈ। ਮੈਂ ਆਪਣੇ ਡਾਕਟਰ ਕੋਲ ਨਹੀਂ ਜਾ ਸਕਦੀ। ਇਕੋ-ਇਕ ਹੱਲ ਸ਼ਹਿਰ ਜਾਣਾ ਹੈ ਲੇਕਿਨ ਮੈਂ ਉਥੇ ਕਿਵੇਂ ਜਾਵਾਂ ? ਜੇ ਮੈਂ ਚਲੇ ਵੀ ਜਾਵਾਂ, ਕੀ ਉਹ ਉਥੇ ਮਿਲੇਗਾ ?' ਇੰਟਰਨੈਟ ਆਧਾਰਤ ਸਰਕਾਰੀ ਸਕੀਮ 'ਆਯੁਸ਼ਮਾਨ ਭਾਰਤ' ਡਾਕਟਰਾਂ ਅਤੇ ਮਰੀਜ਼ਾਂ ਦੀ ਪਹੁੰਚ ਤੋਂ ਬਾਹਰ ਹੈ।

ਸਾਡੇ ਅੱਗੇ ਖੜ੍ਹੀਆਂ ਪਿੰਡਾਂ ਦੀਆਂ ਔਰਤਾਂ ਦੀਆਂ ਸੁੰਨ-ਮਸਾਨ ਨਜ਼ਰਾਂ ਸਾਨੂੰ ਘੂਰ ਰਹੀਆਂ ਹਨ। 'ਸਾਨੂੰ ਕਿਵੇਂ ਪਤਾ ਲੱਗੇ, ਉਹ ਕਿਥੇ ਹਨ ? ਸਾਡੇ ਪੁੱਤਰਾਂ ਨੂੰ ਘਰੋਂ ਫੜ ਕੇ ਲੈ ਗਏ। ਜਦੋਂ ਸਾਡੇ ਬੰਦੇ ਥਾਣੇ ਜਾਂਦੇ ਹਨ, ਉਹ ਅੱਗੇ ਸਦਰ-ਮੁਕਾਮ ਵੱਲ ਤੋਰ ਦਿੰਦੇ ਹਨ। ਉਹ ਰਾਹ ਜਾਂਦਿਆਂ ਨੂੰ ਰੋਕ ਕੇ ਲਿਫਟ ਦੇਣ ਲਈ ਤਰਲੇ ਕਰਦੇ ਹਨ ਅਤੇ ਕੁਝ ਕਾਮਯਾਬ ਵੀ ਹੋ ਜਾਂਦੇ ਹਨ। ਅੱਗੇ ਪੁਲਿਸ ਦਫਤਰਾਂ ਵਿਚ 'ਪੱਥਰਬਾਜ਼ਾਂ' ਦੇ ਨਾਵਾਂ ਦੀਆਂ ਸੂਚੀਆਂ ਟੰਗੀਆਂ ਮਿਲਦੀਆਂ ਹਨ ਜੋ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ- ਆਗਰਾ, ਜੋਧਪੁਰ, ਅੰਬੇਡਕਰ ਨਗਰ, ਝੱਜਰ ਆਦਿ। ਲਾਗੇ ਖੜ੍ਹਾ ਇਕ ਬੰਦਾ ਕਹਿੰਦਾ ਹੈ, 'ਬਾ ਜੀ ਅਸੀਂ ਕੁਚਲ ਦਿੱਤੇ ਗਏ ਹਾਂ। ਸਾਡੇ ਵਿਚੋਂ ਕੁਝ ਉਧਾਰ ਪੈਸੇ ਫੜ ਕੇ ਸੈਂਕੜੇ ਮੀਲ ਜਾਂਦੇ ਹਨ, ਅੱਗਿਓਂ ਉਕਾ ਹੀ ਅਣਜਾਣ ਸ਼ਹਿਰਾਂ ਦੇ ਵੱਢ ਖਾਣੇ ਜੇਲ੍ਹ ਗਾਰਡ ਸਾਨੂੰ ਟੁੱਟ ਕੇ ਪੈ ਜਾਂਦੇ ਹਨ।'

ਗੁਰਦੁਆਰਿਆਂ ਵਿਚ ਜੋ ਔਰਤਾਂ ਸਾਨੂੰ ਮਿਲੀਆਂ, ਉਨ੍ਹਾਂ ਨੇ ਦੱਸਿਆ ਕਿ ਉਹ ਕਸ਼ਮੀਰ ਵਿਚ ਸਦਾ ਸੁਰੱਖਿਅਤ ਮਹਿਸੂਸ ਕਰਦੀਆਂ ਹਨ।

# ਵਾਤਾਵਰਣ ਲਈ 16 ਸਾਲ ਦੀ ਕੁੜੀ ਨੇ ਦੁਨੀਆ ਨੂੰ ਦਿਖਾਇਆ ਸ਼ੀਸ਼ਾ

ਗ੍ਰੇਟਾ ਥਨਬਰਗ, 16 ਸਾਲ ਦੀ ਸਵੀਡਨ ਮੁਲਕ ਦੀ ਵਾਤਾਵਰਣ ਪ੍ਰੇਮੀ ਕੁੜੀ ਨੇ ਦੁਨੀਆ ਦੇ ਸਿਆਸਤਦਾਨਾਂ ਨੂੰ ਸੰਯੁਕਤ ਰਾਸ਼ਟਰ ਸੰਘ ਦੇ ਸਤੰਬਰ 2019 ਵਿੱਚ ਹੋਏ ਇਕ ਵਾਤਾਵਰਣ ਤਬਦੀਲੀ ਸਬੰਧੀ ਸਮਾਗਮ ਵਿੱਚ ਸ਼ੀਸ਼ਾ ਦਿਖਾ ਕੇ ਝੁਰਨਾਹਟ ਛੇੜ ਦਿੱਤੀ ਹੈ।

ਇਸ ਸਮਾਗਮ ਵਿੱਚ ਇਸ ਦਲੇਰ ਕੁੜੀ ਨੇ ਆਪਣੇ ਭਾਸ਼ਣ ਦੇ ਸ਼ੁਰੂ ਵਿੱਚ ਹੀ ਸਿਆਸਤਦਾਨਾਂ ਤੇ ਤੋੜੇ ਕਸਦਿਆਂ ਕਿਹਾ ਕਿ ਤੁਹਾਡੀ ਹਿੰਮਤ ਕਿਵੇਂ ਪਈ, ਵਾਤਾਵਰਣ ਨੂੰ ਦੂਸ਼ਿਤ ਕਰਨ ਦੀ। ਤੁਸੀ ਇਕ ਪ੍ਰਕਾਰ ਨਾਲ ਸਾਡੇ ਨਾਲ ਅਨਿਆਂ ਕਰਦਿਆਂ ਸਾਡੇ ਬਚਪਨ ਨੂੰ ਖੇਹ ਖਰਾਬ ਕਰ ਦਿੱਤਾ ਹੈ। ਸਾਡੇ ਸੁਪਨਿਆਂ ਨੂੰ ਆਪਣਿਆਂ ਖੋਖਲੇ ਸ਼ਬਦਾਂ ਨਾਲ ਖੋਹ ਲਿਆ ਹੈ। ਹੁਣ ਤੁਹਾਡੇ ਧੋਖਿਆਂ ਨੂੰ ਨੌਜਵਾਨ ਸਮਝ ਰਹੇ ਹਨ। ਤੁਸੀ ਸਾਨੂੰ ਧੋਖਿਆਂ ਵਿੱਚ ਰੱਖਿਆ ਹੈ। ਈਕੋ ਸਿਸਟਮ ਨੂੰ ਬਰਬਾਦ ਕਰਨ ਲਈ ਇਹ ਸਿਆਸਤਦਾਨ ਝੂਠੇ ਹਨ। ਆਮ ਲੋਕ ਨਹੀਂ । ਤੁਹਾਡੀ ਹਿੰਮਤ ਕਿਵੇਂ ਹੋਈ ਉਹ ਵਾਰ ਵਾਰ ਪੁਕਾਰ ਰਹੀ ਸੀ। ਜਦੋਂ ਉਹ ਭਾਸ਼ਣ ਦੇ ਰਹੀ ਤਾਂ ਸੈਂਕੜੇ ਮੁਲਕਾਂ ਦੇ ਪ੍ਰਮੁੱਖ ਯੂ.ਐਨ.ਓ. ਦੀ ਪ੍ਰਤੀਨਿਧ ਸਭਾ ਸਮੇਤ ਹਾਜ਼ਰ ਸਨ। ਇਕ ਪ੍ਰਕਾਰ ਨਾਲ ਉਨ੍ਹਾਂ ਨੂੰ ਕੰਬਣੀਆਂ ਹੀ ਛਿੜ ਰਹੀਆਂ ਪ੍ਰਤੀਤ ਹੋ ਰਹੀਆਂ ਸਨ। ਸਮਾਗਮ ਵਿੱਚ ਭਾਰਤੀ ਪ੍ਰਧਾਨ ਮੰਤਰੀ ਮੋਦੀ ਸਾਹਿਬ ਵੀ ਹਾਜ਼ਰ ਸਨ। ਇਸ ਦਲੇਰ ਕੁੜੀ ਨੇ 15 ਹੋਰ ਜਵਾਨਾਂ ਨਾਲ ਰਲ ਕਿ 5 ਦੇਸ਼ਾਂ ਖ਼ਿਲਾਫ਼ ਸ਼ਿਕਾਇਤ ਵੀ ਦਰਜ ਕਰਵਾਈ। ਵਾਤਾਵਰਣ ਨੂੰ ਖਰਾਬ ਕਰਨ ਵਿੱਚ ਇਨ੍ਹਾਂ ਮੁਲਕਾਂ 'ਚ ਫਰਾਂਸ, ਅਰਜਨਟੀਨਾ, ਬ੍ਰਾਜ਼ੀਲ , ਤੁਰਕੀ ਅਤੇ ਜਰਮਨੀ ਸ਼ਾਮਲ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗ੍ਰੀਨ ਗੈਸਾਂ ਦੇ ਨਿਕਾਸ ਨੂੰ ਘਟਾ ਕੇ ਅਸੀਂ ਜਲਵਾਯੂ ਨੂੰ ਬਚਾ ਸਕਦੇ ਆਂ। ਉਹ ਇਸ ਗੱਲ ਦੀ ਵਾਰ ਵਾਰ ਦੁਹਾਈ ਦੇ ਰਹੀ ਸੀ। ਜ਼ਿਕਰਯੋਗ ਹੈ ਕਿ 15 ਮਾਰਚ 19 ਨੂੰ ਦੁਨੀਆ ਭਰ 'ਚ ਵੀ 10 ਲੱਖ 60,000 ਲੋਕਾਂ ਨੇ ਵਾਤਾਵਰਣ ਨੂੰ ਬਚਾਉਣ ਲਈ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ ਸੀ। ਗ੍ਰੇਟਾ ਥਨਬਰਗ ਦੇ ਭਾਸ਼ਨ ਸਮੇਂ ਹੀ ਨਿਊਯਾਰਕ ਸਮੇਤ 11 ਲੱਖ ਵਿਦਿਆਰਥੀ ਹੜਤਾਲ ਤੇ ਚਲੇ ਗਏ ਸੀ। ਦੱਸਣਾ ਵਾਜ਼ਬ ਹੋਵੇਗਾ ਕਿ ਗਲੇਸ਼ੀਅਰ ਪਿਘਲ ਰਹੇ ਹਨ। ਆਕਸੀਜਨ ਘਟ ਰਹੀ ਆ। ਖਤਰਨਾਕ ਗੈਸਾਂ ਦੀ ਉਤਪਤੀ ਵਧ ਰਹੀ ਹੈ। ਜੀਵ ਜੰਤੂਆਂ ਨੂੰ ਧਰਤੀ, ਅਕਾਸ਼ ਤੇ ਪਾਣੀ ਵਿੱਚ ਗੰਭੀਰ ਸੰਕਟਾਂ ਨਾਲ ਜੂਝਣਾ ਪੈ ਰਿਹਾ ਹੈ। ਲੰਡਨ, ਪੈਰਿਸ, ਟੋਰਾਂਟੋ, ਵੈਨਕੂਵਰ ਇਥੋਂ ਤੱਕ ਕਿ ਸਰੀ, ਐਬਟਸਫੋਰਡ ਵਿੱਚ ਵੀ ਲੋਕ ਮੁਜ਼ਾਹਰਿਆਂ 'ਤੇ ਉੱਤਰ ਰਹੇ ਸਨ। ਪਹਿਲੀ ਵਾਰ ਲੋਕਾਂ ਨੇ ਇਸ ਨੂੰ ਕੌਮਾਂਤਰੀ ਚਿੰਤਾ ਦੇ ਵਜੋਂ ਯਾਦ ਕੀਤਾ। ਜਾਪ ਰਿਹਾ ਹੈ ਕਿ ਲੋਕ ਹੁਣ ਬਹੁਤ ਸਿਆਣੇ ਹੋ ਗਏ ਹਨ। ਉਹ ਸਿਆਸਤਦਾਨਾਂ ਦੀਆਂ ਗੱਲਾਂ ਵਿੱਚ ਕਦੇ ਨਹੀਂ ਆਉਣਗੇ । ਇਹ ਜਹਾਜ਼ ਰਾਹੀਂ ਸਫ਼ਰ ਨਾ ਕਰਦੇ ਹੋਏ ਪਾਣੀ ਵਾਲੇ ਜਹਾਜ਼ ਰਾਹੀਂ ਜੋ ਸੋਲਰ ਐਨਰਜੀ ਨਾਲ ਚੱਲ ਰਿਹਾ ਸੀ, ਨਾਲ 15 ਦਿਨ ਲਗਾ ਕੇ ਪਹੁੰਚੀ ਸੀ ਤਾਂ ਕਿ ਜਹਾਜ਼ ਦੇ ਧੂੰਏਂ ਨਾਲ ਪ੍ਰਦੂਸ਼ਣ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ। ਉਹਨੇ ਭਾਸ਼ਣ ਬਾਅਦ ਅਮਰੀਕੀ ਸਦਰ ਟਰੰਪ ਨੂੰ ਵੀ ਅੱਖਾਂ ਦਿਖਾਈਆਂ ਤੇ ਆਪਣੀ ਚਿੰਤਾ ਨੂੰ ਜ਼ਾਹਰ ਕੀਤਾ ਕਿ ਵਾਤਾਵਰਣ ਸਬੰਧੀ ਬਹੁਤ ਕੁਝ ਕਰਨ ਦੀ ਜਰੂਰਤ ਆ। ਸਭ ਨੂੰ ਰਲ ਕੇ ਨਿੱਕੇ ਨਿੱਕੇ ਯਤਨ ਘਰਾਂ ਤੋਂ ਹੀ ਸ਼ੁਰੂ ਕਰਨ ਦੇ ਉਪਰਾਲੇ ਕਰਨ ਦੀ ਆਦਤ ਸ਼ੁਰੂ ਕਰਨੀ ਪਵੇਗੀ। ਇਸ ਨਿੱਕੀ ਉਮਰ ਦੀ, ਨਿੱਕੀ ਕੁੜੀ ਨੇ ਆਪਣੀ ਨਿੱਕੀ ਉਮਰ ਤੋਂ ਵਧੇਰੇ ਕਰ ਵਿਖਾਇਆ ਹੈ। ਇਸ ਦੀ ਅਤਿ ਅਤੇ ਲੋੜ ਵੀ ਹੈ। ਜੇ ਵਾਤਾਵਰਣ ਹੀ ਠੀਕ ਨਾ ਰਿਹਾ ਕੁਝ ਵੀ ਠੀਕ ਨਹੀਂ ਰਹੇਗਾ। ਇਹ ਕੁੜੀ ਬਚਪਨ ਵਿੱਚ ਹੀ ਬਹੁਤ ਘਬਰਾਹਟ ਵਿੱਚ ਰਹਿਣ ਲੱਗ ਪਈ ਸੀ। ਵਾਤਾਵਰਣ ਦਾ ਮਿਜ਼ਾਜ ਦੇਖ ਕੇ । ਉਹਨੂੰ ਮਾਨਸਿਕ ਕਸ਼ਟ ਵੀ ਝੱਲਣੇ ਪਏ। ਇਕੱਲੀ ਨੂੰ ਸਵੀਡਨ ਪਾਰਲੀਮੈਂਟ ਅੱਗੇ ਧਰਨੇ ਵੀ ਦੇਣੇ ਪਏ। ਅੱਜ ਕਰੋੜਾਂ ਲੋਕ ਉਹਦੇ ਮਨੋਰਥ ਦੇ ਦੀਵਾਨੇ ਬਣ ਕੇ ਉਹਦੇ ਕਾਫ਼ਲੇ ਵਿੱਚ ਸ਼ਾਮਲ ਹੋ ਕੇ ਉਹਦਾ ਹੌਂਸਲਾ ਵਧਾ ਰਹੇ ਹਨ।

ਉਸ ਦੇ ਕਮਾਲ ਅਤੇ ਹੌਂਸਲੇ ਦੀ ਦਾਦ ਦੇਣੀ ਬਣਦੀ ਹੈ। ਜਿਹੜੇ ਕੰਮ ਸਾਡੇ ਰਾਜਨੀਤਕ ਨਹੀਂ ਕਰ ਸਕੇ, ਉਹ ਕੰਮ ਇਹ ਵਾਤਾਵਰਣ ਪ੍ਰੇਮੀ ਬੱਚੇ ਕਰ ਰਹੇ ਹਨ। ਇਨ੍ਹਾਂ ਬੱਚਿਆਂ ਦੀ ਹੌਂਸਲਾ ਅਫਜ਼ਾਈ ਕਰਨ ਦੇ ਨਾਲ ਨਾਲ, ਸਾਡੀਆਂ ਜ਼ਿੰਮੇਵਾਰੀਆਂ ਵਿੱਚ ਵਾਧਾ ਵੀ ਹੋ ਰਿਹਾ ਹੈ ਕਿ ਤਾਂ ਅਸੀਂ ਆਪਣੀ ਧਰਤੀ ਨੂੰ ਬਚਾਉਣ ਲਈ ਆਪਣੇ ਵਾਤਾਵਰਣ, ਜਲਵਾਯੂ ਦਾ ਖਿਆਲ ਵੀ ਰੱਖੀਏ। ਪਲਾਸਟਿਕ ਦੀ ਵਰਤੋਂ ਤੋਂ ਗੁਰੇਜ਼ ਕਰਈਏ। ਘਰ ਵਿੱਚ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਵੱਲ ਧਿਆਨ ਵੀ ਦੇਈਏ। ਨਿੱਕੇ ਨਿੱਕੇ ਯਤਨਾਂ ਦੇ ਨਤੀਜੇ ਬਹੁਤ ਵੱਡੇ ਅਤੇ ਚੰਗੇ ਨਿਕਲਨਗੇ। ਸਾਨੂੰ ਇਸ ਗੱਲ ਦੀ ਵੀ ਆਸ ਹੈ ਕਿ ਇਹ ਯਤਨ ਘਰ ਤੋਂ ਸ਼ੁਰੂ ਕਰਨ ਵੱਲ ਅਸੀ ਅਵੱਸ਼ ਹੀ ਧਿਆਨ ਦੇਵਾਂਗੇ । ਨਿਰਸੰਦੇਹ ਇਹ ਦਲੇਰ ਕੁੜੀ ਕੌਮਾਂਤਰੀ ਮਾਨ-ਸਨਮਾਨ ਦੀ ਹੱਕਦਾਰ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
**Published by Punjabi Duniya.com LLC**
**(A Division of Media Partners Capital , Inc.)**

**Address :**
**P.O Box 7005 Hicksville New York 11801**
**Phone: 917 612 3158 TelFax : 516 342 1076**
**punjabiduniya@gmail.com, thesouthasianinsider@gmail.com**
**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਫੋਰਬਸ ਮੈਗਜ਼ੀਨ ਦੀ ਸੂਚੀ 'ਚ 5 ਸਭ ਤੋਂ ਅਮੀਰ ਭਾਰਤੀਆਂ ਵਿੱਚੋਂ 4 ਗੁਜਰਾਤੀ



ਨਵੀਂ ਦਿੱਲੀ- ਫੋਰਬਸ ਮੈਗਜ਼ੀਨ ਦੀ ਸਭ ਤੋਂ ਅਮੀਰ ਭਾਰਤੀਆਂ ਦੀ ਸੂਚੀ 'ਚ ਮੁਕੇਸ਼ ਅੰਬਾਨੀ ਲਗਾਤਾਰ 12ਵੇਂ ਸਾਲ ਪਹਿਲੇ ਸਥਾਨ 'ਤੇ ਬਰਕਰਾਰ ਹਨ। ਇਸ ਦੇ ਨਾਲ ਹੀ ਗੌਤਮ ਅਡਾਨੀ ਅੱਠ ਸਥਾਨ ਦੀ ਛਲਾਂਗ ਲਗਾ ਕੇ ਇਸ ਸਾਲ ਦੇਸ਼ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਖਾਸ ਗੱਲ ਇਹ ਹੈ ਕਿ ਸੂਚੀ 'ਚ ਸ਼ਾਮਲ ਪੰਜ ਸਭ ਤੋਂ ਅਮੀਰ ਭਾਰਤੀਆਂ ਵਿਚੋਂ ਚਾਰ ਗੁਜਰਾਤੀ ਹਨ। ਰਿਲਾਇੰਸ ਇੰਡਸਟਰੀਜ਼ ਲਿਮਟਿਡ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ 51.4 ਅਰਬ ਡਾਲਰ(3.5 ਲੱਖ ਕਰੋੜ ਰੁਪਏ) ਹੈ, ਇਸ ਦੇ ਨਾਲ ਹੀ ਗੌਤਮ ਅਡਾਨੀ ਦੀ ਕੁੱਲ ਜਾਇਦਾਦ 15.7 ਅਰਬ ਡਾਲਰ (1.10 ਲੱਖ ਕਰੋੜ ਰੁਪਏ) ਹੈ। ਇਸ ਸਾਲ ਦੀ ਸੂਚੀ 'ਚ 6 ਨਵੇਂ ਉਦਯੋਗਪਤੀਆਂ ਨੇ ਆਪਣੀ ਥਾਂ ਬਣਾਈ ਹੈ। ਇਨ੍ਹਾਂ 'ਚ ਸਿੰਘ ਪਰਿਵਾਰ 41ਵੇਂ ਨੰਬਰ 'ਤੇ ਹੈ ਜਿਨ੍ਹਾਂ ਦੀ ਜਾਇਦਾਦ 3.18 ਕਰੋੜ ਡਾਲਰ ਹੈ। 72ਵੇਂ ਨੰਬਰ 'ਤੇ ਬਾਇਜੂ ਰਵਿੰਦਰਨ 1.91 ਬਿਲੀਅਨ ਡਾਲਰ ਦੇ ਨਾਲ ਮੌਜੂਦ ਹਨ। ਚਾਰੋਂ ਗੁਜਰਾਤੀਆਂ ਦੀ ਕੁੱਲ ਜਾਇਦਾਦ 7 ਲੱਖ ਕਰੋੜ ;100 ਸਭ ਤੋਂ ਅਮੀਰ ਭਾਰਤੀਆਂ ਦੀ ਸੂਚੀ 'ਚ ਸਿਖਰ ਤੇ ਪਹੁੰਚੇ ਚਾਰ ਗੁਜਰਾਤੀਆਂ ਦੀ ਕੁੱਲ ਜਾਇਦਾਦ 96.9 ਅਰਬ ਡਾਲਰ (7 ਲੱਖ ਕਰੋੜ ਰੁਪਏ) ਹੈ। ਮੁਕੇਸ਼ ਅੰਬਾਨੀ ਦੇ ਪਿਤਾ ਗੁਜਰਾਤ ਦੇ ਚੋਰਵਾਡ ਦੇ ਰਹਿਣ ਵਾਲੇ ਸਨ ਜਿਨ੍ਹਾਂ ਨੇ ਰਿਫਾਇਨਰੀ ਤੋਂ ਲੈ ਕੇ ਟੈਲੀਕਾਮ ਦਾ ਵਪਾਰ ਕੀਤਾ। ਮੁਕੇਸ਼ ਅੰਬਾਨੀ ਨੇ ਜੀਓ ਦੇ ਜ਼ਰੀਏ ਟੈਲੀਕਾਮ ਕਾਰੋਬਾਰ ਖੇਤਰ 'ਚ ਕਦਮ ਰੱਖਣ ਦੇ ਬਾਅਦ ਆਪਣੀ ਜਾਇਦਾਦ 'ਚ 28,000 ਕਰੋੜ ਰੁਪਏ ਦਾ ਵਾਧਾ ਕੀਤਾ ਹੈ।

## ਇਹ ਹਨ ਦੇਸ਼ ਦੇ 10 ਟਾਪ ਅਮੀਰ

ਮੁਕੇਸ਼ ਅੰਬਾਨੀ: 5140 ਕਰੋੜ ਡਾਲਰ (ਲਗਭਗ 3.50 ਲੱਖ ਕਰੋੜ ਰੁਪਏ)
ਗੌਤਮ ਅਡਾਨੀ: 1570 ਕਰੋੜ ਡਾਲਰ (ਲਗਭਗ 1.11 ਲੱਖ ਕਰੋੜ ਰੁਪਏ)
ਹਿੰਦੂਜਾ ਬ੍ਰਦਰਜ਼: 1560 ਕਰੋੜ ਡਾਲਰ (ਲਗਭਗ 1.10 ਲੱਖ ਕਰੋੜ ਰੁਪਏ)
ਪੀ ਮਿਸਤਰੀ: 1500 ਕਰੋੜ ਡਾਲਰ (ਲਗਭਗ 1.05 ਲੱਖ ਕਰੋੜ ਰੁਪਏ)
ਉਦੈ ਕੋਟਕ: 1480 ਕਰੋੜ ਡਾਲਰ (ਲਗਭਗ 1.05 ਲੱਖ ਕਰੋੜ ਰੁਪਏ)
ਸ਼ਿਵ ਨਾਦਰ: 1440 ਕਰੋੜ ਡਾਲਰ (ਲਗਭਗ 1.02 ਲੱਖ ਕਰੋੜ ਰੁਪਏ)
ਰਾਧਾਕ੍ਰਿਸ਼ਨਨ ਦਮਾਨੀ: 1430 ਕਰੋੜ ਡਾਲਰ (ਲਗਭਗ 1.01 ਲੱਖ ਕਰੋੜ ਰੁਪਏ)
ਗੋਦਰੇਜ ਪਰਿਵਾਰ: 1200 ਕਰੋੜ ਡਾਲਰ (ਲਗਭਗ 85,200 ਕਰੋੜ ਰੁਪਏ)
ਲਕਸ਼ਮੀ ਮਿੱਤਲ: 1050 ਕਰੋੜ ਡਾਲਰ (ਲਗਭਗ 74,550 ਕਰੋੜ ਰੁਪਏ)
ਕੁਮਾਰ ਮੰਗਲਮ ਬਿਰਲਾ: 960 ਕਰੋੜ ਡਾਲਰ (ਲਗਭਗ 68,160 ਕਰੋੜ ਰੁਪਏ)

# ਹਾਂਗਕਾਂਗ 'ਚ ਪ੍ਰਦਰਸ਼ਨ ਲਈ ਇਕੱਠੇ ਹੋਏ ਹਜ਼ਾਰਾਂ ਪ੍ਰਦਰਸ਼ਨਕਾਰੀ



ਹਾਂਗਕਾਂਗ- ਹਾਂਗਕਾਂਗ 'ਚ ਪ੍ਰਦਰਸ਼ਨਕਾਰੀਆਂ ਦਾ ਮਾਰਚ ਅਜੇ ਵੀ ਜਾਰੀ ਹੈ, ਪਰੰਤੂ ਪਹਿਲਾਂ ਦੀਆਂ ਰੈਲੀਆਂ ਦੀ ਤੁਲਨਾ 'ਚ ਇਸ ਵਾਰ ਰੈਲੀ 'ਚ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਘੱਟ ਦਿਖੀ। ਕੋਵਲੂਨ 'ਚ ਸ਼ਨੀਵਾਰ ਦੁਪਹਿਰੇ ਆਯੋਜਿਤ ਰੈਲੀ 'ਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ ਤੇ ਤੇਜ਼ ਵਰਖਾ ਦੇ ਵਿਚਾਲੇ ਸ਼ਾਂਤੀਪੂਰਨ ਤਰੀਕੇ ਨਾਲ ਨਾਅਰੇਬਾਜ਼ੀ ਕਰਦੇ ਹੋਏ ਮਾਰਚ ਕੱਢਿਆ। ਹਾਂਗਕਾਂਗ ਟਾਪੂ 'ਤੇ ਪੁਲਸ ਮੁਖੀ ਦੇ ਬਾਹਰ ਕਰੀਬ 200 ਲੋਕ ਸ਼ਾਂਤੀਪੂਰਨ ਤਰੀਕੇ ਨਾਲ ਇਕੱਠੇ ਹੋਏ। ਕੁਝ ਲੋਕ ਅਧਿਕਾਰੀਆਂ ਨੂੰ ਗਲਤ ਸ਼ਬਦ ਕਹਿ ਰਹੇ ਸਨ ਪਰੰਤੂ ਉਨ੍ਹਾਂ ਨੇ ਕੋਈ ਦਖਲ ਨਹੀਂ ਦਿੱਤਾ। ਪ੍ਰਦਰਸ਼ਨਕਾਰੀਆਂ 'ਚ ਜ਼ਿਆਦਾਤਰ ਸੇਵਾਮੁਕਤ ਕਰਮਚਾਰੀ ਸਨ। ਚਾਰ ਮਹੀਨੇ ਤੋਂ ਜ਼ਿਆਦਾ ਸਮੇਂ ਦੀ ਅਸ਼ਾਂਤੀ ਦੌਰਾਨ ਭਾਰੀ ਗਿਣਤੀ 'ਚ ਦਿਖੇ ਪ੍ਰਦਰਸ਼ਨਕਾਰੀਆਂ ਦੀ ਤੁਲਨਾ 'ਚ ਇਸ ਵਾਰ ਦੇ ਪ੍ਰਦਰਸ਼ਨ 'ਚ ਲੋਕਾਂ ਦੀ ਗਿਣਤੀ ਘੱਟ ਰਹੀ। ਇਨ੍ਹਾਂ ਪ੍ਰਦਰਸ਼ਨਾਂ ਦੇ ਚੱਲਦੇ ਚੀਨੀ ਅਧਿਕਾਰਿਤ ਇਲਾਕੇ 'ਚ ਵਿਰੋਧ ਪੈਦਾ ਹੋ ਗਿਆ ਸੀ।

## ਲੰਡਨ 'ਚ 'ਸ਼ੁੱਧ ਕੋਕੀਨ' ਦੀ ਖਪਤ ਸੁਣ ਕੇ ਉੱਡ ਜਾਣਗੇ ਹੋਸ਼

# ਰੋਜ਼ਾਨਾ ਹੁੰਦੀ ਹੈ ਪੌਣੇ ਤਿੰਨ ਮਿਲੀਅਨ ਪੌਂਡ ਕੀਮਤ ਦੀ 23 ਕਿਲੋਗ੍ਰਾਮ ਕੋਕੀਨ ਖਪਤ

☛ਸਾਲ 'ਚ 8 ਟਨ ਕੋਕੀਨ ਵਰਤੀ ਜਾਂਦੀ ਹੈ ਲੰਡਨ 'ਚ

☛ਨਸ਼ਿਆਂ ਦੀ ਆਮਦ ਕੇਲਿਆਂ ਜਾਂ ਅਨਾਨਾਸ ਵਰਗੇ ਫਲਾਂ ਦੀ ਆੜ ਹੇਠ ਹੁੰਦੀ ਹੈ



ਲੰਡਨ/ਗਲਾਸਗੋ- ਲੰਡਨ ਸ਼ਹਿਰ ਬਰਤਾਨੀਆ ਦਾ ਸੁਹੱਪਣ ਹੈ, ਸਿਰ ਦਾ ਤਾਜ ਮੰਨਿਆ ਜਾਂਦਾ ਹੈ । ਸਭ ਤੋਂ ਵਧੇਰੇ ਪ੍ਰਸਿੱਧ ਘੁੰਮਣ ਸਥਾਨ ਵਜੋਂ ਜਾਣੇ ਜਾਂਦੇ ਲੰਡਨ ਦਾ ਕਰੂਪ ਚਿਹਰਾ ਦੇਖ ਕੇ ਇੱਕ ਵਾਰ ਤੁਹਾਡੇ ਵੀ ਹੋਸ਼ ਉੱਡ ਜਾਣਗੇ । ਇੱਕ ਸਰਵੇਖਣ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਲੰਡਨ, ਸ਼ੁੱਧ ਕੋਕੀਨ ਨਸ਼ੇ ਦੀ ਖਪਤ ਦੇ ਮਾਮਲੇ ਵਿੱਚ ਬਾਰਸੀਲੋਨਾ, ਐਮਸਟਰਡਮ ਤੇ ਬਰਲਿਨ ਨੂੰ ਵੀ ਪਿੱਛੇ ਛੱਡ ਗਿਆ ਹੈ । ਹਰ ਰੋਜ਼ ਔਸਤਨ 567445 'ਖੁਰਾਕਾਂ' ਦਾ ਸੇਵਨ ਇਕੱਲੇ ਲੰਡਨ ਵਿੱਚ ਹੁੰਦਾ ਹੈ ਜਿਸਦੀ ਬਜ਼ਾਰੂ ਕੀਮਤ ਪੌਣੇ ਤਿੰਨ ਮਿਲੀਅਨ ਪੌਂਡ ਆਂਕੀ ਗਈ ਹੈ । ਕਿੰਗਜ਼ ਕਾਲਜ਼ ਲੰਡਨ ਯੂਨੀਵਰਸਿਟੀ ਦੇ ਫਾਰੈਂਸਿਕ ਵਿਗਿਆਨੀਆਂ ਦਾ ਕਹਿਣਾ ਹੈ ਕਿ ਲੰਡਨ ਵਿੱਚ ਸ਼ੁੱਧ ਕੋਕੀਨ ਦੀ ਖਪਤ 23 ਕਿਲੋਗ੍ਰਾਮ ਹੁੰਦੀ ਹੈ ਜਦੋਂਕਿ ਬਾਰਸੀਲੋਨਾ ਵਿੱਚ 12 ।7 ਕਿਲੋਗ੍ਰਾਮ, ਐਮਸਟਰਡਮ ਵਿੱਚ 4162 ਕਿਲੋਗ੍ਰਾਮ ਅਤੇ ਬਰਲਿਨ 4162 ਕਿਲੋਗ੍ਰਾਮ ਖਪਤ ਹੁੰਦੀ ਹੈ । ਇਸਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਲੰਡਨ ਵਿੱਚ ਸਾਲਾਨਾ 8 ਟਨ ਦੇ ਲਗਭਗ ਕੋਕੀਨ ਦਾ ਸੇਵਨ ਕੀਤਾ ਜਾਂਦਾ ਹੈ, ਜਿਸਦੀ ਬਾਜ਼ਾਰੂ ਕੀਮਤ ਇੱਕ ਬਿਲੀਅਨ ਪੌਂਡ ਤੋਂ ਵਧੇਰੇ ਹੁੰਦੀ ਹੈ । ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਲੰਡਨ ਦੇ ਕੋਕੀਨ ਪੀਣ ਵਾਲੇ ਹੋਰਨਾਂ ਯੂਰਪੀਅਨ ਸ਼ਹਿਰਾਂ ਦੇ ਮੁਕਾਬਲੇ ਹਫਤੇ ਦੇ ਕੰਮ ਵਾਲੇ ਦਿਨਾਂ ਵਿੱਚ ਵਧੇਰੇ ਨਸ਼ਾ ਕਰਦੇ ਹਨ । ਸਰਵੇਖਣ ਮਾਹਿਰਾਂ ਅਨੁਸਾਰ ਲੰਡਨ ਵਿੱਚ ਕੋਕੀਨ ਦੀ ਖਪਤ 2011 ਤੋਂ 2015 ਦੇ ਦਰਮਿਆਨ ਦੁੱਗਣੀ ਹੋ ਗਈ ਸੀ । ਪਰ ਉਸਤੋਂ ਬਾਅਦ ਥੋੜ੍ਹੀ ਜਿਹੀ ਗਿਰਾਵਟ ਆਈ ਹੈ। ਇੱਕ ਬਾਰ ਮਾਲਕ ਦਾ ਕਹਿਣਾ ਹੈ ਕਿ ਨਸ਼ਾ ਕਰਕੇ ਖਰੂਦ ਪਾਉਣ ਵਾਲਿਆਂ 'ਤੇ ਜਾਂ ਉਹਨਾਂ ਦੇ ਕੰਮ ਸਥਾਨ ਅੰਦਰ ਨਸ਼ਾ ਕਰਨ ਵਾਲਿਆਂ ਨੂੰ ਰੋਕਣ ਲਈ ਉਹਨਾਂ ਨੂੰ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰਨੇ ਪੈ ਰਹੇ ਹਨ । ਜਿਸ ਕਰਕੇ ਹੋਰ ਸੁਰੱਖਿਆ ਕਰਮੀ ਰੱਖਣ ਲਈ ਉਹਨਾਂ ਦੀ ਹੀ ਜੇਬ ਹਲਕੀ ਹੋ ਰਹੀ ਹੈ । ਜਿਕਰਯੋਗ ਹੈ ਕਿ ਅਜਿਹੇ ਨਸ਼ਿਆਂ ਦੀ ਆਮਦ ਕੇਲਿਆਂ ਜਾਂ ਅਨਾਨਾਸ ਵਰਗੇ ਫਲਾਂ ਦੀ ਆੜ ਹੇਠ ਹੁੰਦੀ ਦੱਸੀ ਜਾਂਦੀ ਹੈ ।

# ਪੁਲਾੜ 'ਚ ਪਹਿਲਾਂ ਚਹਿਲਕਦਮੀ ਕਰਨ ਵਾਲੇ ਏਲੈਕਸੀ ਲਿਓਨੋਵ ਦਾ ਦੇਹਾਂਤ

ਮਾਸਕ- ਪੁਲਾੜ 'ਚ ਪਹਿਲੀ ਵਾਰ ਚਹਿਲਕਦਮੀ ਕਰਨ ਵਾਲੇ ਰੂਸੀ ਪੁਲਾੜ ਯਾਤਰੀ ਏਲੈਕਸੀ ਨਿਓਨੋਵ ਦਾ ਮਾਸਕੋ 'ਚ ਦੇਹਾਂਤ ਹੋ ਗਿਆ । 85 ਸਾਲਾ ਲਿਓਨੋਵ ਲੰਬੇ ਸਮੇਂ ਤੋਂ ਬਿਮਾਰ ਸਨ । ਰੂਸੀ ਪੁਲਾੜ ਏਜੰਸੀ ਰਾਸਕਾਸਮਾਸ ਨੇ ਇਹ ਜਾਣਕਾਰੀ ਦਿੱਤੀ । ਲਿਓਨੋਵ ਪੁਲਾੜੀ ਯਾਤਰੀ ਤੋਂ ਇਲਾਵਾ ਲੇਖਕ ਤੇ ਕਲਾਕਾਰ ਵੀ ਸਨ । ਉਨ੍ਹਾਂ ਰੂਸ ਦੀ ਹਵਾਈ ਫ਼ੌਜ 'ਚ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਸਨ । ਉਨ੍ਹਾਂ ਨੂੰ ਦੇਸ਼ ਦਾ ਸਰਬ-ਉੱਚ ਸਨਮਾਨ 'ਹੀਰੋ ਆਫ ਦਿ ਸੋਵੀਅਤ ਯੂਨੀਅਨ' ਨਾਲ ਦੋ ਵਾਰ ਸਨਮਾਨਿਤ ਕੀਤਾ ਗਿਆ ਸੀ।



ਲਿਓਨੋਵ ਪੁਲਾੜ 'ਚ ਜਾਣ ਵਾਲੇ ਪਹਿਲੇ ਵਿਅਕਤੀ ਯੂਰੀ ਗਾਗਰਿਨ ਦੇ ਕਰੀਬੀ ਦੋਸਤ ਵੀ ਸਨ । ਗਾਗਰਿਨ 1961 'ਚ ਪੁਲਾੜ 'ਚ ਪਹੁੰਚੇ ਸਨ। ਇਸ ਤੋਂ ਚਾਰ ਸਾਲ ਬਾਅਦ ਮਾਰਚ, 1965 'ਚ ਵਾਸਕੋਦ-2 ਮਿਸ਼ਨ ਤਹਿਤ ਲਿਓਨੋਵ ਤੇ ਉਨ੍ਹਾਂ ਦੇ ਸਾਥੀ ਪਾਵੇਲ ਬੇਲਾਯੇਵ ਪੁਲਾੜ ਰਵਾਨਾ ਹੋਏ ਸਨ ।

## ਮਿਜ਼ਾਈਲਾਂ ਨਾਲ ਕੀਤਾ ਗਿਆ ਹਮਲਾ

# ਸਾਊਦੀ ਅਰਬ ਦੇ ਤੱਟ ਨੇੜੇ ਈਰਾਨ ਦੇ ਤੇਲ ਟੈਂਕਰ 'ਚ ਧਮਾਕਾ

ਤੇਹਰਾਨ- ਲਾਲ ਸਾਗਰ 'ਚ ਈਰਾਨ ਦੇ ਆਇਲ ਟੈਂਕਰ 'ਚ ਧਮਾਕਾ ਹੋਇਆ ਹੈ, ਜਿਸ ਤੋਂ ਬਾਅਦ ਕਾਫ਼ੀ ਮਾਤਰਾ 'ਚ ਤੇਲ ਸਮੁੰਦਰ 'ਚ ਫੈਲ ਗਿਆ । ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਇਕ ਅੱਤਵਾਦੀ ਹਮਲਾ ਸੀ । ਧਮਾਕਾ ਨੈਸ਼ਨਲ ਇਰਾਨੀਅਨ ਆਇਲ ਕੰਪਨੀ ਦੇ ਟੈਂਕਰ 'ਚ



ਵਜ੍ਹਾ ਨਾਲ ਭਾਰੀ ਨੁਕਸਾਨ ਹੋਇਆ ਤੇ ਤੇਲ ਲਾਲ ਸਾਗਰ 'ਚ ਫੈਲ ਗਿਆ । ਈਰਾਨੀ ਰੈਵੋਲੂਸ਼ਨਰੀ ਗਾਰਡ ਕਾਰਪਸ ਦੀ ਕਰੀਬੀ ਮੰਨੀ ਜਾਣ ਵਾਲੀ ਨੂਰ ਨਿਊਜ਼ ਏਜੰਸੀ ਨੇ ਕਿਹਾ ਕਿ ਚਾਲਕ ਦਲ ਸੁਰੱਖਿਅਤ ਸੀ ਤੇ

ਹੋਇਆ ਤੇ ਜਹਾਜ਼ ਅੱਗ ਦੀਆਂ ਲਪਟਾਂ 'ਚ ਘਿਰ ਗਿਆ । ਮੀਡੀਆ ਰਿਪੋਰਟਸ 'ਚ ਦੱਸਿਆ ਜਾ ਰਿਹਾ ਹੈ ਕਿ ਟੈਂਕਰ 'ਤੇ ਦੋ ਮਿਜ਼ਾਈਲਾਂ ਦਾਗੀਆਂ ਗਈਆਂ ਸਨ । ਈਰਾਨ ਦੀ ਨਿਊਜ਼ ਏਜੰਸੀ ਨੇ ਦੱਸਿਆ ਹੈ ਕਿ ਹਾਦਸਾ ਸਾਊਦੀ ਬੰਦਰਗਾਹ ਸ਼ਹਿਰ ਜੱਦਾ ਤੋਂ ਕਰੀਬ 120 ਕਿਲੋਮੀਟਰ ਦੂਰ ਹੋਇਆ । ਧਮਾਕੇ ਦੀ ਇਸ ਹਾਦਸਾਗ੍ਰਸਤ ਜਹਾਜ਼ ਦਾ ਨਾਂ ਸੈਨੀਟਾਈਜ਼ਡ ਦੱਸਿਆ ਜਾ ਰਿਹਾ ਹੈ । ਨਿਊਜ਼ ਏਜੰਸੀ ਨੇ ਦੱਸਿਆ ਕਿ ਸਥਿਤੀ ਕਾਬੂ ਹੇਠ ਹੈ। ਧਮਾਕੇ ਬਾਰੇ ਸਾਊਦੀ ਅਰਬ ਤੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਮਿਲੀ ਹੈ । ਹਾਲਾਂਕਿ, ਹੁਣ ਤਕ ਕਿਸੇ ਨੇ ਵੀ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ ।

# ਨੌਕਰੀ ਸ਼ੁਰੂ ਹੋਣ ਤੋਂ 90 ਦਿਨ ਪਹਿਲਾਂ ਵੀ ਵੀਜ਼ੇ ਲਈ ਕਰ ਸਕਦੇ ਹੋ ਅਪਲਾਈ

ਨਵੀਂ ਦਿੱਲੀ- ਅਮਰੀਕਾ ਸਰਕਾਰ ਨੇ ਦੇਸ਼ ਵਿਚ ਨੌਕਰੀ ਵਾਸਤੇ ਆਉਣ ਵਾਲਿਆਂ ਲਈ ਇਕ ਹੋਰ ਐਡਵਾਈਜ਼ਰੀ ਜਾਰੀ ਕੀਤੀ ਹੈ । ਇਸਨੇ ਆਖਿਆ ਹੈ ਕਿ ਜਿਹੜੇ ਇਥੇ ਨੌਕਰੀ ਵਾਸਤੇ ਆਉਂਦੇ ਹਨ, ਉਹ ਹੁਣ ਆਪਣੀ ਨੌਕਰੀ ਸ਼ੁਰੂ ਹੋਣ ਦੀ ਮਿਤੀ ਤੋਂ 90 ਦਿਨ ਪਹਿਲਾਂ ਵੀ ਵੀਜ਼ੇ ਲਈ ਅਪਲਾਈ ਕਰ ਸਕਦੇ ਹਨ। ਭਾਰਤ ਵਿਚ ਅਮਰੀਕੀ ਸਫਾਰਤਖਾਨੇ ਵੱਲੋਂ ਇਕ ਟਵੀਟ ਵਿਚ ਕਿਹਾ ਗਿਆ, ਤੁਸੀਂ ਅਮਰੀਕਾ 'ਚ ਵਰਕ ਵੀਜ਼ੇ ਲਈ ਅਪਲਾਈ ਕਰ ਰਹੇ ਹੋ ? ਤੁਸੀਂ ਆਪਣੀ ਨੌਕਰੀ ਸ਼ੁਰੂ ਹੋਣ ਦੀ ਮਿਤੀ ਤੋਂ 90 ਦਿਨ ਪਹਿਲਾਂ ਆਪਣੇ ਆਈ-797 ਫਾਰਮ 'ਤੇ ਅਪਲਾਈ ਕਰ ਸਕਦੇ ਹੋ। ਆਈ-797 ਫਾਰਮ ਅਮਰੀਕਾ ਦੇ ਨਾਗਰਿਕਤਾ ਅਤੇ ਇਮੀਗਰੇਸ਼ਨ ਸੇਵਾਵਾਂ (ਯੂ ਐਸ ਸੀ ਆਈ ਐਸ) ਵਿਭਾਗ ਦਾ ਦਸਤਾਵੇਜ਼ ਹੈ ਜੋ ਉਹ ਬਿਨੈਕਾਰਾਂ/ਪਟੀਸ਼ਨਰਾਂ ਨਾਲ ਸੰਚਾਰ ਵਾਸਤੇ ਜਾਂ ਫਿਰ ਉਹਨਾਂ ਨੂੰ ਇਮੀਗਰੇਸ਼ਨ ਦੇ ਲਾਭ ਤੋਂ ਜਾਣੂ ਕਰਵਾਉਣ ਵਾਸਤੇ ਵਰਤਦਾ ਹੈ।




ਅਮਰੀਕਾ ਦਾ ਵਰਕ ਵੀਜ਼ਾ ਭਾਰਤੀ ਨਾਗਰਿਕਾਂ ਵਾਸਤੇ ਅਮਰੀਕਾ ਅਤੇ ਭਾਰਤ ਦਰਮਿਆਨ ਦੁਵੱਲੇ ਸਬੰਧਾਂ ਦਾ ਸਭ ਤੋਂ ਅਹਿਮ ਮੁੱਦਾ ਹੈ। ਐਚ-1 ਬੀ ਵੀਜ਼ੇ ਦੀ ਸਭ ਤੋਂ ਜ਼ਿਆਦਾ ਮੰਗ ਉਚ ਮੁਹਾਰਤ ਵਾਲੇ ਭਾਰਤੀ ਪ੍ਰੋਫੈਸ਼ਨਲਾਂ ਵੱਲੋਂ ਕੀਤੀ ਜਾਂਦੀ ਹੈ। ਇਹ ਨਾਨ ਇਮੀਗਰੈਂਟ ਵੀਜ਼ਾ ਹੈ ਜਿਸ ਰਾਹੀਂ ਅਮਰੀਕੀ ਕੰਪਨੀਆਂ ਵਿਦੇਸ਼ੀ ਵਰਕਰਾਂ ਨੂੰ ਤਕਨੀਕੀ ਮੁਹਾਰਤ ਆਦਿ ਵਾਲੇ ਵਿਸ਼ੇਸ਼ ਕੰਮਾਂ ਵਾਸਤੇ ਰੋਜ਼ਗਾਰ 'ਤੇ ਰੱਖ ਸਕਦੀਆਂ ਹਨ।

# ਕੈਨੇਡਾ ਚੋਣ ਦੰਗਲ: ਚੋਣ ਪ੍ਰਚਾਰ ਦੌਰਾਨ ਟਰੂਡੋ ਨੂੰ ਆਖ਼ਰ ਕਿਉਂ ਪਾਉਣੀ ਪਈ ਬੁਲਿਟ ਪਰੂਫ਼ ਜੈਕੇਟ

ਮਿਸੀਸਾਗਾ- ਕੈਨੇਡਾ 'ਚ ਇਨੀਂ ਦਿਨੀਂ ਫੈਡਰਲ ਚੋਣਾਂ ਨੂੰ ਲੈ ਕੇ ਮਾਹੌਲ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਸਾਰੀਆਂ ਸਿਆਸੀ ਪਾਰਟੀਆਂ ਵਧ-ਚੜ੍ਹ ਕੇ ਚੋਣ ਪ੍ਰਚਾਰ ਕਰ ਰਹੀਆਂ ਹਨ। ਮੁੱਖ ਮੁਕਾਬਲਾ ਲਿਬਰਲ, ਐਨਡੀਪੀ ਤੇ ਕੰਜ਼ਰਵੇਟਿਵ ਵਿਚਾਲੇ ਮੰਨਿਆ ਜਾ ਰਿਹਾ ਹੈ। ਇਸੇ ਦਰਮਿਆਨ ਜਸਟਿਨ ਟਰੂਡੋ ਦਾ ਚੋਣ ਪ੍ਰਚਾਰ ਦੌਰਾਨ ਬੁਲੇਟ ਪਰੂਫ਼ ਜੈਕੇਟ ਪਾਉਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦਰਅਸਲ ਲਿਬਰਲ ਪਾਰਟੀ ਦੇ ਪੀਐਮ ਅਹੁਦੇ ਦੇ ਉਮੀਦਵਾਰ ਜਸਟਿਨ ਟਰੂਡੋ ਨੇ ਸਕਿਉਰਟੀ ਥਰੈਟ ਦੇ ਚੱਲਦਿਆਂ ਸ਼ਨੀਵਾਰ ਮਿਸੀਸਾਗਾ 'ਚ ਕਰੀਬ 2000 ਸਮਰਥਕਾਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਬੁਲਿਟ ਪਰੂਫ਼ ਜੈਕੇਟ ਪਹਿਨੀ ਸੀ। ਇਸ ਦੌਰਾਨ ਟਰੂਡੋ ਦੇ ਇਰਦ ਗਿਰਦ ਵੀ ਹਾਈ ਸਕਿਓਰਟੀ ਦਾ ਘੇਰਾ ਸੀ। ਮੀਡੀਆ ਰਿਪੋਰਟਾਂ ਮੁਤਾਬਕ ਟਰੂਡੋ ਇਸ ਰੈਲੀ ਲਈ ਕਰੀਬ ਡੇਢ ਘੰਟਾ ਲੇਟ ਹੋਏ ਤੇ ਜਿਵੇਂ ਹੀ ਉਹ ਸਟੇਜ 'ਤੇ ਆਏ, ਸਿਕਿਓਰਟੀ ਕਾਫੀ ਟਾਈਟ ਹੋ ਗਈ ਸੀ। ਚੋਣ ਮੁਹਿੰਮ ਦੌਰਾਨ ਕਿਸੇ ਤਰ੍ਹਾਂ ਦੀ ਅਹਿੰਸਾ ਨਾ ਹੋਵੇ, ਇਸੇ ਡਰ ਕਾਰਨ ਜਸਟਿਨ ਟਰੂਡੋ ਦੁਆਲੇ ਸੁਰੱਖਿਆ ਦਾ ਘੇਰਾ ਸਖ਼ਤ ਕੀਤਾ ਗਿਆ ਹੈ। ਜਸਟਿਨ ਟਰੂਡੋ ਵੱਲੋਂ ਇਸ ਤਰ੍ਹਾਂ ਬੁਲਿਟ ਪਰੂਫ਼ ਜੈਕੇਟ ਪਾਉਣ 'ਤੇ ਉਨ੍ਹਾਂ ਦੇ ਵਿਰੋਧੀਆਂ ਨੇ ਚਿੰਤਾ ਜ਼ਾਹਰ ਕੀਤੀ ਹੈ। ਐਨਡੀਪੀ ਪਾਰਟੀ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਜਗਮੀਤ ਸਿੰਘ ਨੇ ਟਵੀਟ ਕਰਦਿਆਂ ਲਿਖਿਆ ਕਿ ਜਸਟਿਨ ਟਰੂਡੋ ਜਾਂ ਕਿਸੇ ਵੀ ਸਿਆਸੀ ਲੀਡਰ ਲਈ ਕੋਈ ਵੀ ਖਤਰਾ ਸਾਡੇ ਸਾਰਿਆਂ ਲਈ ਪਰੇਸ਼ਾਨੀ ਹੈ। ਇਹ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਕਿਸਨੂੰ ਵੋਟ ਪਾਉਂਦੇ ਹੋ ਜਾਂ ਕਿਸ 'ਚ ਵਿਸ਼ਵਾਸ ਰੱਖਦੇ ਹੋ, ਪਰ ਕਿਸੇ ਨੂੰ ਵੀ ਖਤਰੇ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ।



ਜਗਮੀਤ ਸਿੰਘ ਤੋਂ ਇਲਾਵਾ ਟਰੂਡੋ ਦੇ ਵਿਰੋਧੀ ਤੇ ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਐਂਡਰੀਉ ਸ਼ੀਅਰ ਨੇ ਵੀ ਇਸ ਗੱਲ 'ਤੇ ਫਿਕਰ ਜਤਾਉਂਦਿਆਂ ਟਵੀਟ ਕੀਤਾ ਹੈ। ਜਸਟਿਨ ਟਰੂਡੋ ਵੱਲੋਂ ਚੋਣ ਮੁਹਿੰਮ ਦੌਰਾਨ ਬੁਲਿਟ ਪਰੂਫ਼ ਜੈਕੇਟ ਪਾਉਣਾ ਕਾਫੀ ਪਰੇਸ਼ਾਨ ਕਰਨ ਵਾਲਾ ਮਸਲਾ ਹੈ। ਸਿਆਸੀ ਲੀਡਰਾਂ ਨੂੰ ਖਤਰੇ ਦੀ ਸਾਡੇ ਲੋਕਤੰਤਰ 'ਚ ਕੋਈ ਥਾਂ ਨਹੀਂ ਹੈ।

## ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ 'ਤੇ ਚੱਲੇਗਾ ਭ੍ਰਿਸ਼ਟਾਚਾਰ ਦਾ ਮੁਕੱਦਮਾ



ਕੈਪਟਾਊਨ,-: ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਜੈਕਬ ਜ਼ੂਮਾ ਭ੍ਰਿਸ਼ਟਾਚਾਰ ਦੇ ਮੁਕੱਦਮੇ ਦਾ ਸਾਹਮਣਾ ਕਰਨਗੇ । ਇਕ ਅਦਾਲਤ ਨੇ ਸ਼ੁੱਕਰਵਾਰ ਨੂੰ ਇਸਤਗਾਸਾ ਪੱਖ 'ਤੇ ਸਥਾਈ ਰੋਕ ਦੀ ਉਨ੍ਹਾਂ ਦੀ ਪਟੀਸ਼ਨ ਖਾਰਿਜ ਕਰਦਿਆਂ ਮੁਕੱਦਮਾ ਚਲਾਉਣ ਦਾ ਆਦੇਸ਼ ਦਿੱਤਾ । ਫਰਾਂਸ ਦੀ ਰੱਖਿਆ ਕੰਪਨੀ ਥੇਲਸ ਤੋਂ 1990 ਵਿਚ ਰਿਸ਼ਵਤ ਲੈਣ ਦੇ ਦੋਸ਼ੀ ਜ਼ੂਮਾ ਨੇ ਮਾਮਲੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦਿਆਂ ਮਾਰਚ ਵਿਚ ਇਸ ਨੂੰ ਸਥਾਈ ਤੌਰ 'ਤੇ ਬੰਦ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਸਾਲਾਂ ਪੁਰਾਣੇ ਇਸ ਮਾਮਲੇ ਦੀ ਸਹੀ ਸੁਣਵਾਈ ਨਹੀਂ ਹੋ ਸਕੇਗੀ । ਹਾਈ ਕੋਰਟ ਦੇ ਜੱਜ ਵਿਲੀ ਸੇਰਿਤੀ ਵੱਲੋਂ ਜ਼ੂਮਾ ਦੀ ਅਪੀਲ ਖਾਰਿਜ ਕਰਨ ਦੇ ਬਾਅਦ ਹੁਣ ਮੰਗਲਵਾਰ ਨੂੰ ਮੁਕੱਦਮਾ ਸ਼ੁਰੂ ਹੋਣ ਦੀ ਸੰਭਾਵਨਾ ਹੈ। ਜ਼ੂਮਾ (77) ਵਿਰੁੱਧ ਦੋਸ਼ 2005 ਵਿਚ ਪਹਿਲੀ ਵਾਰ ਸਾਹਮਣੇ ਆਏ ਸਨ ਪਰ ਇਸਤਗਾਸਾ ਪੱਖ ਨੇ 2009 ਵਿਚ ਉਨ੍ਹਾਂ ਦੇ ਰਾਸ਼ਟਰਪਤੀ ਬਣਨ ਦੇ ਕੁਝ ਹੀ ਸਮੇਂ ਬਾਅਦ ਉਨ੍ਹਾਂ ਨੂੰ ਹਟਾ ਦਿੱਤਾ। ਇਸ ਮਗਰੋਂ 2016 ਵਿਚ ਮੁੜ ਉਨ੍ਹਾਂ 'ਤੇ ਇਹ ਦੋਸ਼ ਲੱਗੇ।

## ਪਿਆਜ਼ ਤੇ ਟਮਾਟਰਾਂ ਨੇ ਹਿਲਾਇਆ ਰਸੋਈ ਦਾ ਬਜਟ, ਕੀਮਤਾਂ 'ਚ ਲਗਾਤਾਰ ਵਾਧਾ

ਨਵੀਂ ਦਿੱਲੀ- ਆਰਥਿਕ ਮੰਦੀ 'ਚ ਮਹਿੰਗਾਈ ਨੇ ਵੀ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ। ਰਾਜਧਾਨੀ ਦਿੱਲੀ ਸਣੇ ਪੂਰੇ ਉੱਤਰ ਭਾਰਤ 'ਚ ਪਿਆਜ਼ ਦੀ ਕੀਮਤਾਂ ਨੇ ਲੋਕਾਂ ਨੂੰ ਰੁਲਾਇਆ ਹੋਇਆ ਹੈ ਤਾਂ ਹੁਣ ਟਮਾਟਰ ਦੀ ਕੀਮਤਾਂ ਨੇ ਵੀ ਜਨਤਾ ਦੇ ਹੋਸ਼ ਉੱਡਾ ਦਿੱਤੇ ਹਨ। ਕੁਝ ਦਿਨ ਪਹਿਲਾਂ ਤਕ ਟਮਾਟਰ ਦੀ ਕੀਮਤਾਂ 30-40 ਰੁਪਏ ਪ੍ਰਤੀ ਕਿਲੋ ਸੀ ਜੋ ਹੁਣ 80 ਰੁਪਏ ਪ੍ਰਤੀ ਕਿਲੋ ਤਕ ਪਹੁੰਚ ਗਈ ਹੈ। ਉਧਰ ਗੰਢਿਆਂ ਦੀ ਕੀਮਤਾਂ 50-60 ਰੁਪਏ ਪ੍ਰਤੀ ਕਿੱਲੋ ਹੋ ਗਈ ਹੈ। ਪਿਆਜ਼ ਮੰਡੀ ਦੇ ਅੰਦਰ 30-40 ਰੁਪਏ ਕਿਲੋ ਤਕ ਪਹੁੰਚ ਗਿਆ ਹੈ। ਜਿਸਦਾ ਸਿੱਧਾ ਅਸਰ ਆਮ ਜਨਤਾ ਦੀ ਜੇਬ੍ਹ 'ਤੇ ਪੈ ਰਿਹਾ ਹੈ। ਆਦਾਜ਼ਪੁਰ ਮੰਡੀ 'ਚ ਥੋਕ ਦੇ ਭਾਅ 'ਚ ਪਿਆਜ਼ 30-40 ਰੁਪਏ ਕਿੱਲੋ ਵਿਕ ਰਿਹਾ ਹੈ। ਉੱਧਰ ਪਰਚੂਨ ਬਾਜ਼ਾਰ 'ਚ ਪਿਆਜ਼ 50-60 ਰੁਪਏ ਪ੍ਰਤੀ ਕਿਲੋ ਤਕ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਟਮਾਟਰ ਵੀ ਪਿਆਜ਼ ਤੋਂ ਅੱਗੇ ਨਿਕਲ ਗਿਆ ਹੈ। ਮੰਡੀ 'ਚ ਟਮਾਟਰ 50-55 ਰੁਪਏ ਪ੍ਰਤੀ ਕਿਲੋ ਮਿਲ ਰਿਹਾ ਹੈ ਅਤੇ ਲੋਕਾਂ ਦੇ ਘਰਾਂ ਤਕ ਪਹੁੰਚਦੇ-ਪਹੁੰਚਦੇ ਇਸ ਦੀ ਕੀਮਤ 70-80 ਰੁਪਏ ਪ੍ਰਤੀ ਕਿਲੋ ਤਕ ਪਹੁੰਚ ਜਾਂਦੀ ਹੈ।

## ਪੋਪ ਫ੍ਰਾਂਸਿਸ ਨੇ ਭਾਰਤੀ ਨਨ ਮਰਿਮਮ ਥ੍ਰੇਸੀਆ ਨੂੰ ਐਲਾਨਿਆ ਸੰਤ

ਵੈਟੀਕਨ ਸਿਟੀ - ਪੋਪ ਫ੍ਰਾਂਸਿਸ ਨੇ ਭਾਰਤੀ ਨਨ ਮਰਿਅਮ ਥ੍ਰੇਸੀਆ ਨੂੰ ਵੈਟੀਕਨ ਸਿਟੀ ਵਿਚ ਅੱਜ ਮਤਲਬ ਐਤਵਾਰ ਨੂੰ ਆਯੋਜਿਤ ਇਕ ਪ੍ਰੋਗਰਾਮ ਵਿਚ ਸੰਤ ਐਲਾਨਿਆ । ਇਸ ਪ੍ਰੋਗਰਾਮ ਵਿਚ ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਵੀ ਸ਼ਾਮਲ ਹੋਏ। ਮਈ 2014 ਵਿਚ 'ਕੌਨਗ੍ਰੀਗੇਸ਼ਨ ਆਫ ਦੀ ਸਿਸਟਰਜ਼ ਆਫ ਦੀ ਹੋਲੀ ਫੈਮਿਲੀ' (ਸੀ.ਐੱਚ.ਐੱਫ.) ਦੀ ਸੰਸਥਾਪਕ ਮਰਿਅਮ ਥ੍ਰੇਸੀਆ ਨੂੰ ਰੋਮ ਦੇ ਸੈਂਟ ਪੀਟਰਸਬਰਗ ਸਕਵਾਇਰ ਵਿਚ ਪਵਿੱਤਰ 'ਯੂਕੇਰਿਸਟਿਕ ਸੈਲੀਬ੍ਰੇਸ਼ਨ' ਸਮਾਰੋਹ ਦੌਰਾਨ ਸੰਤ ਐਲਾਨਿਆ ਗਿਆ । ਕੇਰਲ ਦੀ ਨਨ ਦੇ ਨਾਲ ਹੀ ਬ੍ਰਿਟਿਸ਼ ਕਾਰਡੀਨਲ ਜੌਨ ਹੇਨਰੀ ਨਿਊਮੈਨ, ਸਵਿਸ ਲੇਵੀਮੇਨ ਮਾਰਗਰੇਟ ਬੇਜ, ਬ੍ਰਾਜ਼ੀਲ ਦੀ ਸਿਸਟਰ ਡੁਲਜ਼ ਲੋਪਸ ਅਤੇ ਇਤਾਲਵੀ ਸਿਸਟਰ ਗਿਸੇਪਿਨਾ ਵਾਨੀਨਿ ਨੂੰ ਵੀ ਸੰਤ ਦੀ ਉਪਾਧੀ ਨਾਲ ਨਿਵਾਜਿਆ ਗਿਆ । ਉਹ ਇਸ ਸਦੀਆਂ ਪੁਰਾਣੀ ਸੰਸਥਾ ਵਿਚ ਉੱਚੇ ਅਹੁਦੇ ਤੱਕ ਪਹੁੰਚਣ ਵਾਲੀ ਕੇਰਲ ਦੀ ਚੌਥੀ ਵਿਅਕਤੀ ਬਣ ਗਈ ਹੈ ।

## ਦੇਸ਼ 'ਚ ਵਧੀ ਕਰੋੜਪਤੀਆਂ ਦੀ ਗਿਣਤੀ, ਟੈਕਸ ਰਿਟਰਨ ਅੰਕੜਿਆਂ 'ਚ ਹੋਇਆ ਖੁਲਾਸਾ

ਨਵੀਂ ਦਿੱਲੀ- ਅਸੇਸਮੈਂਟ ਈਅਰ 2018-19 'ਚ ਕਰੋੜਪਤੀ ਕਰਦਾਤਾਵਾਂ ਦੀ ਗਿਣਤੀ 'ਚ 20 ਫੀਸਦ ਦਾ ਵਾਧਾ ਹੋਇਆ ਹੈ। ਇਹ ਗਿਣਤੀ ਹੁਣ ਵਧਕੇ 97,687 'ਤੇ ਪਹੁੰਚ ਗਈ ਹੈ। ਇਨਕਮ ਟੈਕਸ ਵਿਭਾਗ ਵੱਲੋਂ ਜਾਰੀ ਟੈਕਸ ਰਿਟਰਨ ਅੰਕੜਿਆਂ 'ਚ ਇਹ ਜਾਣਕਾਰੀ ਮਿਲੀ ਹੈ। ਅਸੇਸਮੈਂਟ ਈਅਰ 2017-18 'ਚ ਇੱਕ ਕਰੋੜ ਰੁਪਏ ਤੋਂ ਜ਼ਿਆਦਾ ਦੀ ਟੈਕਸਯੋਗ ਆਮਦਨ ਵਾਲੇ ਟੈਕਸ ਦੇਣ ਵਾਲਿਆਂ ਦੀ ਗਿਣਤੀ 81,344 ਸੀ। ਕੇਂਦਰੀ ਸਿੱਧੇ ਕਰ ਬੋਰਡ (ਸੀਬੀਡੀਟੀ) ਨੇ ਵਿੱਤੀ ਸਾਲ 2018-19 ਦੇ ਅਪਡੇਟ ਅੰਕੜੇ ਅਤੇ ਮੁਲਾਂਕਣ ਸਾਲ 2018-19 (ਵਿੱਤੀ ਸਾਲ 2017-18) ਦੇ ਨਿਯਮਤ ਅੰਤਰਾਲਾਂ 'ਤੇ ਆਮਦਨੀ ਵੰਡ ਦੇ ਅੰਕੜੇ ਜਾਰੀ ਕੀਤੇ ਹਨ। ਇਨ੍ਹਾਂ ਅੰਕੜਿਆਂ 'ਚ ਕੰਪਨੀਆਂ, ਫਰਮਾਂ, ਹਿੰਦੂ ਅਣਵੰਡੇ ਪਰਿਵਾਰ ਅਤੇ ਵਿਅਕਤੀਗਤ ਲੋਕਾਂ ਦੀ ਆਮਦਨੀ ਵੰਡ ਦੱਸੀ ਜਾਂਦੀ ਹੈ।




ਜੇ ਸਾਰੇ ਟੈਕਸਦਾਤਾਵਾਂ ਨੂੰ ਇਸ 'ਚ ਸ਼ਾਮਲ ਕੀਤਾ ਜਾਵੇ ਤਾਂ ਇੱਕ ਕਰੋੜ ਰੁਪਏ ਤੋਂ ਵੱਧ ਦੀ ਸਾਲਾਨਾ ਟੈਕਸ ਆਮਦਨੀ ਵਾਲੇ ਲੋਕਾਂ ਦੀ ਗਿਣਤੀ 1.67 ਲੱਖ ਹੈ। ਇਹ ਮੁਲਾਂਕਣ ਸਾਲ 2017-18 ਦੇ ਨਾਲੋਂ 19 ਫੀਸਦੀ ਵਧੇਰੇ ਹੈ। ਅੰਕੜਿਆਂ ਅਨੁਸਾਰ 15 ਅਗਸਤ, 2019 ਤੱਕ ਕੁੱਲ 5.87 ਕਰੋੜ ਆਮਦਨ ਟੈਕਸ ਰਿਟਰਨ ਦਾਖਲ ਹੋਏ। ਅੰਕੜਿਆਂ ਅਨੁਸਾਰ 5.52 ਕਰੋੜ ਤੋਂ ਵੱਧ ਵਿਅਕਤੀਗਤ ਲੋਕ, 11.13 ਲੱਖ ਹਿੰਦੂ ਅਵਿਸ਼ਵਾਸੀ ਪਰਿਵਾਰ, 12.69 ਲੱਖ ਫਰਮਾਂ ਤੇ 8.41 ਲੱਖ ਕੰਪਨੀਆਂ ਨੇ ਰਿਟਰਨ ਦਾਖਲ ਕੀਤੀ ਹੈ।

### ਆਰ.ਬੀ.ਆਈ.ਨੇ ਕੀਤਾ ਖ਼ੁਲਾਸਾ

# ਮੋਦੀ ਦੀ ਨੋਟਬੰਦੀ ਮਗਰੋਂ 2000 ਦਾ ਨੋਟ ਵੀ ਮੁੱਧੇ-ਮੂੰਹ ਡਿੱਗਾ

ਨਵੀਂ ਦਿੱਲੀ-ਰਿਜ਼ਰਵ ਬੈਂਕ ਆਫ ਇੰਡੀਆ ਨੇ 2000 ਰੁਪਏ ਦੇ ਨੋਟਾਂ ਦੀ ਛਪਾਈ ਬੰਦ ਕਰ ਦਿੱਤੀ ਹੈ। ਆਰ.ਬੀ.ਆਈ. ਨੇ ਇਸ ਵਿੱਤੀ ਵਰ੍ਹੇ ਵਿੱਚ ਇੱਕ ਵੀ 2000 ਰੁਪਏ ਦਾ ਨੋਟ ਨਹੀਂ ਛਾਪਿਆ। 'ਦ ਨਿਊ ਇੰਡੀਅਨ ਐਕਸਪ੍ਰੈੱਸ' ਨੇ ਸੂਚਨਾ ਦੇ ਅਧਿਕਾਰ ਦਾ ਹਵਾਲਾ ਦਿੰਦਿਆਂ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਆਰ.ਬੀ.ਆਈ. ਨੇ ਕਿਹਾ ਕਿ ਸਾਲ 2016-17 ਵਿੱਤੀ ਵਰ੍ਹੇ ਦੌਰਾਨ 3,542.991 ਮਿਲੀਅਨ ਨੋਟ ਛਾਪੇ ਗਏ ਸੀ। ਅਗਲੇ ਸਾਲ ਇਹ 111.507 ਮਿਲੀਅਨ ਨੋਟਾਂ ਤੇ ਸਿਮਟ ਗਿਆ। ਬੈਂਕ ਨੇ 2018-19 ਵਿੱਚ 46.690 ਮਿਲੀਅਨ ਨੋਟ ਛਾਪੇ। ਆਰ.ਬੀ.ਆਈ. ਦਾ ਜਵਾਬ ਅਜਿਹੇ ਸਮੇਂ ਆਇਆ ਹੈ ਜਦੋਂ ਰਾਸ਼ਟਰੀ ਜਾਂਚ ਏਜੰਸੀ ਨੇ ਕਿਹਾ ਹੈ ਕਿ ਉੱਚ ਗੁਣਵੱਤਾ ਵਾਲੇ ਜਾਅਲੀ ਨੋਟ ਵੱਧ ਰਹੇ ਹਨ। ਇੱਕ ਰਿਪੋਰਟ ਦੇ ਮੁਤਾਬਕ ਐਨਆਈਏ ਦੇ ਇੰਸਪੈਕਟਰ ਜਨਰਲ ਆਲੋਕ ਮਿੱਤਲ ਨੇ ਕਿਹਾ ਕਿ ਪਾਕਿਸਤਾਨ ਵਿੱਚ ਉੱਚ ਪੱਧਰੀ ਜਾਅਲੀ ਨੋਟ ਛਾਪੇ ਜਾ ਰਹੇ ਹਨ। ਦੂਜੇ ਪਾਸੇ ਬੰਗਲਾਦੇਸ਼ ਘੱਟ ਕੁਆਲਿਟੀ ਦੇ ਨਕਲੀ ਨੋਟਾਂ ਦਾ ਸਰੋਤ ਬਣ ਕੇ ਸਾਹਮਣੇ ਆਇਆ ਹੈ। ਮਾਰਚ 2018 ਤੱਕ ਇੱਥੇ 2000 ਰੁਪਏ ਦੇ 3,363 ਮਿਲੀਅਨ ਨੋਟ ਚੱਲ ਰਹੇ ਸੀ, ਜੋ ਕੁੱਲ ਮੁਦਰਾ ਦਾ 3.3 ਫੀਸਦੀ ਹੈ। 2019 ਤਕ ਇਹ ਘੱਟ ਕੇ 3,291 ਮਿਲੀਅਨ ਰਹਿ ਗਈ ਹੈ। ਇਕ ਤਾਜ਼ਾ ਰਿਪੋਰਟ ਵਿੱਚ ਇਹ ਕਿਹਾ ਗਿਆ ਸੀ ਕਿ 2,000 ਰੁਪਏ ਦੇ ਨੋਟਾਂ ਦੀ ਛਪਾਈ ਵਿੱਚ ਕਾਫੀ ਕਮੀ ਆਈ ਹੈ ਤੇ 2,000 ਰੁਪਏ ਦੇ ਨੋਟਾਂ ਦੀ ਛਪਾਈ ਨੂੰ ਘੱਟ ਕਰਨ ਤੱਕ ਸੀਮਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮਾਹਰਾਂ ਨੇ ਕਿਹਾ ਕਿ ਘੱਟ ਮੁੱਲ ਦੇ 2 ਹਜ਼ਾਰ ਰੁਪਏ ਦੇ ਨੋਟ ਛਾਪਣ ਦੇ ਇਸ ਕਦਮ ਨੂੰ ਉੱਚ ਮੁੱਲ ਵਾਲੀ ਮੁਦਰਾ ਦੀ ਜਮਾਖੋਰੀ ਨੂੰ ਰੋਕਣ ਤੇ ਕਾਲੇ ਧਨ 'ਤੇ ਲਗਾਮ ਲਾਉਣ ਵਜੋਂ ਦੇਖਿਆ ਜਾਂਦਾ ਹੈ। ਉੱਚ ਮੁੱਲ ਦੇ ਨੋਟਾਂ ਨੂੰ ਚੱਲਣ ਵਿੱਚੋਂ ਹਟਾਉਣ ਕਾਰਨ ਬਹੁਤ ਸਾਰੇ ਕਾਲੇ ਧਨ ਦਾ ਲੈਣ-ਦੇਣ ਕਰਨਾ ਮੁਸ਼ਕਲ ਹੋ ਜਾਂਦਾ ਹੈ। ਜਨਵਰੀ ਵਿੱਚ ਆਂਧਰਾ ਪ੍ਰਦੇਸ਼-ਤਾਮਿਲਨਾਡੂ ਸਰਹੱਦ ਤੋਂ 2 ਹਜ਼ਾਰ ਦੇ ਨੋਟਾਂ ਵਿੱਚ 6 ਕਰੋੜ ਰੁਪਏ ਬੇਹਿਸਾਬੀ ਨਕਦੀ ਜ਼ਬਤ ਕੀਤੀ ਗਈ ਸੀ। ਸਰਕਾਰ ਨੇ ਜੂਨ ਵਿੱਚ ਲੋਕ ਸਭਾ ਨੂੰ ਦੱਸਿਆ ਸੀ ਕਿ ਪਿਛਲੇ ਤਿੰਨ ਸਾਲਾਂ ਵਿੱਚ 50 ਕਰੋੜ ਰੁਪਏ ਤੋਂ ਵੱਧ ਦੇ ਜਾਅਲੀ ਨੋਟ ਜ਼ਬਤ ਕੀਤੇ ਗਏ ਹਨ। ਅਗਸਤ ਵਿੱਚ ਆਰ.ਬੀ.ਆਈ. ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਸੀ ਕਿ ਵਿੱਤੀ ਸਾਲ 2017-18 ਵਿੱਚ ਬੈਂਕਿੰਗ ਪ੍ਰਣਾਲੀ ਵਿੱਚ 2000 ਰੁਪਏ ਦੇ ਜਾਅਲੀ ਨੋਟਾਂ ਵਿੱਚ ਭਾਰੀ ਵਾਧਾ ਹੋਇਆ ਸੀ।



## ਆਸਕਰ ਜੇਤੂ ਰਾਬਰਡ ਡੀ ਨੀਰੋ ਨੇ ਡੋਨਾਲਡ ਟਰੰਪ ਨੂੰ ਦੱਸਿਆ

ਵਾਸ਼ਿੰਗਟਨ- ਆਸਕਰ ਜੇਤੂ ਅਤੇ ਜੋਕਰ ਜਿਹੀ ਲੋਕਪ੍ਰਸਿੱਧ ਫਿਲਮਾਂ 'ਚ ਕੰਮ ਕਰਨ ਵਾਲੇ ਅਮਰੀਕੀ ਅਭਿਨੇਤਾ ਅਤੇ ਫਿਲਮ ਡਾਇਰੈਕਟਰ ਰਾਬਰਟ ਡੀ ਨੀਰੋ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਗੈਂਗਸਟਰ ਦੱਸਿਆ ਹੈ। ਉਨ੍ਹਾਂ ਆਖਿਆ ਕਿ ਟਰੰਪ ਆਪਣੇ ਫਾਇਦੇ ਲਈ ਸੰਸਥਾਨਾਂ ਨੂੰ ਨੁਕਸਾਨ ਪਹੁੰਚ ਰਹੇ ਹਨ। ਉਹ ਆਪਣੀ ਨਵੀਂ ਫਿਲਮ ਦੇ ਪ੍ਰੀਮੀਅਰ ਲਈ ਇਕ ਪ੍ਰੋਗਰਾਮ 'ਚ ਪਹੁੰਚੇ ਸਨ। ਉਨ੍ਹਾਂ ਆਖਿਆ ਕਿ ਸਾਡੇ ਕੋਲ ਇਕ ਗੈਂਗਸਟਰ ਰਾਸ਼ਟਰਪਤੀ ਹੈ ਜੋ ਸੋਚਦਾ ਹੈ ਕਿ ਉਹ ਜੋ ਚਾਹੇਗਾ ਕਰ ਲਵੇਗਾ। ਦਿੱਕਤ ਇਹ ਹੈ ਕਿ ਜੇਕਰ ਉਹ ਇਹੀ ਕਰਦਾ ਰਿਹਾ ਤਾਂ ਲੋਕਾਂ ਲਈ ਵੱਡੀ ਸਮੱਸਿਆ ਖੜ੍ਹੀ ਹੋ ਜਾਵੇਗੀ। ਜੋ ਲਕ ਉਨ੍ਹਾਂ ਦੀ ਤਰੀਫ ਕਰਦੇ ਹਨ, ਉਹ ਹੋਰ ਵੀ ਖਤਰਨਾਕ ਹਨ। ਰਾਬਰਡ ਨੇ ਆਖਿਆ ਕਿ ਉਨ੍ਹਾਂ ਨੂੰ ਟਰੰਪ ਦੇ ਜੇਲ ਜਾਣ ਦਾ ਇੰਤਜ਼ਾਰ ਹੈ। 'ਦਿ ਗਾਰਡੀਅਨ' ਦੇ ਪ੍ਰੋਗਰਾਮ 'ਚ ਰਾਬਰਟ ਨੇ ਆਖਿਆ ਕਿ ਇਹ ਉਨ੍ਹਾਂ ਲੋਕਾਂ ਲਈ ਵੀ ਬਦ-ਕਿਸਮਤੀ ਹੈ ਜੋ ਮੀਡੀਆ 'ਚ ਟਰੰਪ ਦੀ ਨਿੰਦਾ ਕਰਦੇ ਹਨ। ਟਰੰਪ ਤੁਰੰਤ ਕਹਿ ਦਿੰਦੇ ਹਨ ਕਿ ਅਸੀਂ ਤੁਹਾਨੂੰ ਦੇਖ ਲਵਾਂਗੇ।



# ਪੁਰਾਣੇ ਵਾਹਨਾਂ ਦੇ ਨਿਬੇੜੇ ਲਈ ਨੀਤੀ ਆਏਗੀ ਦੀਵਾਲੀ ਤੋਂ ਪਹਿਲਾਂ



ਨਵੀਂ ਦਿੱਲੀ-ਵਾਹਨ ਖੇਤਰਾਂ ਵਿੱਚ ਜਾਰੀ ਸੁਸਤੀ ਦੂਰ ਕਰਨ ਤੇ ਪੁਰਾਣੇ ਵਾਹਨਾਂ ਦੇ ਨਿਬੇੜੇ (ਸਕ੍ਰੈਪੇਜ ਪਾਲਿਸੀ) ਲਈ ਸਰਕਾਰ ਨੇ ਤਿਆਰੀ ਤੇਜ਼ ਕਰ ਦਿੱਤੀ ਹੈ। ਸੂਤਰਾਂ ਰਾਹੀਂ ਮਿਲੀ ਜਾਣਕਾਰੀ ਮੁਤਾਬਕ ਸਰਕਾਰ ਦੀਵਾਲੀ ਤੋਂ ਪਹਿਲਾਂ ਹੀ ਸਕ੍ਰੈਪੇਜ ਪਾਲਿਸੀ ਦਾ ਖਰੜਾ ਜਾਰੀ ਕਰ ਸਕਦੀ ਹੈ। ਇਸ ਨਵੀਂ ਵਿਵਸਥਾ ਅਧੀਨ 15 ਸਾਲਾਂ ਤੋਂ ਵੱਧ ਪੁਰਾਣੇ ਵਾਹਨਾਂ ਦੀ ਰਜਿਸਟ੍ਰੇਸ਼ਨ ਮਹਿੰਗੀ ਕੀਤੀ ਜਾਵੇਗੀ, ਤਾਂ ਜੋ ਲੋਕ ਪੁਰਾਣੀਆਂ ਗੱਡੀਆਂ ਨੂੰ ਇਸ ਨੀਤੀ ਅਧੀਨ ਵੇਚ ਕੇ ਨਵੀਂਆਂ ਗੱਡੀਆਂ ਖ਼ਰੀਦਣ। ਸੂਤਰਾਂ ਮੁਤਾਬਕ ਦੇਸ਼ ਭਰ ਵਿੱਚ ਸਕ੍ਰੈਪੇਜ ਸੈਂਟਰ ਬਣਾਉਣ ਨੂੰ ਲੈ ਕੇ ਟਰਾਂਸਪੋਰਟ ਮੰਤਰਾਲੇ ਦੀ ਵਾਤਾਵਰਣ ਤੇ ਸਟੀਲ ਮੰਤਰਾਲਿਆਂ ਨਾਲ ਚਰਚਾ ਹੋ ਰਹੀ ਹੈ। ਇਸ ਤੋਂ ਬਾਅਦ ਇਨ੍ਹਾਂ ਸੈਂਟਰਾਂ ਬਾਰੇ ਦਿਸ਼ਾ-ਨਿਰਦੇਸ਼ ਤੈਅ ਹੋ ਸਕਣਗੇ। ਹਿਸ ਪਿੱਛੇ ਮਕਸਦ ਇਹੋ ਹੈ ਕਿ ਦੇਸ਼ ਵਿੱਚ ਸਕ੍ਰੈਪੇਜ ਸੈਂਟਰਾਂ ਦੇ ਨਾਅ ਉੱਤੇ ਕਿਤੇ ਕਾਲਾ-ਬਾਜ਼ਾਰੀ ਨਾ ਸ਼ੁਰੂ ਹੋ ਜਾਵੇ ਤੇ ਸਰਕਾਰੀ ਨਿਯਮ ਕਾਨੂੰਨ ਦੇ ਘੇਰੇ ਵਿੱਚ ਹੀ ਦੇਸ਼ ਅੰਦਰ ਪੁਰਾਣੇ ਵਾਹਨਾਂ ਨੂੰ ਕਬਾੜ ਵਿੱਚ ਵੇਚਣ ਦਾ ਕੰਮ ਕੀਤਾ ਜਾਵੇ। ਇਹ ਵੀ ਜਾਣਕਾਰੀ ਮਿਲੀ ਹੈ ਕਿ ਨਵੀਂਆਂ ਹਦਾਇਤਾਂ ਮੁਤਾਬਕ ਸਰਕਾਰ ਇਹ ਸਪੱਸ਼ਟ ਹਦਾਇਤ ਦੇਵੇਗੀ ਕਿ ਸਕ੍ਰੈਪ ਸੈਂਟਰ ਸਿਰਫ਼ ਉਦਯੋਗਿਕ ਖੇਤਰ (ਇੰਡਸਟ੍ਰੀਅਲ ਏਰੀਆ) ਵਿੱਚ ਹੀ ਲੱਗੇ। ਰਿਹਾਇਸ਼ੀ ਤੇ ਭੀੜ-ਭੜੱਕੇ ਵਾਲੇ ਇਲਾਕਿਆਂ ਵਿੱਚ ਅਜਿਹੇ ਕੇਂਦਰ ਸਥਾਪਤ ਕਰਨ ਉੱਤੇ ਰੋਕ ਰਹੇਗੀ। ਇਹੋ ਕਾਰਨ ਹੈ ਕਿ ਇਹ ਪਾਲਿਸੀ ਲਿਆਉਣ ਵਿੱਚ ਦੇਰੀ ਹੋ ਰਹੀ ਹੈ। ਅੰਕੜਿਆਂ ਮੁਤਾਬਕ ਸਾਲ 2025 ਤੱਕ 2.2 ਕਰੋੜ ਵਾਹਨਾਂ ਦੀ ਮਿਆਦ ਪੁੰਗ ਜਾਵੇਗੀ। ਇਸ ਤਰ੍ਹਾਂ ਅਗਲੇ ਇੱਕ ਸਾਲ ਵਿੱਚ 90 ਲੱਖ ਗੱਡੀਆਂ ਕਬਾੜ ਵਿੱਚ ਜਾਣ ਲਈ ਤਿਆਰ ਹੋ ਜਾਣਗੀਆਂ। ਇਨ੍ਹਾਂ ਵਿੱਚੋਂ ਲਗਭਗ 75 ਫ਼ੀਸਦੀ ਦੋ ਪਹੀਆ ਵਾਹਨ ਵੀ ਹੋਣਗੇ।

ਜੇ ਸਰਕਾਰ ਦੀ ਨੀਤੀ ਸਹੀ ਰਾਹ ਉੱਤੇ ਚੱਲਦੀ ਰਹੀ, ਤਾਂ ਇਸ ਨਵੀਂ ਨੀਤੀ ਰਾਹੀਂ ਦੇਸ਼ ਵਿੱਚ ਵੱਡੇ ਪੱਧਰ ਉੱਤੇ ਰੋਜ਼ਗਾਰ ਪੈਦਾ ਹੋ ਸਕਦਾ ਹੈ। ਵਿਸ਼ਲੇਸ਼ਣ ਮੁਤਾਬਕ ਇੱਕ ਸਕ੍ਰੈਪ ਸੈਂਟਰ ਚੱਲਣ ਨਾਲ ਲਗਭਗ 25 ਜਣਿਆਂ ਨੂੰ ਰੋਜ਼ਗਾਰ ਮਿਲ ਸਕਦਾ ਹੈ। ਨਵੀਂਆਂ ਗੱਡੀਆਂ ਬਣਨ ਨਾਲ ਵੀ ਲੋਕਾਂ ਨੂੰ ਰੋਜ਼ਗਾਰ ਮਿਲੇਗਾ।

## ਮਹਾਤਮਾ ਗਾਂਧੀ ਦੇ ਸਨਮਾਨ 'ਚ ਬ੍ਰਿਟੇਨ ਜਾਰੀ ਕਰੇਗਾ ਸਿੱਕਾ



ਬ੍ਰਿਟੇਨ- ਬ੍ਰਿਟੇਨ ਦੇ ਵਿੱਤ ਮੰਤਰੀ ਸਾਜਿਦ ਜਾਵਿਦ ਨੇ ਕਿਹਾ ਹੈ ਕਿ ਬ੍ਰਿਟੇਨ ਸਰਕਾਰ ਨੇ ਮਹਾਤਮਾ ਗਾਂਧੀ ਦੀ 150ਵੀਂ ਜਯੰਤੀ ਦੇ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਸਿੱਕਾ ਜਾਰੀ ਕਰਨ ਦਾ ਫੈਸਲਾ ਕੀਤਾ ਹੈ । ਪਾਕਿਸਤਾਨੀ ਮੂਲ ਦੇ ਬ੍ਰਿਟਿਸ਼ ਵਿੱਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਬ੍ਰਿਟੇਨ ਦੇ ਰੋਇਲ ਮਿੰਟ ਨੂੰ ਸਿੱਕਾ ਬਣਾਉਣ ਲਈ ਕਿਹਾ ਹੈ ਤਾਂ ਜੋ ਦੁਨੀਆ ਗਾਂਧੀ ਦੀ ਸਿੱਖਿਆ ਨੂੰ ਕਦੇ ਨਾ ਭੁੱਲੇ । ਉਨ੍ਹਾਂ ਨੇ ਵੀਰਵਾਰ ਨੂੰ ਲੰਡਨ ਵਿਚ ਸਾਲਾਨਾ ਬ੍ਰਿਟਿਸ਼ ਏਸ਼ੀਆਈ ਲੋਕਾਂ ਦੀ ਸਫਲਤਾ ਦਾ ਜਸ਼ਨ ਮਨਾਉਣ ਲਈ ਆਯੋਜਿਤ ਜੀਜੀ2 ਸਮਾਰੋਹ ਵਿਚ ਇਹ ਐਲਾਨ ਕੀਤਾ । ਜਾਵਿਦ ਬ੍ਰਿਟੇਨ ਦੀ ਪ੍ਰਕਾਸ਼ਨ ਕੰਪਨੀ 'ਏਸ਼ੀਅਨ ਮੀਡੀਆ ਗਰੁੱਪ' (ਏ.ਐੱਮ.ਜੀ.) ਵੱਲੋਂ ਜਾਰੀ ਕੀਤੀ ਗਈ ਸ਼ਕਤੀਸ਼ਾਲੀ ਲੋਕਾਂ ਦੀ ਸਲਾਨਾ ਸੂਚੀ ਵਿਚ ਸਿਖਰ 'ਤੇ ਹਨ । ਉਨ੍ਹਾਂ ਨੇ ਕਿਹਾ, ਗਾਂਧੀ ਨੇ ਸਾਨੂੰ ਸਿਖਾਇਆ ਕਿ ਤਾਕਤ ਸਿਰਫ ਧਨ ਜਾਂ ਉੱਚੇ ਅਹੁਦੇ ਨਾਲ ਨਹੀਂ ਆਉਂਦੀ । ਸਾਨੂੰ ਉਨ੍ਹਾਂ ਮੁੱਲਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਜਿਨ੍ਹਾਂ ਨੂੰ ਗਾਂਧੀ ਨੇ ਆਪਣੇ ਜੀਵਨ ਵਿਚ ਅਪਨਾਇਆ ਸੀ ਬੋਰਿਸ ਜੌਨਸਨ ਦੀ ਅਗਵਾਈ ਵਾਲੀ ਬ੍ਰਿਟਿਸ਼ ਸਰਕਾਰ ਵਿਚ ਭਾਰਤੀ ਮੂਲ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ 2019 ਜੀਜੀ2 ਪਾਵਰ ਸੂਚੀ ਵਿਚ ਦੂਜੇ ਨੰਬਰ 'ਤੇ ਹੈ ।

# ਮਹਿਲਾ ਨੂੰ ਮਿਲੀ ਅਨੋਖੀ ਸੀਪ, ਨਜ਼ਰ ਆਉਂਦੈ ਲਾਦੇਨ ਦਾ ਚਿਹਰਾ



ਲੰਡਨ- ਇੰਗਲੈਂਡ ਵਿਚ ਰਹਿਣ ਵਾਲੀ ਇਕ ਮਹਿਲਾ ਨੇ ਅਨੋਖੀ ਸੀਪ ਮਿਲਣ ਦਾ ਦਾਅਵਾ ਕੀਤਾ ਹੈ । ਇਸ ਸੀਪ ਵਿਚ ਅਲ ਕਾਇਦਾ ਦੇ ਮੁਖੀ ਓਸਾਮਾ ਬਿਨ ਲਾਦੇਨ ਦਾ ਚਿਹਰਾ ਨਜ਼ਰ ਆਉਂਦਾ ਹੈ । ਮਹਿਲਾ ਦਾ ਕਹਿਣਾ ਹੈ ਕਿ ਉਸ ਨੂੰ ਸੀਪ ਇਕੱਠਾ ਕਰਨ ਦਾ ਸ਼ੌਂਕ ਹੈ । ਇਸ ਵਾਰ ਜਦੋਂ ਉਹ ਆਪਣੇ ਪਤੀ ਨਾਲ ਸਮੁੰਦਰ ਤੱਟ 'ਤੇ ਘੁੰਮ ਰਹੀ ਸੀ, ਉਸ ਨੂੰ ਇਹ ਸੀਪ ਮਿਲੀ । ਇਹ ਸੀਪ ਜਿਸ ਬ੍ਰਿਟਿਸ਼ ਮਹਿਲਾ ਨੂੰ ਮਿਲੀ ਉਸ ਦਾ ਨਾਮ ਡੇਬਰਾ ਓਲੀਵਰ (60) ਹੈ ਜੋ ਕਿ ਆਪਣੇ ਪਤੀ ਮਾਰਟੀਨ (62) ਨਾਲ ਪੱਛਮੀ ਲੰਡਨ ਦੇ ਬ੍ਰੇਂਟਫੋਰਡ ਇਲਾਕੇ ਵਿਚ ਰਹਿੰਦੀ ਹੈ । ਵਿਆਹ ਦੀ 42ਵੀਂ ਵਰ੍ਹੇਗੰਢ ਮੌਕੇ ਉਹ ਸੈਲੀਬ੍ਰੇਟ ਕਰਨ ਲਈ ਪੂਰਬੀ ਸਸੈਕਸ ਦੇ ਵਿਨਚੇਲਸੀਆ ਦੇ ਸਮੁੰਦਰ ਤੱਟ 'ਤੇ ਗਏ ਸਨ । ਇਸ ਦੌਰਾਨ ਉਨ੍ਹਾਂ ਨੂੰ ਇਹ ਅਨੋਖੀ ਸੀਪ ਮਿਲੀ । ਹਿਲਾਂ ਉਸ ਨੂੰ ਸੀਪ ਵਿਚ ਦਿੱਸਣ ਵਾਲਾ ਚਿਹਰਾ ਯੀਸ਼ੂ ਵਰਗਾ ਲੱਗਾ ਪਰ ਜਦੋਂ ਉਸ ਨੇ ਉੱਪਰ ਵੱਲ ਪੱਗ ਦੇਖੀ ਤਾਂ ਉਸ ਨੂੰ ਸਮਝ ਆਇਆ ਕਿ ਇਹ ਅਸਲ ਵਿਚ ਅੱਤਵਾਦੀ ਓਸਾਮਾ ਬਿਨ ਲਾਦੇਨ ਦਾ ਚਿਹਰਾ ਸੀ ।

## ਇਰਾਕ 'ਚ 2 ਬੱਸਾਂ ਦੀ ਟੱਕਰ, 8 ਦੀ ਮੌਤ ਤੇ 30 ਜ਼ਖਮੀ

ਤੇਹਰਾਨ- ਈਰਾਨ ਦੀ ਮੀਡੀਆ ਕੰਪਨੀ ਆਈ.ਆਰ.ਆਈ.ਬੀ. ਨੇ ਸ਼ੁੱਕਰਵਾਰ ਨੂੰ ਇਰਾਕ ਵਿਚ ਵਾਪਰੇ ਸੜਕ ਹਾਦਸੇ ਬਾਰੇ ਦੱਸਿਆ । ਇਸ ਹਾਦਸੇ ਵਿਚ 2 ਬੱਸਾਂ ਦੀ ਟੱਕਰ ਹੋ ਗਈ, ਜਿਸ ਵਿਚ ਘੱਟੋ-ਘੱਟ 8 ਲੋਕਾਂ ਦੀ ਮੌਤ ਹੋ ਗਈ ਅਤੇ 30 ਹੋਰ ਜ਼ਖਮੀ ਹੋ ਗਏ । ਪ੍ਰਸਾਰਣ ਕਰਤਾ ਨੇ ਕਿਹਾ ਕਿ ਬੱਸਾਂ ਵਿਚੋਂ ਇਕ ਵਿਚ ਈਰਾਨੀ ਤੀਰਥ ਯਾਤਰੀ ਸਵਾਰ ਸਨ । ਇਰਾਕ ਦੇ ਕਰਬਲਾ ਸ਼ਹਿਰ ਵਿਚ ਹਰੇਕ ਸਾਲ ਆਯੋਜਿਤ ਹੋਣ ਵਾਲੇ ਇਮਾਮ ਹੁਸੈਨ ਦੇ ਸਨਮਾਨ ਵਿਚ ਯਾਦਗਾਰੀ ਜਲੂਸ ਵਿਚ ਸ਼ਾਮਲ ਹੋਣ ਲਈ ਹਜ਼ਾਰਾਂ ਸ਼ੀਆ ਤੀਰਥ ਯਾਤਰੀ ਆਪਣੇ ਪਵਿੱਤਰ ਸਥਾਨਾਂ 'ਤੇ ਝੁੰਡ ਵਿਚ ਜਾਂਦੇ ਹਨ । 19 ਅਕਤੂਬਰ ਨੂੰ ਸੋਗ ਸਮਾਰੋਹਾਂ ਦਾ ਆਯੋਜਨ ਹੋਣ ਦੀ ਆਸ ਹੈ ।




# ਸੰਯੁਕਤ ਰਾਸ਼ਟਰ ਨਕਦੀ ਸੰਕਟ: ਯਾਤਰਾ, ਬੈਠਕਾਂ 'ਚ ਕਟੌਤੀ ਦੇ ਹੁਕਮ ਜਾਰੀ



ਜਿਨੇਵਾ- ਸੰਯੁਕਤ ਰਾਸ਼ਟਰ 'ਚ ਛਾਏ ਨਕਦੀ ਸੰਕਟ ਦੇ ਮੱਦੇਨਜ਼ਰ ਜਨਰਲ ਸਕੱਤਰ ਐਂਤੋਨੀਓ ਗੁਤਾਰੇਸ ਨੇ ਪੈਸੇ ਬਚਾਉਣ ਦੇ ਉਪਾਅ ਦੇ ਤੌਰ 'ਤੇ ਕਈ ਬੈਠਕਾਂ ਰੱਦ ਕਰਨ, ਅਧਿਕਾਰਿਤ ਯਾਤਰਾਵਾਂ ਸੀਮਿਤ ਕਰਨ ਤੇ ਹੋਰਾਂ ਚੀਜ਼ਾਂ 'ਤੇ ਖਰਚਾ ਘੱਟ ਕਰਨ ਦੇ ਹੁਕਮ ਜਾਰੀ ਕੀਤੇ ਹਨ । ਕਰੀਬ ਇਕ ਦਹਾਕੇ 'ਚ ਨਕਦੀ ਸੰਕਟ ਦੇ ਸਭ ਤੋਂ ਖਰਾਬ ਦੌਰ ਤੋਂ ਲੰਘ ਰਹੇ ਸੰਯੁਕਤ ਰਾਸ਼ਟਰ ਦੀਆਂ ਸਾਰੀਆਂ ਸੁਵਿਧਾਵਾਂ ਤੇ ਮੁਹਿੰਮਾਂ 'ਚ ਹੋਣ ਵਾਲੇ ਖਰਚੇ ਨੂੰ ਘੱਟ ਕਰਨ ਦੇ ਮਕਸਦ ਨਾਲ ਲਿਆ ਗਿਆ ਇਹ ਫੈਸਲਾ ਸੋਮਵਾਰ ਤੋਂ ਪ੍ਰਭਾਵੀ ਹੋਵੇਗਾ । ਇਸ ਦੇ ਕਾਰਨ ਸੰਯੁਕਤ ਰਾਸ਼ਟਰ ਦਾ ਕੰਮਕਾਜ ਵੀ ਕੁਝ ਹੱਦ ਤੱਕ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ । ਸੰਯੁਕਤ ਰਾਸ਼ਟਰ ਮੁਖੀ ਨੇ ਆਪਣੇ ਸਾਰੇ ਸੰਸਥਾਨਾਂ ਦੇ ਮੁਖੀਆਂ ਨੂੰ ਲਿਖੇ ਇਕ ਪੱਤਰ 'ਚ ਕਿਹਾ ਕਿ ਐਮਰਜੰਸੀ ਉਪਾਅ ਅਗਲੀ ਸੂਚਨਾ ਤੱਕ ਕੰਮ ਕਰਨ ਦੀ ਸਥਿਤੀ ਤੇ ਸੰਚਾਲਨ ਨੂੰ ਪ੍ਰਭਾਵਿਤ ਕਰਨਗੇ । ਸੰਯੁਕਤ ਰਾਸ਼ਟਰ ਮੁਖੀ ਨੇ ਆਪਣੇ ਸਾਰੇ ਸੰਸਥਾਨਾਂ ਦੇ ਮੁਖੀਆਂ ਨੂੰ ਲਿਖੇ ਇਕ ਪੱਤਰ 'ਚ ਕਿਹਾ ਕਿ ਇਸ ਸਾਲ 65 ਦੇਸ਼ਾਂ 'ਤੇ 1.386 ਅਰਬ ਡਾਲਰ ਦਾ ਬਕਾਇਆ ਹੈ, ਜਿਸ 'ਚ ਅਮਰੀਕਾ ਦਾ 1 ਅਰਬ ਡਾਲਰ ਦਾ ਭੁਗਤਾਨ ਸ਼ਾਮਲ ਹੈ ।

## ਸ਼ੀ ਨੇ ਟਰੰਪ ਨੂੰ ਲਿਖੀ ਚਿੱਠੀ, ਆਓ ਮਤਭੇਦਾਂ ਨੂੰ ਕਰੀਏ ਖਤਮ

ਵਾਸ਼ਿੰਗਟਨ-ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੇ ਅਮਰੀਕੀ ਹਮਰੁਤਬਾ ਡੋਨਾਲਡ ਟਰੰਪ ਨੂੰ ਇਕ ਪੱਤਰ ਲਿਖਿਆ ਹੈ । ਇਸ ਪੱਤਰ 'ਚ ਉਨ੍ਹਾਂ ਨੇ ਆਪਸੀ ਸਨਮਾਨ ਦੇ ਆਧਾਰ 'ਤੇ ਮਤਭੇਦਾਂ ਨੂੰ ਨਿਪਟਾਉਣ ਤੇ ਰਸਮੀ ਲਾਭ ਦੇ ਲਈ ਸਹਿਯੋਗ ਦਾ ਵਿਸਥਾਰ ਕਰਨ ਦੀ ਅਪੀਲ ਕੀਤੀ ਹੈ ਤਾਂ ਕਿ ਚੀਨ-ਅਮਰੀਕੀ ਸਬੰਧਾਂ ਨੂੰ ਸਹੀ ਰਸਤੇ 'ਤੇ ਲਿਆਂਦਾ ਜਾ ਸਕੇ । ਸ਼ੀ ਨੇ ਟਰੰਪ ਨੂੰ ਪੱਤਰ 'ਚ ਲਿਖਿਆ ਕਿ ਇਕ ਸਿਹਤਮੰਦ ਤੇ ਸਥਿਰ ਚੀਨ-ਅਮਰੀਕੀ ਸੰਬੰਧ ਦੋਵਾਂ ਦੇਸ਼ਾਂ ਤੇ ਦੁਨੀਆ ਦੇ ਲਈ ਬਹੁਤ ਮਾਇਨੇ ਰੱਖਦੇ ਹਨ। ਮੈਨੂੰ ਉਮੀਦ ਹੈ ਕਿ ਦੋਵੇਂ ਪੱਖ ਉਸ ਸਿਧਾਂਤ ਤੇ ਦਿਸ਼ਾ 'ਚ ਕੰਮ ਕਰਨਗੇ, ਜਿਸ 'ਤੇ ਤੁਸੀਂ ਤੇ ਮੈਂ ਸਹਿਮਤ ਹੋਏ ਹਾਂ । ਅਸੀਂ ਤਾਲਮੇਲ, ਸਹਿਯੋਗ ਤੇ ਸਥਿਰਤਾ ਦੇ ਆਧਾਰ 'ਤੇ ਚੀਨ-ਅਮਰੀਕੀ ਸਬੰਧਾਂ ਨੂੰ ਅੱਗੇ ਵਧਾਉਣ ਲਈ ਕੰਮ ਕਰ ਰਹੇ ਹਾਂ । ਆਓ ਅਸੀਂ ਆਪਸੀ ਸਨਮਾਨ ਦੇ ਆਧਾਰ 'ਤੇ ਮੱਤਭੇਦਾਂ ਨੂੰ ਖਤਮ ਕਰੀਏ ਤੇ ਆਪਸੀ ਲਾਭ ਦੇ ਲਈ ਸਹਿਯੋਗ ਦਾ ਵਿਸਥਾਰ ਕਰੀਏ, ਤਾਂ ਕਿ ਸਾਡੇ ਸਬੰਧਾਂ ਨੂੰ ਸਹੀ ਰਾਸਤੇ 'ਤੇ ਲਿਆਂਦਾ ਜਾ ਸਕੇ ।



# ਪ੍ਰੇਮੀ ਨੇ ਪ੍ਰੇਮਿਕਾ ਦਾ ਕਤਲ ਕਰ ਲਾਸ਼ ਦੇ ਕੀਤੇ ਟੁਕੜੇ, ਹੋਈ 100 ਸਾਲ ਦੀ ਸਜ਼ਾ

ਮਿਸ਼ੀਗਨ, 11 ਅਕਤੂਬਰ (ਚ.ਨ.ਸ.) : ਅਮਰੀਕਾ 'ਚ ਇਕ ਅਜਿਹੇ ਪ੍ਰੇਮੀ ਨੂੰ 100 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਿਸ ਨੇ ਆਪਣੀ ਪ੍ਰੇਮਿਕਾ ਦਾ ਕਤਲ ਕਰਕੇ ਉਸ ਦੀ ਲਾਸ਼ ਦੇ ਟੁਕੜੇ-ਟੁਕੜੇ ਕਰ ਦਿੱਤੇ ਸਨ । ਇਹ ਮਾਮਲਾ ਅਮਰੀਕਾ ਦੇ ਮਿਸ਼ੀਗਨ 'ਚ ਗ੍ਰੈਂਡ ਰੈਪਿਡਸ ਦਾ ਸੀ । ਜੱਜ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਇਹ ਅਜਿਹਾ ਮਾਮਲਾ ਹੈ, ਜਿਸ 'ਚ ਉਹ ਦੋਸ਼ੀ ਨੂੰ ਉਨਾਂ ਹੀ ਤੜਫਾਉਣਾ ਚਾਹੁੰਦੇ ਹਨ, ਜਿੰਨਾਂ ਉਸ ਨੇ ਪੀੜਤਾ ਨੂੰ ਤੜਫਾਇਆ। ਗੈਂਰਡ ਰੈਪਿਡਸ ਦੀ ਕੈਂਟ ਕਾਊਂਟੀ ਸਰਕਿਟ ਕੋਰਟ 'ਚ 10 ਅਕਤੂਬਰ ਨੂੰ ਜੈਰੇਟ ਚਾਂਸ ਨੂੰ 31 ਸਾਲ ਦੀ ਐਸ਼ਲੇ ਯੰਗ ਦੇ ਕਤਲ ਦੇ ਮਾਮਲੇ 'ਚ 100 ਸਾਲ ਦੀ ਸਜ਼ਾ ਸੁਣਾਈ ਗਈ ਹੈ । ਚਾਂਸ ਸੈਕੇਂਡ ਡਿਗਰੀ ਕਤਲ ਤੇ ਫਿਰ ਸਰੀਰ ਨੂੰ ਪੂਰੀ ਤਰ੍ਹਾਂ ਖੁਰਦ-ਪੁਰਦ ਕਰਨ ਦਾ ਦੋਸ਼ੀ ਹੈ ।ਯੰਗ, ਚਾਂਸ ਨਾਲ ਮਿਲਣ ਆਈ ਸੀ ਤਦ ਚਾਂਸ ਨੇ ਉਸ ਦੀ ਹੱਤਿਆ ਕਰ ਦਿੱਤੀ ਸੀ । ਯੰਗ ਦੀਆਂ ਬਾਹਾਂ ਤੇ ਪੈਰ ਇਕ ਡਿੱਬੇ 'ਚ ਮਿਲੇ ਸਨ ਤੇ ਉਸ ਦਾ ਸਿਰ, ਹੱਥ ਅਜੇ ਤੱਕ ਪੁਲਸ ਨੂੰ ਨਹੀਂ ਮਿਲੇ ਹਨ। ਅਪਾਰਟਮੈਂਟ ਦੀ ਬੇਸਮੈਂਟ 'ਚ ਪੁਲਸ ਨੂੰ ਯੰਗ ਦਾ ਧੜ ਇਕ ਲਿਫਾਫੇ 'ਚ ਲਿਪਟਿਆ ਹੋਇਆ ਮਿਲਿਆ ਸੀ । ਪੁਲਿਸ ਨੂੰ ਇਹ ਬਕਸਾ ਜੈਰੇਟ ਦੀ ਬੇਸਮੈਂਟ 'ਚੋਂ ਮਿਲਿਆ ਸੀ ਤੇ ਪੁਲਸ ਦਾ ਸ਼ੱਕ ਜੈਰੇਟ 'ਤੇ ਹੋਰ ਗਹਿਰਾ ਹੋ ਗਿਆ।



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# 12ਵਾਂ ਗੋਲਡ ਐਵਾਰਡ: ਹਿਨਾ ਖ਼ਾਨ, ਸੰਨੀ ਲਿਓਨੀ, ਸੁਰਭੀ ਚੰਦਨਾ ਨੇ ਜਿੱਤਿਆ ਐਵਾਰਡ

ਨਵੀਂ ਦਿੱਲੀ–12ਵਾਂ ਗੋਲਡ ਐਵਾਰਡ ਮੂੰਬਈ 'ਚ ਕਰਵਾਇਆ ਗਿਆ । ਇਸ ਐਵਾਰਡ ਨਾਈਟ 'ਚ ਟੈਲੀਵਿਜ਼ਨ ਦੇ ਕਈ ਦਿੱਗਜਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਹਿਨਾ ਖ਼ਾਨ, ਅਵਿਕਾ ਗੌਰ, ਸੁਰਭੀ ਚਾਂਦਨਾ, ਕਰਨ ਸਿੰਘ ਗ੍ਰੋਵਰ ਤੇ ਅਰਜੁਨ ਬਿਜਲਾਨੀ ਸ਼ਾਮਲ ਹਨ। ਦਸ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਪ੍ਰਸਾਰਿਤ ਹੋ ਰਿਹਾ ਸਟਾਰ ਪਲੱਸ ਦਾ ਸ਼ੋਅ 'ਯੇ ਰਿਸ਼ਤਾ ਕਯਾ ਕਹਿਲਾਤਾ ਹੈ' ਆਪਣੇ ਸਮੇਂ ਦੌਰਾਨ ਕਈ ਮੀਲ ਦੇ ਪੱਥਰ ਹਾਸਿਲ ਕਰਨ ਲਈ ਸਨਮਾਨਿਤ ਕੀਤਾ ਗਿਆ । ਹਿਨਾ ਖ਼ਾਨ ਨੂੰ ਟੀਵੀ ਪਰਸਨੈਲਿਟੀ ਆਫ ਦਿ ਈਅਰ, ਮੋਸਟ ਫਿੱਟ ਐਕਟਰ ਤੇ ਬੈਸਟ ਐਕਟਰ ਇਨ



ਏ ਨੈਗੇਟਿਵ ਰੋਲ ਪਾਪੂਲਰ (ਫੀਮੇਲ) ਦਾ ਐਵਾਰਡ ਦਿੱਤਾ ਗਿਆ । ਸੰਜੀਵਨੀ ਐਕਟਰ ਸੁਰਭੀ ਚੰਦਨਾ ਨੇ 'ਕਸੌਟੀ ਜ਼ਿੰਦਗੀ ਕੀ 2' ਅਦਾਕਾਰਾ ਐਰਿਕਾ ਫਰਨਾਂਡਿਸ ਨਾਲ ਮੋਸਟ ਸਟਾਈਲਿਸ਼ ਦਿਵਾ ਦਾ ਪੁਰਸਕਾਰ ਜਿੱਤਿਆ । ਮਸ਼ਹੂਰ ਸ਼ੋਅ ਕਸੌਟੀ ਜ਼ਿੰਦਗੀ ਕੀ ਦੇ ਰਿਬੂਟ 'ਚ ਮਿਸਟਰ ਬਜਾਜ ਦੀ ਭੂਮਿਕਾ ਨਿਭਾਉਣ ਵਾਲੇ ਕਰਨ ਸਿੰਘ ਗ੍ਰੋਵਰ ਨੂੰ ਬੈਸਟ ਐਕਟਰ ਇਨ ਏ ਨੈਗੇਟਿਵ ਰੋਲ ਪਾਪੂਲਰ (ਮੇਲ) ਐਵਾਰਡ ਮਿਲਿਆ । ਸ਼ਿਵਾਂਗੀ ਜੋਸ਼ੀ ਤੇ ਮੋਹਸਿਨ ਖ਼ਾਨ ਨੇ ਧੀਰਜ ਧੂਪਰ ਤੇ ਸ਼ਰਧਾ ਆਰੀਆ ਨਾਲ ਬੈਸਟ ਐਕਟਰ ਦਾ ਐਵਾਰਡ ਜਿੱਤਿਆ।

# ਸਾਊਦੀ ਅਰਬ 'ਚ ਤਾਇਨਾਤ ਹੋਣਗੇ 3000 ਅਮਰੀਕੀ ਫੌਜੀ



ਵਾਸ਼ਿੰਗਟਨ– ਸਾਊਦੀ ਅਰਬ ਦੇ ਤੇਲ ਪਲਾਂਟਾਂ 'ਤੇ ਡਰੋਨ ਹਮਲਿਆਂ ਦੇ 'ਖਤਰੇ ਦਾ ਵਧਦਾ ਖਦਸ਼ਾ' ਦੇਖਦਿਆਂ ਅਮਰੀਕਾ ਨੇ ਇੱਥੇ ਹੋਰ 3000 ਫੌਜੀਆਂ ਦੀ ਤਾਇਨਾਤੀ ਕਰਨ ਦੀ ਘੋਸ਼ਣਾ ਕੀਤੀ ਹੈ । ਅਮਰੀਕਾ ਨੇ ਇਨ੍ਹਾਂ ਹਮਲਿਆਂ ਲਈ ਈਰਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ । ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਇਕ ਟਵੀਟ ਕਰਕੇ ਕਿਹਾ, ਸਾਊਦੀ ਅਰਬ ਦੀ ਰੱਖਿਆਤਮਕ ਸਮਰੱਥਾ ਨੂੰ ਵਧਾਉਣ ਅਤੇ ਈਰਾਨੀ ਹਮਲੇ ਦਾ ਜਵਾਬ ਦੇਣ 'ਚ ਮਦਦ ਕਰਨ ਲਈ ਅਮਰੀਕਾ ਉੱਥੇ ਵਧੇਰੇ ਫੌਜ ਅਤੇ ਫੌਜੀ ਉਪਕਰਣਾਂ ਨੂੰ ਤਾਇਨਾਤ ਕਰ ਰਿਹਾ ਹੈ। ਪੋਂਪੀਓ ਨੇ ਕਿਹਾ ਕਿ ਈਰਾਨੀ ਸ਼ਾਸਨ ਨੂੰ ਆਪਣੇ ਵਿਵਹਾਰ ਨੂੰ ਬਦਲਣਾ ਚਾਹੀਦਾ ਹੈ ਜਾਂ ਆਪਣੀ ਬਰਬਾਦ ਅਰਥ ਵਿਵਸਥਾ ਨੂੰ ਦੇਖਣਾ ਚਾਹੀਦਾ ਹੈ । ਉਨ੍ਹਾਂ ਨੇ ਕਿਹਾ ਕਿ ਇਸ ਫੈਸਲੇ ਨੂੰ ਇਸ ਖੇਤਰ ਦੇ ਕਈ ਦੇਸ਼ਾਂ ਨੇ ਸਮਰਥਨ ਦਿੱਤਾ ਹੈ ।

## ਪ੍ਰਿੰਸ ਵਿਲੀਅਮ ਤੇ ਕੇਟ ਅੱਜ ਪਹੁੰਚਣਗੇ ਪਾਕਿਸਤਾਨ

ਇਸਲਾਮਾਬਾਦ– ਬਰਤਾਨੀਆ ਦੇ ਪ੍ਰਿੰਸ ਵਿਲੀਅਮ ਪਤਨੀ ਕੇਟ ਮਿਡਲਟਨ ਨਾਲ ਸੋਮਵਾਰ ਨੂੰ ਪੰਜ ਦਿਨਾ ਦੌਰੇ 'ਤੇ ਪਾਕਿਸਤਾਨ ਪਹੁੰਚ ਰਹੇ ਹਨ। ਸਾਲ 2006 ਤੋਂ ਬਾਅਦ ਬਰਤਾਨਵੀ ਸ਼ਾਹੀ ਪਰਿਵਾਰ ਦੇ ਕਿਸੇ ਮੈਂਬਰ ਦਾ ਪਾਕਿਸਤਾਨ ਦਾ ਇਹ ਪਹਿਲਾ ਅਧਿਕਾਰਕ ਦੌਰਾ ਹੈ। 2006 'ਚ ਪ੍ਰਿੰਸ ਚਾਰਲਸ ਪਤਨੀ ਕੈਮਿਲਾ ਨਾਲ ਪਾਕਿਸਤਾਨ ਦੀ ਅਧਿਕਾਰਕ ਯਾਤਰਾ 'ਤੇ ਪਹੁੰਚੇ ਸਨ। ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ–2 1961 ਤੇ 1997 'ਚ ਪਾਕਿਸਤਾਨ ਜਾ ਚੁੱਕੇ ਹਨ। ਬਰਤਾਨੀਆ 'ਚ ਪਾਕਿਸਤਾਨੀ ਮੂਲ ਦੇ 10 ਲੱਖ ਤੋਂ ਵੀ ਜ਼ਿਆਦਾ ਲੋਕ ਰਹਿੰਦੇ ਹਨ। ਯੂਰਪ ਦੇ ਕਿਸੇ ਦੇਸ਼ 'ਚ ਪਾਕਿਸਤਾਨੀ ਮੂਲ ਦੇ ਲੋਕਾਂ ਦੀ ਇਹ ਵੱਡੀ ਆਬਾਦੀ ਹੈ।

# ਜਾਪਾਨ 'ਚ ਤੂਫਾਨ ਕਾਰਨ ਇਕ ਵਿਅਕਤੀ ਦੀ ਮੌਤ

ਟੋਕੀਓ– ਜਾਪਾਨ 'ਚ ਸ਼ਨੀਵਾਰ ਨੂੰ ਆਏ ਸ਼ਕਤੀਸ਼ਾਲੀ ਤੂਫਾਨ ਕਾਰਨ ਇਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ । ਜਾਣਕਾਰੀ ਮੁਤਾਬਕ 49 ਸਾਲਾ ਇਕ ਵਿਅਕਤੀ ਦੀ ਲਾਸ਼ ਇਕ ਛੋਟੇ ਟਰੱਕ ਹੇਠੋਂ ਬਰਾਮਦ ਹੋਈ ਹੈ, ਜੋ ਤੇਜ਼ ਹਵਾਵਾਂ ਕਾਰਨ ਉਲਟ ਗਿਆ ਸੀ । ਦੱਸਿਆ ਜਾ ਰਿਹਾ ਹੈ ਕਿ 16 ਲੱਖ ਤੋਂ ਵਧੇਰੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਕਿਹਾ ਗਿਆ ਹੈ । ਤੂਫਾਨ ਕਾਰਨ ਆਵਾਜਾਈ ਅਤੇ ਬਿਜਲੀ ਸੇਵਾਵਾਂ ਪ੍ਰਭਾਵਿਤ ਹਨ। ਚੀਬਾ 'ਚ 36,000 ਤੋਂ ਵਧੇਰੇ



ਘਰ ਨੁਕਸਾਨੇ ਗਏ ਹਨ ਅਤੇ ਕਈ ਬੁਰੀ ਤਰ੍ਹਾਂ ਨਸ਼ਟ ਹੋ ਗਏ ਹਨ । ਸਥਾਨਕ ਸਰਕਾਰ ਨੇ ਪ੍ਰਭਾਵਿਤ ਇਮਾਰਤਾਂ 'ਚ ਰਹਿ ਰਹੇ ਲੋਕਾਂ ਨੂੰ ਤੂਫਾਨ ਦੌਰਾਨ ਸੁਰੱਖਿਅਤ ਸਥਾਨਾਂ 'ਤੇ ਚਲੇ ਜਾਣ ਦੀ ਅਪੀਲ ਕੀਤੀ ਹੈ । ਕਈ ਥਾਵਾਂ 'ਤੇ ਬਿਜਲੀ ਦੀਆਂ ਤਾਰਾਂ ਟੁੱਟ ਕੇ ਡਿੱਗ ਗਈਆਂ ਹਨ । ਕਈ ਦਹਾਕਿਆਂ ਮਗਰੋਂ ਇੰਨੇ ਸ਼ਕਤਸ਼ਾਲੀ ਤੂਫਾਨ ਆਉਣ ਦੇ ਖਦਸ਼ੇ ਦਾ ਅਲਰਟ ਜਾਰੀ ਕੀਤਾ ਗਿਆ ਸੀ । ਤਾਜ਼ਾ ਜਾਣਕਾਰੀ ਮੁਤਾਬਕ ਕਈ ਘਰਾਂ ਦੇ ਸ਼ੀਸ਼ੇ ਟੁੱਟ ਗਏ ਹਨ ਤੇ ਕਈ ਗੱਡੀਆਂ 'ਤੇ ਇਮਾਰਤਾਂ ਡਿੱਗ ਗਈਆਂ ਹਨ ।

# ਅਮਗੀਕਾ ਦੀ ਪਾਕਿ ਨੂੰ ਚਿਤਾਵਨੀ, ਅੱਤਵਾਦ ਨੂੰ ਸਮਰਥਨ ਦੇਣਾ ਕਰੋ ਬੰਦ

ਵਾਸ਼ਿੰਗਟਨ/ਇਸਲਾਮਾਬਾਦ–: ਪਾਕਿਸਤਾਨ ਨੂੰ ਤਾਲਿਬਾਨ ਤੇ ਹੋਰ ਅੱਤਵਾਦੀ ਸੰਗਠਨਾਂ ਨੂੰ ਸਮਰਥਨ ਦੇਣਾ ਬੰਦ ਕਰਨਾ ਹੋਵੇਗਾ। ਇਹ ਕਹਿਣਾ ਹੈ ਯੂ.ਐੱਸ. ਸੈਨੇਟਰ ਮੈਗੀ ਹਸਨ ਦਾ। ਅੱਤਵਾਦ ਦੇ ਮੁੱਦੇ 'ਤੇ ਟਾਪ ਅਮਰੀਕੀ ਸੈਨੇਟਰ ਨੇ ਪਾਕਿਸਤਾਨ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਸ ਨੂੰ ਅਫਗਾਨਿਸਤਾਨ 'ਚ ਸਥਿਰਤਾ ਨੂੰ ਮਜ਼ਬੂਤ ਕਰਨ 'ਤੇ ਵੀ ਕੰਮ ਕਰਨਾ ਚਾਹੀਦਾ ਹੈ। ਦੱਸ ਦਈਏ ਕਿ ਅਮਰੀਕੀ ਸੈਨੇਟਰ ਮੈਗੀ ਹਸਨ ਤੇ ਕ੍ਰਿਸ ਵੈਨ ਹਾਰਲੇਨ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ



ਖਾਨ, ਫੌਜ ਮੁਖੀ ਕਮਰ ਜਾਵੇਦ ਬਾਜਵਾ ਤੇ ਪਾਕਿਸਤਾਨ ਕੰਟਰੋਲ ਵਾਲੇ ਕਸ਼ਮੀਰ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਹਸਨ ਨੇ ਕਿਹਾ ਕਿ ਅੱਤਵਾਦੀ ਹਮਲੇ ਤੇ ਇਸ ਦੀ ਵਿਚਾਰਧਾਰਾ ਨੂੰ ਫੈਲਣ ਤੋਂ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ ਇਸ ਨੂੰ ਲੈ ਕੇ ਪਾਕਿਸਤਾਨੀ ਲੀਡਰਾਂ ਦੇ ਨਾਲ ਗੱਲਬਾਤ ਕੀਤੀ ਗਈ। ਹਸਨ ਨੇ ਕਿਹਾ ਕਿ ਤਾਲਿਬਾਨ ਤੇ ਹੋਰ ਅੱਤਵਾਦੀ ਸੰਗਠਨਾਂ ਨੂੰ ਖਤਮ ਕਰਨ ਲਈ ਪਾਕਿਸਤਾਨੀ ਅਗਵਾਈ ਨਾਲ ਸਿੱਧੇ ਗੱਲਬਾਤ ਕਰਨਾ ਬੇਹੱਦ ਜ਼ਰੂਰੀ ਸੀ।

# ਅਮਰੀਕਾ : ਉਸਾਰੀ ਅਧੀਨ ਹੋਟਲ ਦਾ ਇਕ ਹਿੱਸਾ ਢਹਿ ਢੇਰੀ, 2 ਲੋਕਾਂ ਦੀ ਮੌਤ

ਵਾਸ਼ਿੰਗਟਨ– ਅਮਰੀਕਾ ਦੇ ਸੂਬੇ ਲੂਸੀਆਨਾ ਦੇ ਸ਼ਹਿਰ ਨਿਊ ਓਰਲੀਨਜ਼ ਵਿਚ ਉਸਾਰੀ ਅਧੀਨ 'ਹਾਰਡ ਰੌਕ ਹੋਟਲ' ਦਾ ਇਕ ਵੱਡ ਹਿੱਸਾ ਢਹਿ ਢੇਰੀ ਹੋ ਗਿਆ । ਇਸ ਹਾਦਸੇ ਵਿਚ 2 ਲੋਕਾਂ ਦੀ ਮੌਤ ਹੋ ਗਈ ਅਤੇ 20 ਤੋਂ ਵੱਧ ਲੋਕ ਜ਼ਖਮੀ ਹੋ ਗਏ । ਉੱਥੇ ਬਚਾਅ ਕਰਮੀ ਇਕ ਹੋਰ ਲਾਪਤਾ ਵਿਅਕਤੀ ਦੀ ਤਲਾਸ਼ ਕਰ ਰਹੇ ਹਨ ।ਦਮਕਲ ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਦੇ ਤੌਰ 'ਤੇ ਨੇੜਲੀਆਂ ਇਮਾਰਤਾਂ ਨੂੰ ਵੀ ਖਾਲੀ ਕਰਾ ਲਿਆ ਗਿਆ ਹੈ ।

ਸੁਰੱਖਿਆ ਕਾਰਨਾਂ ਕਰ ਕੇ ਰਾਤ ਦੇ ਸਮੇਂ ਲਾਪਤਾ ਲੋਕਾਂ ਲਈ ਜਾਰੀ ਤਲਾਸ਼ ਮੁਹਿੰਮ ਰੋਕ ਦਿੱਤੀ ਗਈ ਸੀ । ਪ੍ਰਾਜੈਕਟ ਦੇ ਠੇਕੇਦਾਰ ਵੱਲੋਂ ਜਾਰੀ ਇਕ ਬਿਆਨ ਮੁਤਾਬਕ ਉਸ ਦੇ ਕਰਮਚਾਰੀ ਇਮਾਰਤ ਨੂੰ ਸਥਿਰਤਾ ਪ੍ਰਦਾਨ ਕਰਨ ਦੀ



ਕੋਸ਼ਿਸ਼ ਦੇ ਤਹਿਤ ਐਮਰਜੈਂਸੀ ਅਧਿਕਾਰੀਆਂ ਦੇ ਨਾਲ ਪੂਰੀ ਰਾਤ ਕੰਮ ਕਰਨਗੇ । ਅਧਿਕਾਰੀਆਂ ਨੇ ਦੱਸਿਆ ਕਿ 18 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਕਈ ਲੋਕ ਖੁਦ ਹਸਪਤਾਲ ਪਹੁੰਚੇ ।

# ਪ੍ਰਧਾਨ ਮੰਤਰੀ ਮੋਦੀ ਦੀ ਭਤੀਜੀ ਨਾਲ ਹੋਈ ਖੋਹਬਾਜ਼ੀ



ਨਵੀਂ ਦਿੱਲੀ– ਰਾਜਧਾਨੀ ਦਿੱਲੀ 'ਚ ਸ਼ਨਿਚਰਵਾਰ ਨੂੰ ਇਕ ਵੱਡੀ ਘਟਨਾ ਹੋ ਗਈ ਹੈ। ਰਾਜਧਾਨੀ ਦੇ ਸਿਵਲ ਲਾਈਂਸ ਇਲਾਕੇ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਤੀਜੀ ਨਾਲ ਝਪਟਮਾਰੀ ਦੀ ਘਟਨਾ ਵਾਪਰੀ ਹੈ। ਦੋ ਬਾਈਕ ਸਵਾਰ ਬਦਮਾਸ਼ ਇਸ ਪੌਸ਼ ਇਲਾਕੇ 'ਚ ਪ੍ਰਧਾਨ ਮੰਤਰੀ ਦੀ ਭਤੀਜੀ ਦੇ ਹੱਥੋਂ ਪਰਸ ਖੋਹ ਕੇ ਫ਼ਰਾਰ ਹੋ ਗਏ। ਪਰਸ 'ਚ 56 ਹਜ਼ਾਰ ਰੁਪਏ ਤੋਂ ਜ਼ਿਆਦਾ ਕੈਸ਼ ਤੋਂ ਇਲਾਵਾ ਦੂਸਰੇ ਜ਼ਰੂਰੀ ਕਾਗ਼ਜ਼ਾਤ ਵੀ ਸਨ। ਨਾਲ ਹੀ ਪਰਸ 'ਚ ਦੋ ਮੋਬਾਈਲ ਫੋਨ ਵੀ ਸਨ। ਜਿਸ ਨਾਲ ਇਹ ਘਟਨਾ ਹੋਈ ਉਹ ਪ੍ਰਧਾਨ ਮੰਤਰੀ ਦੇ ਛੋਟੇ ਭਰਾ ਪ੍ਰਹਿਲਾਦ ਦੀ ਧੀ ਹੈ। ਘਟਨਾ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਗਈ ਹੈ। ਉਸ ਨੇ ਦੱਸਿਆ ਕਿ ਉਹ ਪੁਰਾਣੀ ਦਿੱਲੀ ਤੋਂ ਆਟੋ 'ਚ ਗੁਜਰਾਤੀ ਭਵਨ ਆਏ, ਇਸ ਦੌਰਾਨ ਪਰਸ ਇੱਥੋਂ ਚੋਰੀ ਹੋ ਗਿਆ। ਪਰਸ 'ਚ 50 ਹਜ਼ਾਰ ਤੋਂ ਜ਼ਿਆਦਾ ਨਕਦੀ ਸੀ ਤੇ ਉਸ ਵਿਚ ਆਧਾਰ ਕਾਰਡ ਤੋਂ ਇਲਾਵਾ ਹੋਰ ਵੀ ਜ਼ਰੂਰੀ ਕਾਗ਼ਜ਼ਾਤ ਸਨ।

# ਮਾਨਚੈਸਟਰ ਦੇ ਸ਼ਾਪਿੰਗ ਮਾਲ 'ਚ ਚਾਕੂ ਹਮਲਾ, ਕਈ ਲੋਕ ਜ਼ਖਮੀ

ਲੰਡਨ, 11 ਅਕਤੂਬਰ (ਚ.ਨ.ਸ.) : ਉੱਤਰ–ਪੱਛਮੀ ਇੰਗਲੈਂਡ ਦੇ ਮਾਨਚੈਸਟਰ 'ਚ ਸ਼ੁੱਕਰਵਾਰ ਨੂੰ ਇਕ ਸ਼ਾਪਿੰਗ ਮਾਲ 'ਚ ਸ਼ੱਕੀ ਚਾਕੂ ਹਮਲੇ 'ਚ ਘੱਟ ਤੋਂ ਘੱਟ ਚਾਰ ਲੋਕ ਜ਼ਖਮੀ ਹੋ ਗਏ ਹਨ। ਪੁਲਿਸ ਨੇ



ਇਹ ਜਾਣਕਾਰੀ ਦਿੱਤੀ ਹੈ। ਗ੍ਰੇਟਰ ਮਾਨਚੈਸਟਰ ਪੁਲਸ ਨੇ ਕਿਹਾ ਕਿ ਅਧਿਕਾਰੀ ਜਾਂਚ 'ਚ ਲੱਗੇ ਹੋਏ ਹਨ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਕਈ ਲੋਕਾਂ ਨੂੰ ਚਾਕੂ ਮਾਰਿਆ ਗਿਆ ਹੈ। ਉੱਤਰ–ਪੱਛਮੀ ਐਂਬੂਲੈਂਸ ਸੇਵਾ ਨੇ ਕਿਹਾ ਕਿ ਉਹ ਚਾਰ ਲੋਕਾਂ ਦਾ ਇਲਾਜ ਕਰ ਰਹੀ ਹੈ।

# ਕੈਨੇਡਾ ਚੋਣਾਂ : ਅਡਵਾਂਸ ਪੋਲਿੰਗ ਸ਼ੁਰੂ–21 ਨੂੰ ਮੇਨ ਪੋਲਿੰਗ ਡੇਅ

ਟੋਰਾਂਟੋ– ਕੈਨੇਡਾ ਵਿੱਚ ਅਡਵਾਂਸ ਪੋਲਿੰਗ ਸ਼ੁੱਕਰਵਾਰ 11 ਅਕਤੂਬਰ (ਕੈਨੇਡੀਅਨ ਸਮੇਂ ਅਨੁਸਾਰ) ਤੋਂ ਸ਼ੁਰੂ ਹੋ ਗਈ ਹੈ। ਵੋਟਿੰਗ ਸਵੇਰ 9 ਵਜੇ ਤੋਂ ਸ਼ਾਮ 9 ਵਜੇ ਤੱਕ ਹੋਵੇਗੀ । ਇਹ ਸੋਮਵਾਰ 14 ਅਕਤੂਬਰ ਤੱਕ ਚੱਲੇਗੀ । ਹਰ ਇੱਕ ਦੇ ਵੋਟਰ ਕਾਰਡ ਘਰ ਘਰ ਪੁੱਜ ਗਏ ਹਨ । ਜੇਕਰ ਕਿਸੇ ਕੋਲ ਨਹੀ ਪੁੱਜੇ ਤਾਂ ਪੋਲਿੰਗ ਬੂਥ ਤੇ ਕੋਈ ਵੀ ਕੈਨੇਡੀਅਨ ਨਾਗਰਿਕ ਦੇ ਸ਼ਨਾਖ਼ਤੀ ਪੱਤਰ ਦਿਖਾ ਕੇ ਮੌਕੇ ਤੇ ਵੋਟ ਪਾ ਸਕਦਾ ਹੈ । ਮੁੱਖ ਚੋਣਾਂ ਦਾ ਦਿਨ 21 ਅਕਤੂਬਰ ਦਿਨ ਸੋਮਵਾਰ ਹੈ । ਹੋਰ ਜਾਣਕਾਰੀ ਇਲੈਕਸ਼ਨ ਕੈਨੇਡਾ ਦੀ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ ।




**ਕੀ ਹੈ ਅਡਵਾਂਸ ਪੋਲਿੰਗ** ? ਅਰਲੀ ਵੋਟਿੰਗ (ਜਿਸ ਨੂੰ ਪ੍ਰੀ–ਪੋਲ ਵੋਟਿੰਗ ਜਾਂ ਐਡਵਾਂਸ ਪੋਲਿੰਗ ਵੀ ਕਿਹਾ ਜਾਂਦਾ ਹੈ) ਇੱਕ ਪ੍ਰਕਿਰਿਆ ਹੈ ਜਿਸ ਦੁਆਰਾ ਜਨਤਕ ਚੋਣ ਵਿੱਚ ਵੋਟਰ ਨਿਰਧਾਰਤ ਚੋਣਾਂ ਦੇ ਦਿਨ ਤੋਂ ਪਹਿਲਾਂ ਵੋਟ ਦੇ ਸਕਦੇ ਹਨ । ਅਡਵਾਂਸ ਵੋਟਿੰਗ ਡਾਕ ਵੋਟਿੰਗ ਦੁਆਰਾ, ਵਿਅਕਤੀਗਤ ਤੌਰ 'ਤੇ ਜਾਂ ਨਿਰਧਾਰਤ ਅਡਵਾਂਸ ਪੋਲਿੰਗ ਸਟੇਸ਼ਨਾਂ 'ਤੇ ਜਾ ਕੇ ਪਾਈ ਜਾ ਸਕਦੀ ਹੈ।

# ਇਟਲੀ ’ਚ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਆਯੋਜਿਤ

## ਇੰਟਰਨੈਸ਼ਨਲ ਪੰਥਕ ਦੱਲ ਰੋਮ ਵੱਲੋਂ ਦਸਤਾਰ ਸਜਾਉਣ ਦਾ ਕੈਂਪ ਲਗਾਇਆ





ਰੋਮ/ਇਟਲੀ- ਜਿਵੇਂ ਕਿ ਇਹ ਸਾਰਾ ਸਾਲ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਪਰਤ ਹੈ ।ਇਸ ਕਰਕੇ ਪੂਰੀ ਦੁਨੀਆ ਵਿਚ ਜਿੱਥੇ-ਜਿੱਥੇ ਵੀ ਸਿੱਖ ਸੰਗਤ ਬੈਠੀ ਹੈ । ਉਥੇ-ਉਥੇ ਹੀ ਪੂਰੀ ਦੁਨੀਆ ਵਿਚ ਨਾਨਕ ਨਾਮਲੇਵਾ ਸੰਗਤਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾ ਰਹੀਆਂ ਹਨ । ਇਹ ਸਾਰਾ ਸਾਲ ਹੀ ਪੂਰੀ ਦੁਨੀਆ ਵਿਚ ਸਿੱਖ ਸੰਗਤਾਂ ਪ੍ਰਕਾਸ਼ ਦਿਹਾੜੇ ਨੂੰ ਸਮਪਰਤ ਨਗਰ ਕੀਰਤਨਾਂ ਦਾ ਸੁੱਮਚੇ ਵਿਸ਼ਵ ਵਿਚ ਸੰਚਾਰ ਕਰ ਰਹੀਆਂ ਹਨ ।ਇਸੇ ਲੜੀ ਤਹਿਤ ਅੱਜ ਇਟਲੀ ਦੇ ਸ਼ਹਿਰ ਬੈਰਗਾਮੋਂ ਦੇ ਪਿੰਡ ਕੋਵੋ ਦੇ ਮਾਤਾ ਸਾਹਿਬ ਕੌਰ ਗੁਰਦੁਆਰਾ ਸਾਹਿਬ (ਕੋਵੋ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਿੱਖ ਸੰਗਤਾਂ ਵੱਲੋਂ ਵੱਡੇ ਪੱਧਰ ਤੇ ਉਪਰਾਲਾ ਕਰਕੇ ਰੋਮਾਨੋ ਦੀ ਲਾਬਰਾਦੀਆਂ ਸ਼ਹਿਰ ਵਿਚ ਅੱਜ ਪੂਰੇ 2 ਵਜੇ ਤੋਂ ਲੈ ਕੇ ਸਾਢੇ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ਹਿਰ ਵਿਚ ਨਗਰ ਕੀਰਤਨ ਦੀ ਪ੍ਰਕਰਮਾ ਕੀਤੀ ਗਈ ।ਇਸ ਸਮੇਂ ਸਿੱਖ ਧਰਮ ਦੇ ਵੱਖ-ਵੱਖ ਸਲੋਗਨਾਂ ਦਾ ਇਟਾਲੀਅਨ ਭਾਸ਼ਾ ਵਿਚ ਅਨੁਵਾਦ ਕੀਤੇ ਹੋਏ ਸਲੋਗਨ ਛੋਟੇ-ਛੋਟੇ ਬੱਚਿਆਂ ਨੇ ਆਪਣੇ ਹੱਥਾਂ ਵਿਚ ਫੜ੍ਹੇ ਹੋਏ ਸਨ, ਜੋ ਕਿ ਸਿੱਖ ਧਰਮ ਦੇ ਉਦੇਸ਼ਾਂ ਦਾ ਪ੍ਰਦਰਸ਼ਨ ਕਰਦੇ ਸਨ । ਉਪਰੰਤ ਔਰਾ-ਤੋਰੀਓ ਕਾਪਸ਼ੀਨੀ ਵਿਖੇ ਸਜਾਏ ਗਏ ਪੰਡਾਲ ਵਿਚ ਸੰਗਤਾਂ ਨੂੰ ਗਿਆਨੀ ਓਕਾਰ ਸਿੰਘ ਦੇ ਢਾਡੀ ਜਥੇ ਨੇ ਸਿੱਖ ਧਰਮਾਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਇਸ ਸਮੇਂ ਇੰਟਰਨੈਸ਼ਨਲ ਪੰਥਕ ਦਲ ਰੋਮ ਵੱਲੋਂ ਦਸਤਾਰ ਦਾ ਕੈਂਪ ਲਗਾਕੇ ਇਟਾਲੀਅਨਾਂ ਲੋਕਾਂ ਅਤੇ ਸਿੱਖ ਸੰਗਤਾਂ ਦੇ ਸਿਰਾਂ ਤੇ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ । ਸਮੁੱਚੀ ਮਾਤਾ ਸਾਹਿਬ ਕੌਰ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ (ਕੋਵੋਂ) ਵੱਲੋਂ ਆਈਆਂ ਹੋਈਆਂ ਸਿੱਖ ਸੰਗਤਾਂ ਦਾ ਕੋਟਿ ਕੋਟਿ ਧੰਨਵਾਦ ਕੀਤਾ ਗਿਆ ।

## ਰਾਤੋ-ਰਾਤ ਚਮਕੀ ਔਰਤ ਦੀ ਕਿਸਮਤ, ਖਾਨ ’ਚੋਂ ਮਿਲਿਆ ਲੱਖਾਂ ਦਾ ਹੀਰਾ

ਪੰਨਾ- ਮੱਧ ਪ੍ਰਦੇਸ਼ ਦੇ ਪੰਨਾ ਜ਼ਿਲੇ ’ਚ ਇਕ ਔਰਤ ਨੂੰ ਹੀਰਾ ਖਾਨ ’ਚੋਂ ਕੀਮਤੀ ਹੀਰਾ ਮਿਲਿਆ ਹੈ। ਸੂਤਰਾਂ ਮੁਤਾਬਕ ਜ਼ਿਲਾ ਹੈਡਕੁਆਰਟਰ ਦੇ ਰਾਣੀਗੰਜ ਮੁਹੱਲਾ ਵਾਸੀ ਸ਼੍ਰੀਮਤੀ ਰਾਧਾ ਅਗਰਵਾਲ ਨੂੰ ਸਕਰੀਆ ਸਥਿਤ ਚੌਪਰਾ ਹੀਰਾ ਖਾਨ ’ਚ 7.87 ਕੈਰੇਟ ਦਾ ਜੈਮ ਕੁਆਲਿਟੀ ਵਾਲਾ ਕੀਮਤੀ ਹੀਰਾ ਮਿਲਿਆ ਹੈ।ਚਾਰ ਦਿਨ ਪਹਿਲਾਂ ਔਰਤ ਨੂੰ ਹੀਰਾ ਦਫਤਰ ਤੋਂ 8 ਗੁਣਾਂ 7 ਮੀਟਰ ਦਾ ਪੱਟਾ ਮਿਲਿਆ ਸੀ। ਪੱਟਾ ਮਿਲਣ ਦੇ ਤਿੰਨ ਦਿਨ ਬਾਅਦ ਔਰਤ ਨੂੰ ਇਹ ਕੀਮਤੀ ਹੀਰਾ ਮਿਲ ਗਿਆ। ਹੀਰਾ ਦਫਤਰ ਤੋਂ ਮਿਲੀ ਜਾਣਕਾਰੀ ਮੁਤਾਬਕ ਔਰਤ ਨੇ ਹੀਰਾ ਮਿਲਣ ’ਤੇ ਉਸ ਨੂੰ ਜਮ੍ਹਾ ਕਰਾ ਦਿੱਤਾ ਹੈ। ਹੀਰੇ ਦੀ ਅੰਦਾਜਨ ਲਾਗਤ 20 ਲੱਖ ਰੁਪਏ ਤੋਂ ਵਧ ਦੱਸੀ ਜਾ ਰਹੀ ਹੈ। ਇਹ 29.469 ਕੈਰੇਟ ਦਾ ਵਜ਼ਨੀ ਹੀਰਾ ਜੋ ਕਿ ਦਫਤਰ ’ਚ ਜਮ੍ਹਾ ਕੀਤਾ ਗਿਆ।

## ਜਾਪਾਨ ’ਚ ਤੂਫ਼ਾਨ ‘ਹੇਜਿਬੀਸ’ ਦਾ ਕਹਿਰ ਜਾਰੀ, 25 ਲੋਕਾਂ ਦੀ ਮੌਤ

ਟੋਕੀਓ-ਜਾਪਾਨ ਦੀ ਰਾਜਧਾਨੀ ਟੋਕੀਓ ਸਮੇਤ ਦੇਸ਼ ਦੇ ਹੋਰ ਹਿੱਸਿਆਂ ’ਚ ਭਿਆਨਕ ਤੂਫ਼ਾਨ ‘ਹੇਜਿਬੀਸ’ ਕਾਰਨ ਹੁਣ ਤੱਕ 25 ਲੋਕਾਂ ਦੀ ਮੌਤ ਚੁੱਕੀ ਹੈ। ਉੱਥੇ ਹੀ ਇਸ ਕਾਰਨ ਕਈ ਲੋਕ ਲਾਪਤਾ ਅਤੇ ਜ਼ਖ਼ਮੀ ਹੋਏ ਹਨ। ਇੱਥੇ ਭਾਰੀ ਮੀਂਹ ਕਾਰਨ ਆਏ ਹੜ੍ਹ ’ਚ ਫਸੇ ਲੋਕਾਂ ਨੂੰ ਬਚਾਉਣ ਲਈ ਅੱਜ ਵੱਡੇ ਪੱਧਰ ’ਤੇ ਬਚਾਅ ਮੁਹਿੰਮ ਚਲਾਈ ਜਾ ਰਹੀ ਹੈ। ਸ਼ਕਤੀਸ਼ਾਲੀ ਤੂਫ਼ਾਨ ‘ਹੇਜਿਬੀਸ’ ਨੇ ਲੰਘੇ ਦਿਨ ਜਾਪਾਨ ’ਚ ਦਸਤਕ ਦਿੱਤੀ ਸੀ। ਤੂਫ਼ਾਨ ਆਉਣ ਤੋਂ ਬਾਅਦ ਦੇਸ਼ ਦੇ ਵੱਡੇ ਹਿੱਸੇ ’ਚ ਭਾਰੀ ਮੀਂਹ ਪਿਆ, ਜਿਸ ਕਾਰਨ ਹੜ੍ਹ ਆ ਗਿਆ ਅਤੇ ਢਿਗਾਂ ਡਿੱਗਣ ਦੀਆਂ ਘਟਨਾਵਾਂ ਵਾਪਰੀਆਂ। ਤੂਫ਼ਾਨ ਟੋਕੀਓ ਨੂੰ ਆਪਣੀ ਲਪੇਟ ’ਚ ਲੈਣ ਤੋਂ ਬਾਅਦ ਉੱਤਰ ਵੱਲ ਵਧ ਗਿਆ। ਜਾਪਾਨ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ ਇਹ ਤੂਫ਼ਾਨ ਪਿਛਲੇ 6 ਦਹਾਕਿਆਂ ਦਾ ਸਭ ਤੋਂ ਖ਼ਤਰਨਾਕ ਤੂਫ਼ਾਨ ਹੈ।ਰਾਤੋ-ਰਾਤ ਕਰੀਬ 4.4 ਮਿਲੀਅਨ ਤੋਂ ਵੱਧ ਲੋਕਾਂ ਨੂੰ ਪੂਰਬੀ ਅਤੇ ਉੱਤਰੀ-ਪੂਰਬੀ ਜਾਪਾਨ ਵਿਚ ਆਪਣੇ ਘਰਾਂ ਨੂੰ ਖਾਲੀ ਕਰਨ ਦਾ ਆਦੇਸ਼ ਦਿੱਤਾ ਗਿਆ, ਜਿਸ ਵਿਚ 910,000 ਦੀ ਆਬਾਦੀ ਵਾਲਾ ਕਾਵਾਸਾਕੀ ਸ਼ਹਿਰ ਵੀ ਸ਼ਾਮਲ ਸੀ। ਐਤਵਾਰ ਨੂੰ ਹੈਗੀਬਿਸ ਪ੍ਰਸ਼ਾਂਤ ਦੇ ਉੱਪਰ ਸੀ, ਇਹ ਉੱਤਰੀ-ਪੂਰਬੀ ਜਾਪਾਨ ਦੇ ਤੱਟ ਤੋਂ ਪਾਰ 60 ਕਿਲੋਮੀਟਰ ਪ੍ਰਤੀ ਘੰਟੇ ਦੀ ਯਾਤਰਾ ’ਤੇ ਰਿਹਾ ਅਤੇ ਵੱਧ ਤੋਂ ਵੱਧ 108 ਕਿਲੋਮੀਟਰ ਪ੍ਰਤੀ ਘੰਟਾ ਦੀਆਂ ਹਵਾਵਾਂ ਅਤੇ 142 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਉੱਤਰ-ਪੂਰਬ ਦੀ ਯਾਤਰਾ ਕੀਤੀ।ਤੂਫ਼ਾਨ ਨਾਲ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਲੋਕਾਂ ਦੀ ਮਦਦ ਲਈ ਕਿਸ਼ਤੀਆਂ ਅਤੇ ਹੈਲੀਕਾਪਟਰਾਂ ਨੂੰ ਤਾਇਨਾਤ ਕੀਤਾ ਗਿਆ ਹੈ।







# ਅਮਰੀਕਾ ਦੇ ਸਪਰਿੰਗਫੀਲਡ ਵਿਸ਼ਵ ਸਭਿਆਚਾਰਕ ਮੇਲੇ ਵਿਚ ਸਿੱਖਾਂ ਦੀ ਨਿਵੇਕਲੀ ਪਛਾਣ ਬਣੀ ਖਿੱਚ ਦਾ ਕੇਂਦਰ

## ਸਪਰਿੰਗਫੀਲਡ ਦੇ ਪੁਲੀਸ ਚੀਫ ਨੇ ਸਿੱਖੀ ਸਰੂਪ ਵਿਚ ਪੁਲਿਸ ਵਿਚ ਸ਼ਾਮਲ ਹੋਣ ਦਾ ਦਿੱਤਾ ਸੱਦਾ

ਡੇਟਨ, ਓਹਾਇਓ (ਹੁਸਨ ਲੜੋਆ ਬੰਗਾ) ਅਮਰੀਕਾ ਦੇ ਪ੍ਰਸਿੱਧ ਸੂਬੇ ਓਹਾਇਓ ਦੇ ਪ੍ਰਸਿੱਧ ਸ਼ਹਿਰ ਸਪਰਿੰਗਫੀਲਡ ਦੇ ਸਿਟੀ ਹਾਲ ਪਲਾਜ਼ਾ ਵਿਖੇ 23 ਵਾਂ ਵਿਸ਼ਵ ਪੱਧਰੀ ਸਭਿਆਚਾਰਕ ਮੇਲਾ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਅਮਰੀਕਾ ਵਿਚ ਦੁਨੀਆਂ ਦੇ ਵੱਖ ਵੱਖ ਮੁਲਕਾਂ ਤੋਂ ਆ ਕੇ ਵੱਸੇ ਲੋਕਾਂ ਵਿਚ ਵਖਰੇਵਿਆਂ ਦੇ ਬਾਵਜੂਦ ਉਨ੍ਹਾਂ ਵਿਚ ਇਕ ਸਾਂਝ ਪੈਦਾ ਕਰਨ ਲਈ ਕਈ ਸ਼ਹਿਰਾਂ ਵਿਚ ਵਿਸ਼ਵ ਸਭਿਆਚਾਰਕ ਮੇਲੇ ਲੱਗਦੇ ਹਨ। ਸਪਰਿੰਗਫੀਲਡ ਦੇ ਇਸ ਮੇਲੇ ਵਿਚ ਕਈ ਪੰਜਾਬੀ ਨੇੜਲੇ ਸ਼ਹਿਰ ਡੇਟਨ, ਸਿਨਸਿਨਾਟੀ ਤੇ ਕੋਲੰਬਸ ਦੇ ਵਸਨੀਕਾਂ ਦੇ ਸਹਿਯੋਗ ਨਾਲ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ। ਸਿੱਖਾਂ ਵਿਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਲਈ ਮੇਲੇ ਵਿਚ ਅਮਰੀਕਨਾਂ ਨੂੰ ਦਸਤਾਰਾਂ ਸਜਾਈਆਂ ਗਈਆਂ ਤੇ ਸਿੱਖਾਂ ਨਾਲ ਸਬੰਧਤ ਲਿਟਰੇਚਰ ਵੀ ਵੰਡਿਆ ਗਿਆ। ਲੋਕਾਂ ਵਲੋਂ ਖ਼ੁਸ਼ੀ ਖ਼ੁਸ਼ੀ







ਦਸਤਾਰਾਂ ਸਜਾਈਆਂ ਗਈਆਂ ਅਤੇ ਨਾਲ ਹੀ ਉਹਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਮੇਲੇ ਵਿਚ ਜਦ ਹੀ ਦਸਤਾਰਾਂ ਬਨਣੀਆਂ ਸ਼ੁਰੂ ਕੀਤੀਆ ਗਈਆ, ਲੋਕਾਂ ਦੀ ਇਕ ਲੰਬੀ ਕਤਾਰ ਲੱਗ ਗਈ ਅਤੇ ਵੱਡੀ ਗਿਣਤੀ ਵਿਚ ਦਸਤਾਰਾਂ ਸਜਾਈਆਂ ਗਈਆਂ। ਸਿੱਖਾਂ ਅਤੇ ਉਨਾਂ ਦੀ ਨਿਵਕੇਲੀ ਪਛਾਣ ਤੋਂ ਜਾਣੂ ਕਰਾਉਣ ਲਈ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿਚ ਸਿਖ ਫੋਜੀਆਂ, ਸਿੱਖਾਂ ਦੀ ਦਸਤਾਰ, ਕੇਸਾਂ ਤੇ ਸਿੱਖਾਂ ਨਾਲ ਸੰਬੰਧਿਤ ਹੋਰ ਤਸਵੀਰਾਂ ਵੀ ਇਸ ਪ੍ਰਦਰਸ਼ਨੀ ਵਿਚ ਰਖੀਆਂ ਗਈਆਂ। ਸਪਰਿੰਗਫੀਲਡ ਦੇ ਪੁਲਿਸ ਚੀਫ ਲੀ ਗ੍ਰਾਫ ਵੀ ਸਿੱਖਸ ਇਨ ਅਮਰੀਕਾ ਦੇ ਬੂਥ ਤੇ ਆਏ। ਉਹਨਾਂ ਨੇ ਹੁਸਟਨ ਵਿਖੇ ਸਿੱਖ ਪਛਾਣ ਨੂੰ ਕਾਇਮ ਰੱਖਦੇ ਸ਼ਹੀਦ ਹੋਏ ਦਸਤਾਰਧਾਰੀ ਡਿਪਟੀ ਸ਼ੈਰੀਫ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਦਿੱਤੀ। ਡੇਟਨ ਦੇ ਵਸਨੀਕ ਫਲਾਈ ਅੰਮ੍ਰਿਤਸਰ ਮੁਹਿੰਮ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨਾਲ ਗੱਲਬਾਤ ਕਰਦਿਆਂ ਪੁਲਿਸ ਚੀਫ ਨੇ ਸਿੱਖਾਂ ਨੂੰ ਸਪਰਿੰਗਫੀਲਡ ਪੁਲਿਸ ਵਿਚ ਸਿੱਖੀ ਸਰੂਪ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ। ਸਿੱਖਾਂ ਨੂੰ ਹਾਲੇ ਅਮਰੀਕਾ ਦੇ ਸਿਰਫ ਕੁੱਝ ਸ਼ਹਿਰਾਂ ਵਿਚ ਸਿੱਖੀ ਸਰੂਪ ਵਿਚ ਸ਼ਾਮਲ ਹੋਣ ਦੀ ਆਗਿਆ ਹੈ। ਇਸ ਪੇਸ਼ਕਸ਼ ਦਾ ਸਿਖ ਭਾਈਚਾਰੇ ਵਲੋਂ ਸਵਾਗਤ ਕੀਤਾ ਗਿਆ ਹੈ। ਮੇਅਰ ਵਾਰਨ ਕੋਪ ਨੇ ਉਦਘਾਟਨ ਦੀ ਰਸਮ ਅਦਾ ਕੀਤੀ। ਉਪਰੰਤ ਵੱਖ-ਵੱਖ ਮੁਲਕਾਂ ਤੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਗਿੱਧਾ ਤੇ ਭੰਗੜਾ ਵੀ ਸ਼ਾਮਲ ਸਨ। ਕੋਲਬੰਸ ਦੇ ਵਸਨੀਕ ਸ. ਗੁਰਪ੍ਰੀਤ ਸਿੰਘ ਨੇ ਢੋਲ ਦੇ ਡੱਗੇ ਤੇ ਅਮਰੀਕੀ ਨਚਣੇ ਲਾ ਦਿੱਤੇ। ਇਸ ਪਿੱਛੋਂ ਗਿੱਧੇ ਅਤੇ ਭੰਗੜੇ ਨੇ ਵੀ ਖ਼ੂਬ ਰੰਗ ਬੰਨਿਆ।

# ਹੋਰਨਾਂ ਗੁਰਦੁਆਰਿਆਂ ਵਾਂਗ ਸ੍ਰੀ ਹਰਿ ਮੰਦਰ ਸਾਹਿਬ ਦਾ ਸਿੱਧਾ ਪ੍ਰਸਾਰਨ 24 ਘੰਟੇ ਕੀਤਾ ਜਾਵੇ: ਡਾ. ਗੁਮਟਾਲਾ



ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਕ ਨਿਜੀ ਪੱਤਰ ਲਿੱਖ ਕੇ ਮੰਗ ਕੀਤੀ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਧਿਆਨ ਵਿਚ ਰਖਦੇ ਹੋਇ ਸ੍ਰੀ ਦਰਬਾਰ ਸਾਹਿਬ ਦੇ ਪੀ. ਟੀ. ਸੀ., ਟੀ. ਵੀ.ਚੈਨਲ ਤੋਂ 24 ਘੰਟੇ ਸਿੱਧਾ ਪ੍ਰੋਗਰਾਮ ਪ੍ਰਸਾਰਿਤ ਕੀਤਾ ਜਾਵੇ ਤੇ ਇਸ ਨੂੰ ਜਿੰਨੀ ਦੇਰ ਤੀਕ ਕੋਈ ਬਦਲਵਾਂ ਪ੍ਰਬੰਧ ਨਹੀਂ ਹੋ ਜਾਂਦਾ ਜਾਰੀ ਰਖਿਆ ਜਾਵੇ।


ਇਸ ਸਮੇਂ ਸ੍ਰੀ ਦਰਬਾਰ ਸਾਹਿਬ ਦਾ ਰੇਡੀਓ ਦੁਆਰਾ ਕੀਰਤਨ ਦਾ ਸਾਰੇ ਦਿਨ ਦਾ ਸਿੱਧਾ ਪ੍ਰਸਾਰਨ ਕੀਤਾ ਜਾਂਦਾ ਹੈ,ਜਿਸ ਦਾ ਦੁਨੀਆਂ ਭਰ ਦੇ ਸ਼ਰਧਾਲੂ ਆਨੰਦ ਮਾਣ ਰਹੇ ਹਨ। ਏਸੇ ਤਰ੍ਹਾਂ ਗੁਰਬਾਣੀ ਨੂੰ ਘਰ ਘਰ ਪਹੁੰਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਟੀ. ਵੀ. ਚੈਨਲ ਲਾਏ, ਜਿੱਥੋਂ 24 ਘੰਟੇ ਸਿੱਧਾ ਪ੍ਰਸਾਰਨ ਕੀਤਾ ਜਾਵੇ । ਇਸ ਚੈਨਲ ਤੋਂ ਸ਼ਰਤਾਂ ਅਧੀਨ ਦੂਜੇ ਚੈਨਲਾਂ ਵਾਲਿਆਂ ਨੂੰ ਪ੍ਰਸਾਰਨ ਕਰਨ ਦੀ ਮੁਫ਼ਤ ਵਿਚ ਆਗਿਆ ਦਿੱਤੀ ਜਾਵੇ ਤਾਂ ਜੋ ਦੁਨੀਆਂ ਭਰ ਵਿਚ ਵਸਦੇ ਨਾਮ ਲੇਵਾ ਇਲਾਹੀ ਬਾਨੀ ਦਾ ਆਨੰਦ ਮਾਣ ਸਕਣ ।ਜਦ ਇਹ ਚੈਨਲ ਕਾਮਯਾਬ ਹੋ ਜਾਵੇ ਤਾਂ ਦੂਜਾ ਚੈਨਲ ਕੇਵਲ ਸਿੱਖੀ ਦੇ ਪ੍ਰਚਾਰ ਲਈ ਸ਼ੁਰੂ ਕੀਤਾ ਜਾਵੇ ।ਕਿਹਾ ਜਾਂਦਾ ਹੈ ਕਿ ਇਕ ਚੈਨਲ ਸ਼ੁਰੂ ਕਰਨ ਦਾ ਤਕਰੀਬਨ 40 ਲੱਖ ਰੁਪਏ ਖ਼ਰਚਾ ਆਉਂਦਾ ਹੈ ।ਇਹ ਰਕਮ ਕਮੇਟੀ ਲਈ ਕੋਈ ਵੱਡੀ ਨਹੀਂ।

ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚਲ ਰਹੇ ਬਹੁਤ ਸਾਰਿਆਂ ਗੁਰਦੁਆਰਿਆਂ ਜਿਵੇਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਲੁਧਿਆਣਾ , ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਆਦਿ ਤੇ ਦੁਨੀਆਂ ਭਰ ਦੇ ਅਨੇਕਾਂ ਗੁਰਦੁਆਰਿਆਂ ਦਾ ਸਿੱਧਾ ਪ੍ਰਸਾਰਨ ਵੱਖ ਵੱਖ ਚੈਨਲਾਂ ਰਾਹੀਂ ਹੋ ਰਿਹਾ ਹੈ ਜਦ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਸਾਰਨ ਕੁਝ ਘੰਟਿਆਂ ਲਈ ਰੀਲੇਅ ਕੀਤਾ ਜਾਂਦਾ ਹੈ ਤੇ ਉਹ ਵੀ ਕੇਵਲ ਪੀ. ਟੀ. ਸੀ., ਟੀ. ਵੀ.ਚੈਨਲ ਤੋਂ ।

ਡਾ. ਗੁਮਟਾਲਾ ਦਾ ਕਹਿਣਾ ਹੈ ਕਿ ਇਸ ਸਬੰਧੀ ਉਨ੍ਹਾਂ ਸਭ ਤੋਂ ਪਹਿਲਾ ਪੱਤਰ 8 ਨਵੰਬਰ 2016 ਨੂੰ ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਨੂੰ ਲਿਖਿਆ ਸੀ। ਉਸ ਸਮੇਂ ਤੋਂ ਉਨ੍ਹਾਂ ਵੱਲੋਂ ਕਈ ਯਾਦ ਪੱਤਰ ਲਿੱਖੇ ਜਾ ਚੁੱਕੇ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਕਮੇਟੀ ਵੱਲੋਂ ਨਾ ਤਾਂ ਆਪਣਾ ਟੀ. ਵੀ. ਚੈਨਲ ਸ਼ੁਰੂ ਕੀਤਾ ਜਾ ਰਿਹਾ ਹੈ ਤੇ ਨਾ ਹੀ ਇਸ ਨੂੰ ਲਗਾਉਣ ਵਿਚ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ ਜਾ ਰਿਹਾ ਹੈ।



# ਦਸਤਾਰ ਦੀ ਬੇਅਦਬੀ ਤੋਂ ਭੜਕੇ ਮਜੀਠੀਆ, ਅਕਾਲ ਤਖ਼ਤ ਤੱਕ ਜਾਣ ਦਾ ਐਲਾਨ

ਚੰਡੀਗੜ੍ਹ- ਸੀਨੀਅਰ ਅਕਾਲੀ ਲੀਡਰ ਬਿਕਰਮ ਮਜੀਠੀਆ ਨੇ ਅੰਮ੍ਰਿਤਧਾਰੀ ਕਾਂਗਰਸੀ ਵਰਕਰ ਦੀ ਪੱਗ ਲਾਉਣ ਦਾ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਰੱਖਣ ਦਾ ਐਲਾਨ ਕੀਤਾ ਹੈ। ਉਨ੍ਹਾਂ ਚਿਤਾਵਨੀ ਵੀ ਦਿੱਤੀ ਹੈ ਕਿ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਖ਼ਿਲਾਫ਼ ਦਸਤਾਰ ਤੇ ਕਕਾਰਾਂ ਦੀ ਬੇਅਦਬੀ ਕਰਨ ਤੇ ਕੁੱਟਮਾਰ ਕਰਨ ਦਾ ਕੇਸ ਦਰਜ ਕੀਤਾ ਜਾਵੇ ਨਹੀਂ ਤਾਂ ਸੰਘਰਸ਼ ਕੀਤਾ ਜਾਏਗਾ। ਮਜੀਠੀਆ ਦੇ ਐਲਾਨ ਮਗਰੋਂ ਹਲਕਾ ਦਾਖਾ 'ਚ ਕਾਂਗਰਸ ਮੁੱਖ ਚੋਣ ਦਫ਼ਤਰ ਨੇੜੇ ਅੰਮ੍ਰਿਤਧਾਰੀ ਕਾਂਗਰਸੀ ਵਰਕਰ ਨਾਲ ਹੋਈ ਕੁੱਟਮਾਰ ਦਾ ਮਾਮਲਾ ਹੋਰ ਭਖ ਗਿਆ ਹੈ। ਇਸ ਕੁੱਟਮਾਰ ਵਿੱਚ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂ ਆ ਰਿਹਾ ਹੈ। ਮਜੀਠੀਆ ਨੇ ਕਿਹਾ ਕਿ ਦਸਤਾਰ ਤੇ ਕਕਾਰਾਂ ਦੀ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਇਸ ਮਾਮਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਲੈ ਜਾਣ ਦਾ ਐਲਾਨ ਕੀਤਾ। ਦਿਲਚਸਪ ਹੈ ਕਿ ਮੰਗਲਵਾਰ ਨੂੰ ਮਜੀਠੀਆ ਨੇ ਜਦੋਂ ਲੁਧਿਆਣਾ ਵਿੱਚ ਪ੍ਰੈੱਸ ਕਾਨਫਰੰਸ ਕੀਤੀ ਤਾਂ ਉਨ੍ਹਾਂ ਨਾਲ ਪੀੜਤ ਨੌਜਵਾਨ ਦਾ ਸਾਥੀ ਤਰਨਦੀਪ ਸਿੰਘ ਵੀ ਸ਼ਾਮਲ ਹੋਇਆ। ਉਸ ਨੇ ਕਾਂਗਰਸੀ ਮੰਤਰੀ ਖ਼ਿਲਾਫ਼ ਗੰਭੀਰ ਦੋਸ਼ ਵੀ ਲਾਏ। ਉਸ ਨੇ ਦਾਅਵਾ ਕੀਤਾ ਕਿ ਲੁਧਿਆਣਾ ਦੇ ਮੇਅਰ ਬਲਕਾਰ ਸਿੰਘ ਸੰਧੂ ਉਨ੍ਹਾਂ ਦੋਵਾਂ ਨੂੰ ਆਪਣੀ ਗੱਡੀ ਵਿੱਚ ਬਿਠਾ ਕੇ ਕਾਂਗਰਸ ਦਫ਼ਤਰ ਲੈ ਕੇ ਆਏ ਸਨ ਜਿੱਥੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ। ਇਸ ਮਾਮਲੇ ਵਿੱਚ ਪੁਲਿਸ ਨੇ ਕਾਂਗਰਸੀ ਲੀਡਰ ਗੋਰਾ ਤੇ ਤਰਨਦੀਪ ਸਿੰਘ ਖ਼ਿਲਾਫ਼ ਲੁੱਟਖੋਹ ਤੇ ਕੁੱਟਮਾਰ ਕਰਨ ਦਾ ਕੇਸ ਦਰਜ ਕੀਤਾ ਹੈ। ਤਰਨਦੀਪ ਨੇ ਦਾਅਵਾ ਕੀਤਾ ਕਿ ਉਹ ਕਾਂਗਰਸ ਦਾ ਸੱਚਾ ਸਿਪਾਹੀ ਹੈ ਪਰ ਉਸ ਨੂੰ ਕਾਂਗਰਸ ਦੇ ਸੀਨੀਅਰ ਲੀਡਰ ਤੇ ਕੁਝ ਬਦਮਾਸ਼ ਧਮਕੀਆਂ ਦੇ ਰਹੇ ਹਨ ਕਿ ਉਹ ਮੰਤਰੀ ਆਸ਼ੂ ਨਾਲ ਸਮਝੌਤਾ ਕਰ ਲਵੇ। ਉਸ ਨੇ ਇਹ ਵੀ ਸਪਸ਼ਟ ਕੀਤਾ ਕਿ ਉਹ ਹਾਲੇ ਅਕਾਲੀ ਦਲ ਵਿੱਚ ਸ਼ਾਮਲ ਨਹੀਂ ਹੋਇਆ ਤੇ ਉਸ ਨੇ ਸਿਰਫ਼ ਮਦਦ ਮੰਗੀ ਹੈ।

# ਕਾਂਗਰਸੀ ਉਮੀਦਵਾਰਾਂ ਨੇ ਚੋਣਾਂ 'ਚ ਜਿੱਤ ਲਈ ਸਟੇਜ 'ਤੇ ਲਗਵਾਏ ਠੁਮਕੇ

ਕਪੂਰਥਲਾ, 16 ਅਕਤੂਬਰ (ਚ.ਨ.ਸ.): ਪੰਜਾਬ ਦੇ ਚਾਰ ਵਿਧਾਨਸਭਾ ਖੇਤਰਾਂ 'ਚ ਜ਼ਿਮਨੀ ਚੋਣਾਂ ਦੇ ਦੌਰਾਨ ਸਿਆਸੀ ਪਾਰਾ ਚੜ੍ਹਿਆ ਹੋਇਆ ਹੈ। ਅਜਿਹੇ 'ਚ ਹਰ ਪਾਰਟੀ ਵੋਟਰਾਂ ਨੂੰ ਖ਼ੁਸ਼ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਅਤੇ ਉਮੀਦਵਾਰ ਤਰ੍ਹਾਂ-ਤਰ੍ਹਾਂ ਦੇ ਪਾਪੜ ਬੇਲ ਰਹੇ ਹਨ। ਹਾਲ ਹੀ 'ਚ ਤਾਜ਼ਾ ਮਾਮਲਾ ਜ਼ਿਲ੍ਹਾ ਕਪੂਰਥਲਾ ਦੇ ਫਗਵਾੜਾ ਤੋਂ ਸਾਹਮਣੇ ਆਇਆ ਹੈ। ਜਿੱਥੇ ਕਾਂਗਰਸੀ ਉਮੀਦਵਾਰ ਬਲਵਿੰਦਰ ਸਿੰਘ ਧਾਲੀਵਾਲ ਨੇ ਵੋਟਰਾਂ ਨੂੰ ਖ਼ੁਸ਼ ਕਰਨ ਦੇ ਲਈ ਸਟੇਜ 'ਤੇ ਠੁਮਕੇ ਲਗਵਾਣੇ ਪਏ। ਫਗਵਾੜਾ ਦੇ ਓਨਕਾਰ ਨਗਰ 'ਚ ਜ਼ਿਆਦਾਤਰ ਪਰਵਾਸੀ ਭਾਰਤੀ ਰਹਿੰਦੇ ਹਨ। ਜਿਸ ਦੇ ਚਲਦੇ ਉਮੀਦਵਾਰ ਬਲਵਿੰਦਰ ਨੇ ਭੋਜਪੁਰੀ ਫੇਮਸ ਗਾਇਕਾ ਖ਼ੁਸ਼ਬੂ ਤਿਵਾਰੀ ਨੂੰ ਬੁਲਾਇਆ ਅਤੇ ਉਸ ਦੌਰਾਨ ਸਟੇਜ 'ਤੇ ਡਾਂਸਰਸ ਤੋਂ ਠੁਮਕੇ ਲੱਗਵਾਏ। ਇਸ ਸਟੇਜ 'ਤੇ ਮੁਖ ਮਹਿਮਾਨ ਵੱਜੋਂ ਕੈਬਿਨਟ ਮੰਤਰੀ ਸ਼ਾਮ ਸੁੰਦਰ ਅਰੋੜਾ ਮੌਜੂਦ ਸੀ। ਜਿਨ੍ਹਾਂ ਤੋਂ ਚੋਣਾਂ 'ਚ ਲੜਣ ਦੇ ਮੁੱਦਿਆਂ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਪਿਛਲੇ ਢਾਈ ਸਾਲ ਦੇ ਵਿਕਾਸ ਕੰਮਾਂ ਦੀ ਗੱਲ ਕੀਤੀ। ਇਸ ਦੇ ਨਾਲ ਹੀ ਜਦੋਂ ਉਨ੍ਹਾਂ ਨੂੰ ਸਟੇਜ 'ਤੇ ਲਗਵਾਏ ਠੁਮਕਿਆਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਪਹਿਲਾਂ ਤਾਂ ਸਵਾਲ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਪਰ ਬਾਅਦ 'ਚ ਉਨ੍ਹਾਂ ਨੇ ਖੁਦ ਮਨਿਆ ਕਿ ਇਹ ਗਲਤ ਹੈ। ਇਹੀ ਨਹੀਂ ਇਸ ਦੌਰਾਨ ਪੰਜਾਬ ਪੁਲਿਸ ਨੇ ਵੀ ਲੋਕਾਂ ਬੈਠ ਕੇ ਪ੍ਰੋਗ੍ਰਾਮ ਵੇਖਣ ਦੀ ਅਪੀਲ ਕੀਤੀ ਪਰ ਜਿਨ੍ਹਾਂ ਲੋਕਾਂ ਨੇ ਗੱਲ ਨਹੀਂ ਮੰਨੀ ਤਾਂ ਉਨ੍ਹਾਂ ਨਾਲ ਥੋੜਾ ਸਖ਼ਤ ਰਵਈਆ ਵਰਤਿਆ ਗਿਆ।




# ਵਿੱਤ ਮੰਤਰੀ ਨਿਰਮਲਾ ਨੇ ਨਹੀਂ ਮੰਨੀ ਪਤੀ ਦੀ ਸਲਾਹ, ਡਾ. ਮਨਮੋਹਨ ਸਿੰਘ ਤੇ ਰਘੁਰਾਮ ਦੀ ਅਲੋਚਨਾ

ਨਵੀਂ ਦਿੱਲੀ- ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੰਗਲਵਾਰ ਨੂੰ ਕੋਲੰਬੀਆ ਯੂਨੀਵਰਸਿਟੀ 'ਚ ਲੈਕਚਰ ਦੌਰਾਨ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਆਰਬੀਆਈ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦਾ ਕਾਰਜਕਾਲ ਸਰਕਾਰੀ ਬੈਂਕਾਂ ਲਈ ਸਭ ਤੋਂ ਖ਼ਰਾਬ ਦੌਰ ਸੀ। ਉਸ ਸਮੇਂ ਕਰੀਬੀ ਨੇਤਾਵਾਂ ਨੂੰ ਫੋਨ 'ਤੇ ਲੋਨ ਦੇ ਦਿੱਤਾ ਜਾਂਦਾ ਸੀ। ਸੀਤਾਰਮਨ ਨੇ ਕਿਹਾ ਕਿ ਹੁਣ ਸਾਰੀਆਂ ਸਰਕਾਰੀ ਬੈਂਕਾਂ ਦੀ ਮਦਦ ਕਰਨਾ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਹੈ। ਯਾਦ ਰਹੇ ਐ ਕੁਝ ਦਿਨ ਪਹਿਲਾਂ ਹੀ ਵਿੱਤ ਮੰਤਰੀ ਸੀਤਾਰਮਨ ਦੇ ਪਤੀ ਤੇ ਬੁੱਧੀਜੀਵੀ ਪਰਕਲਾ ਪ੍ਰਭਾਕਰ ਨੇ ਅੰਗਰੇਜ਼ੀ ਅਖ਼ਬਾਰ ਵਿੱਚ ਲੇਖ ਲਿਖ ਕੇ ਮੋਦੀ ਸਰਕਾਰ ਨੂੰ ਸਾਬਕਾ ਪੀਵੀ ਨਰਸਿਮ੍ਹਾ ਰਾਓ ਤੇ ਡਾ. ਮਨਮੋਹਨ ਸਿੰਘ ਸਰਕਾਰ ਦੇ ਆਰਥਿਕ ਮਾਡਲ ਨੂੰ ਅਪਨਾਉਣ ਦੀ ਸਲਾਹ ਦਿੱਤੀ ਸੀ। ਪ੍ਰਭਾਕਰ ਨੇ ਆਪਣੇ ਲੇਖ 'ਚ ਸਾਲ 1991 'ਚ ਵਿਗੜੀ ਅਰਥਵਿਵਸਥਾ ਦਾ ਵੀ ਜ਼ਿਕਰ ਕੀਤਾ ਹੈ। ਨਰਸਿਮ੍ਹਾ ਸਰਕਾਰ 'ਚ ਡਾ. ਮਨਮੋਹਨ ਸਿੰਘ ਵਿੱਤ ਮੰਤਰੀ ਸੀ। ਦਰਅਸਲ ਰਿਜ਼ਰਵ ਬੈਂਕ ਦੇ ਸਾਬਕਾ ਗ਼ਵਰਨਰ ਰਘੂਰਾਮ ਰਾਜਨ ਨੇ ਪਿਛਲੇ ਦਿਨੀਂ ਇੱਕ ਲੈਕਚਰ 'ਚ ਕਿਹਾ ਸੀ ਕਿ ਨਰਿੰਦਰ ਮੋਦੀ ਸਰਕਾਰ ਨੇ ਪਹਿਲੇ ਕਾਰਜਕਾਲ 'ਚ ਅਰਥ-ਵਿਵਸਥਾ ਲਈ ਚੰਗਾ ਕੰਮ ਨਹੀਂ ਕੀਤਾ ਕਿਉਂਕਿ ਸਰਕਾਰ ਪੂਰੀ ਤਰ੍ਹਾਂ ਕੇਂਦਰਤ ਸੀ। ਅਜਿਹਾ ਨਹੀਂ ਲੱਗਦਾ ਕਿ ਆਰਥਿਕ ਵਿਕਾਸ ਦਰ ਹਾਸਲ ਕਰਨ ਲਈ ਸਰਕਾਰ ਦਾ ਨਜ਼ਰੀਆ ਇੱਕ ਜਿਹਾ ਤੇ ਸਾਫ ਜ਼ਾਹਿਰ ਹੈ। ਇਸ ਦੇ ਜਵਾਬ 'ਚ ਸੀਤਾਰਮਨ ਨੇ ਕਿਹਾ, ਮੈਂ ਸ਼ੁਕਰਗੁਜ਼ਾਰ ਹਾਂ ਕਿ ਰਾਜਨ ਨੇ ਅਸੇਟ ਕਵਾਲਿਟੀ ਰਿਵਿਊ ਕੀਤਾ, ਪਰ ਲੋਕ ਜਾਣਦੇ ਹਨ ਕਿ ਬੈਂਕਾਂ ਦੀ ਅੱਜ ਜੋ ਹਾਲਤ ਹੈ, ਉਸ ਦਾ ਜ਼ਿੰਮੇਵਾਰ ਕੌਣ ਹੈ? ਉਨ੍ਹਾਂ ਨੇ ਕਿਹਾ ਕਿ ਮੈਂ ਰਘੂਰਾਮ ਦਾ ਸਨਮਾਨ ਕਰਦੀ ਹਾਂ ਪਰ ਉਨ੍ਹਾਂ ਨੂੰ ਅਜਿਹੇ ਸਮੇਂ ਆਰਬੀਆਈ ਦਾ ਗਵਰਨਰ ਬਣਾਇਆ ਗਿਆ ਜਿਸ ਸਮੇਂ ਭਾਰਤੀ ਅਰਥ-ਵਿਵਸਥਾ ਬਿਹਤਰ ਸੀ।

# ਕੈਪਟਨ ਦੇ ਦਾਅ ਨੇ ਅਕਾਲੀ ਦਲ ਨੂੰ ਉਲਝਾਇਆ, ਹੁਣ ਸਭ ਦੀਆਂ ਨਜ਼ਰਾਂ ਅਕਾਲ ਤਖ਼ਤ 'ਤੇ




ਚੰਡੀਗੜ੍ਹ-ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਕਾਂਗਰਸ ਤੇ ਅਕਾਲੀ ਦਲ ਦੀ ਲੜਾਈ ਦਿਲਚਸਪ ਮੋੜ 'ਤੇ ਪੁੱਜ ਗਈ ਹੈ। ਇਸ ਸਿਆਸੀ ਲੜਾਈ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਕਸੂਤੇ ਘਿਰ ਗਏ ਹਨ। ਇੱਕ ਪਾਸੇ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵੱਖਰਾ ਪ੍ਰੋਗਰਾਮ ਕਰਾਉਣ ਲਈ ਬਾਜ਼ਿਦ ਹੈ ਤੇ ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਂਝੇ ਪ੍ਰੋਗਰਾਮ ਬਾਰੇ ਫੈਸਲਾ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ 'ਤੇ ਛੱਡ ਦਿੱਤਾ ਹੈ। ਹੁਣ ਸਭ ਨੂੰ 21 ਅਕਤੂਬਰ ਦੀ ਉਡੀਕ ਹੈ ਕਿਉਂਕਿ ਉਸ ਦਿਨ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਹੋਣ ਜਾ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਮੀਟਿੰਗ ਵਿੱਚ ਵਿਚਾਰ ਚਰਚਾ ਮਗਰੋਂ ਫੈਸਲਾ ਲਿਆ ਜਾਏਗਾ। ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਦੇ ਇਸ ਦਾਅ ਨਾਲ ਨੁਕਸਾਨ ਸ਼੍ਰੋਮਣੀ ਅਕਾਲੀ ਦਲ ਨੂੰ ਹੋਏਗਾ। ਜੇਕਰ ਫੈਸਲਾ ਸ਼੍ਰੋਮਣੀ ਕਮੇਟੀ ਦੇ ਹੱਕ ਵਿੱਚ ਆਉਂਦਾ ਹੈ ਤਾਂ ਇਹ ਸੰਦੇਸ਼ ਜਾਏਗਾ ਕਿ ਜਥੇਦਾਰ ਸਹਿਬਾਨ ਨੇ ਅਕਾਲੀ ਦਲ ਦੇ ਪ੍ਰਭਾਵ ਕਰਕੇ ਅਜਿਹਾ ਕੀਤਾ ਹੈ। ਇਸ ਦੇ ਉਲਟ ਜੇਕਰ ਸਿੰਘ ਸਹਿਬਾਨ ਇਕੱਠਾ ਸਮਾਗਮ ਕਰਨ ਦਾ ਫੈਸਲਾ ਸੁਣਾਉਂਦੇ ਹਨ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਾਂਗਰਸ ਸਰਕਾਰ ਦੀ ਸਟੇਜ ਤੋਂ ਦੂਰ ਰੱਖਣ ਦੀ ਰਣਨੀਤੀ ਧਰੀ-ਧਰਾਈ ਰਹਿ ਜਾਏਗੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਵੀ ਦੋਚਿੱਤੀ ਵਿੱਚ ਹੈ। ਅਕਾਲੀ ਦਲ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਸਮਝ ਨਹੀਂ ਆ ਰਹੀ ਕਿ ਕੀ ਕੀਤਾ ਜਾਏ। ਕਾਬਲੇਗੌਰ ਹੈ ਕਿ ਸ਼੍ਰੋਮਣੀ ਕਮੇਟੀ ਨੇ ਪੰਜਾਬ ਸਰਕਾਰ ਨਾਲੋਂ ਵੱਖਰੀ ਸਟੇਜ ਲਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਮਗਰੋਂ ਕਾਂਗਰਸ ਸਰਕਾਰ ਨੇ ਦਾਅ ਖੇਡਦਿਆਂ ਇਹ ਸਾਰਾ ਮਾਮਲਾ ਸ਼੍ਰੀ ਅਕਾਲ ਤਖ਼ਤ ਦੇ ਸਪੁਰਦ ਕਰ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸ਼੍ਰੀ ਅਕਾਲ ਤਖ਼ਤ ਤੋਂ ਜੋ ਵੀ ਫੈਸਲਾ ਆਏਗਾ ਉਹ ਮਨਜ਼ੂਰ ਹੋਏਗਾ। ਇਸ ਬਾਰੇ ਮੰਗਲਵਾਰ ਨੂੰ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਚਰਨਜੀਤ ਸਿੰਘ ਚੰਨੀ ਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭੇਜੇ ਸੁਨੇਹੇ ਵਾਲਾ ਬੰਦ ਲਿਫਾਫਾ ਵੀ ਜਥੇਦਾਰ ਨੂੰ ਸੌਂਪਿਆ ਗਿਆ। ਮੁੱਖ ਮੰਤਰੀ ਨਾਲ ਉਨ੍ਹਾਂ ਦੀ ਮੋਬਾਈਲ 'ਤੇ ਗੱਲਬਾਤ ਵੀ ਕਰਵਾਈ ਗਈ।

## ਗਿਆਨੀ ਹਰਪ੍ਰੀਤ ਸਿੰਘ ਨੇ ਦੋਵਾਂ ਪਾਰਟੀਆਂ ਕਿਹਾ ਬਿਆਨਬਾਜ਼ੀ ਕਰਨ ਤੋਂ ਰੋਕਿਆ

ਗਿਆਨੀ ਹਰਪ੍ਰੀਤ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਕਾਸ਼ ਪੁਰਬ ਸਾਂਝੇ ਤੌਰ 'ਤੇ ਮਨਾਉਣ ਲਈ ਸਮੁੱਚਾ ਮਾਮਲਾ ਸ੍ਰੀ ਅਕਾਲ ਤਖ਼ਤ ਨੂੰ ਸੌਂਪ ਦਿੱਤਾ ਹੈ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਤੋਂ ਜੋ ਵੀ ਫ਼ੈਸਲਾ ਲਿਆ ਜਾਵੇਗਾ, ਉਸ ਨੂੰ ਪ੍ਰਵਾਨ ਕਰਨ ਦਾ ਐਲਾਨ ਕੀਤਾ ਹੈ। ਇਸ ਮਾਮਲੇ ਨੂੰ 21 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਮੀਟਿੰਗ ਵਿੱਚ ਰੱਖਿਆ ਜਾਵੇਗਾ। ਸਾਰੇ ਪੱਖ ਵਿਚਾਰਨ ਮਗਰੋਂ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਨੇ ਦੋਵਾਂ ਧਿਰਾਂ ਦੇ ਆਗੂਆਂ ਨੂੰ ਆਖਿਆ ਕਿ ਉਹ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਬਿਆਨਬਾਜ਼ੀ ਨਾ ਕਰੇ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਮੰਨਿਆ ਹੈ ਕਿ ਹੁਣ ਸ੍ਰੀ ਅਕਾਲ ਤਖ਼ਤ ਵੱਲੋਂ ਜੋ ਵੀ ਫ਼ੈਸਲਾ ਲਿਆ ਜਾਵੇਗਾ, ਸ਼੍ਰੋਮਣੀ ਕਮੇਟੀ ਉਸ ਨੂੰ ਸਮਰਪਿਤ ਹੋਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਜਾ ਰਹੇ ਪੰਡਾਲ ਬਾਰੇ ਉਨ੍ਹਾਂ ਆਖਿਆ ਕਿ ਇਸ ਪੰਡਾਲ ਵਿੱਚ ਲਗਪਗ ਹਫ਼ਤਾ ਸਮਾਗਮ ਚੱਲਣੇ ਹਨ, ਇਸ ਲਈ ਪੰਡਾਲ ਦੀ ਲੋੜ ਹੈ। ਮੁੱਖ ਸਮਾਗਮ ਕਿਸ ਪੰਡਾਲ ਵਿੱਚ ਕੀਤਾ ਜਾਣਾ ਹੈ, ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦਾ ਫ਼ੈਸਲਾ ਪ੍ਰਵਾਨ ਹੋਵੇਗਾ ਪਰ ਉਹ ਚਾਹੁੰਦੇ ਹਨ ਕਿ ਇਹ ਸਮਾਗਮ ਸ਼੍ਰੋਮਣੀ ਕਮੇਟੀ ਦੇ ਪੰਡਾਲ ਵਿੱਚ ਹੀ ਕੀਤਾ ਜਾਵੇ।

# ਹਰਿਆਣਾ ਕਾਂਗਰਸ 'ਚ ਵੱਡਾ ਧਮਾਕਾ, ਬਾਗੀ ਤੰਵਰ ਵੱਲੋਂ ਜੇਜੇਪੀ ਦੀ ਹਮਾਇਤ



ਨਵੀਂ ਦਿੱਲੀ- ਹਰਿਆਣਾ ਕਾਂਗਰਸ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ ਨੇ ਅੱਜ ਦੁਸ਼ਯੰਤ ਚੌਟਾਲਾ ਦੀ ਪਾਰਟੀ ਜੇਜੇਪੀ ਨੂੰ ਆਪਣਾ ਸਮਰਥਨ ਦੇ ਦਿੱਤਾ। ਕਾਂਗਰਸ ਵੱਲੋਂ ਟਿਕਟਾਂ ਦੀ ਵੰਡ ਤੋਂ ਨਾਰਾਜ਼ ਚੱਲ ਰਹੇ ਤੰਵਰ ਪਹਿਲਾਂ ਹੀ ਕਾਂਗਰਸ ਵਿੱਚੋਂ ਅਸਤੀਫਾ ਦੇ ਚੁੱਕੇ ਹਨ। ਤੰਵਰ ਨੇ ਕਿਹਾ ਕਿ ਉਨ੍ਹਾਂ ਨੂੰ ਆਲਾਕਮਾਨ ਤੇ ਰਾਹੁਲ ਗਾਂਧੀ ਤੋਂ ਕੋਈ ਦਿੱਕਤ ਨਹੀਂ ਹੈ। ਤੰਵਰ ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਦੇ ਖਿਲਾਫ ਹਨ ਜਿਸ ਕਰਕੇ ਉਨ੍ਹਾਂ ਨੇ ਜੇਜੇਪੀ ਨੂੰ ਸਮਰਥਨ ਦਿੱਤਾ ਹੈ। ਇਸ 'ਤੇ ਕਾਂਗਰਸ ਦੇ ਇੱਕ ਨੇਤਾ ਨੇ ਕਿਹਾ ਕਿ ਜੇਕਰ ਅਸ਼ੋਕ ਤੰਵਰ ਬੀਜੇਪੀ ਦਾ ਸਾਥ ਦਿੰਦੇ ਤਾਂ ਜਨਤਾ 'ਚ ਇਹ ਸੁਨੇਹਾ ਜਾਂਦਾ ਕਿ ਉਨ੍ਹਾਂ ਤੇ ਰਾਹੁਲ ਗਾਂਧੀ 'ਚ ਦੂਰੀਆਂ ਆ ਗਈਆਂ ਹਨ। ਸੋਨੀਆ ਗਾਂਧੀ ਦੇ ਕਾਂਗਰਸ ਪ੍ਰਧਾਨ ਬਣਨ 'ਤੇ ਉਨ੍ਹਾਂ ਨੇ ਅਸ਼ੋਕ ਦੀ ਥਾਂ ਕੁਮਾਰੀ ਸ਼ੈਲਜਾ ਨੂੰ ਪਾਰਟੀ ਦੀ ਸੂਬਾ ਪ੍ਰਧਾਨ ਬਣਾ ਦਿੱਤਾ ਤੇ ਜਦੋਂ ਟਿਕਟਾਂ ਦੀ ਵੰਡ ਦਾ ਸਮਾਂ ਆਇਆ ਤਾਂ ਤੰਵਰ ਦੇ ਹਿੱਸੇ ਇੱਕ ਵੀ ਟਿਕਟ ਨਹੀਂ ਆਈ। ਜਦਕਿ ਅਜੇ ਅਸ਼ੋਕ ਤੰਵਰ ਦਾ ਅਸਤੀਫਾ ਮਨਜ਼ੂਰ ਨਹੀਂ ਹੋਇਆ ਹੈ। ਉਧਰ ਕਾਂਗਰਸ ਦੇ ਦੂਜੇ ਵੱਡੇ ਨੇਤਾ ਰਣਦੀਪ ਸੁਰਜੇਵਾਲਾ ਹਮੇਸ਼ਾ ਇਸ ਗੱਲ ਦੀ ਵਕਾਲਤ ਕਰਦੇ ਨਜ਼ਰ ਆਉਂਦੇ ਹਨ ਕਿ ਤੰਵਰ ਨੂੰ ਵਾਪਸ ਪਾਰਟੀ 'ਚ ਥਾਂ ਮਿਲਣੀ ਚਾਹੀਦੀ ਹੈ। ਅਜਿਹੇ 'ਚ ਦੁਸ਼ਯੰਤ ਚੌਟਾਲਾ ਨੂੰ ਦਿੱਤੇ ਸਮਰਥਨ ਨੂੰ ਮਹਿਜ਼ ਚੋਣਾਂ ਤਕ ਹੀ ਸੀਮਤ ਕਰਕੇ ਵੇਖਿਆ ਜਾ ਰਿਹਾ ਹੈ। ਅਸ਼ੋਕ ਲਈ ਕਾਂਗਰਸ 'ਚ ਵਾਪਸੀ ਦਾ ਰਸਤਾ ਅਜੇ ਖੁੱਲ੍ਹਾ ਹੈ।



## ਮਹਾਨ ਸਿੱਖ ਜਰਨੈਲ

# ਬੰਦਾ ਸਿੰਘ ਬਹਾਦਰ

(ਜਨਮ 16 ਅਕਤੂਬਰ 1670, ਸ਼ਹੀਦੀ 10 ਜੂਨ 1716)

**ਡਾ.ਪੂਰਨ ਸਿੰਘ**

ਭਾਵੇਂ ਹੋਰ ਕਈ ਇਤਿਹਾਸਕ ਸਿੱਖ ਹਸਤੀਆਂ ਨਾਲ ਇਤਿਹਾਸ ਲਿਖਣ ਵਾਲਿਆਂ ਨੇ ਬੇ-ਇਨਸਾਫੀ ਕੀਤੀ, ਪਰ ਇਸ ਮਹਾਨ ਯੋਧੇ ਅਤੇ ਸਿੱਖ ਰਾਜ ਦੇ ਮੋਢੀ ਬੰਦਾ ਸਿੰਘ ਬਹਾਦਰ ਨਾਲ ਸਭ ਤੋਂ ਵੱਧ ਬੇ-ਇਨਸਾਫੀ ਹੋਈ। ਗੈਰ ਸਿੱਖਾਂ ਦਾ ਲਿਖਿਆ ਇਤਿਹਾਸ ਵੀ ਗਾਵਹੀ ਦੇ ਰਿਹਾ ਹੈ ਕਿ ਇਹ ਮਹਾਨ ਜਰਨੈਲ ਰਤੀ ਭਰ ਵੀ ਸਿੱਖੀ ਸਿਦਕ ਤੋਂ ਨਹੀਂ ਡੋਲਿਆ, ਅਤਿ ਤਸੀਹੇ ਝੱਲੇ ਅਤੇ ਭਾਣੇ ਨੂੰ ਮਿੱਠਾ ਮੰਨਦਾ ਸ਼ਹਾਦਤ ਦਾ ਜਾਮ ਪੀ ਗਿਆ। ਇਹ ਠੀਕ ਹੈ ਕਿ ਬੰਦਾ ਸਿੰਘ, ਪਹਿਲਾ ਮਾਧੋ ਦਾਸ ਸੀ ਉਪਰੰਤ ਬੈਰਾਗੀ ਸਾਧ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਹੋਕੇ ਸਿੰਘ ਸੱਜਿਆ, ਫਿਰ ਗੁਰੂ ਦਾ ਬੰਦਾ ਬਣ ਗਿਆ ਅਤੇ ਸਿੱਖੀ ਦੀ ਗੁੜ੍ਹਤੀ ਨਾਲ ਬਹਾਦਰ ਬਣਕੇ ਬਹਾਦਰੀ ਦੇ ਜੌਹਰ ਦਿਖਾਉਂਦਾ ਪੰਜਾਬ ਅੰਦਰ ਗਰੀਬ, ਨਿਮਾਣੇ ਤੇ ਨਿਤਾਣੇ ਅਥਵਾ ਕਿਰਸਾਨ ਵਰਗ ਦੇ ਹੱਕਾਂ ਦਾ ਰਖਵਾਲਾ ਬਣ ਜਾਂਦਾ ਹੈ। ਫਰਾਂਸ ਦੇ ਇਨਕਲਾਬ ਤੋਂ ਇਕ ਸਦੀ ਪਹਿਲਾਂ ਪੰਜਾਬ ਵਿਚ ਸਫਲ ਇਨਕਲਾਬ ਲਿਆਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ।

ਅੱਜ ਬੰਦਾ ਸਿੰਘ ਬਾਰੇ ਨਵੇਂ ਭੁਖੇਲੇ ਪੈਦਾ ਕੀਤੇ ਜਾ ਰਹੇ ਹਨ। ਉਸਨੂੰ ਕੋਈ ਬੈਰਾਗੀ ਦੱਸ ਰਿਹਾ ਹੈ, ਅਗਿਆਨਤਾਵਸ ਲੋਕ ਉਸ ਬਾਰੇ ਆਖਦੇ ਹਨ ਕਿ ਬੰਦਾ ਸਿੰਘ ਜੀ ਨੇ ਗੁਰੂ ਗੋਬਿੰਦ ਜੀ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਸਿੱਖ ਵਿਰੋਧੀ ਇਤਿਹਾਸਕਾਰ ਲਿਖ ਰਹੇ ਹਨ ਕਿ ਬੰਦਾ ਸਿੰਘ ਜੀ ਨੇ ਅੰਮ੍ਰਿਤ ਨਹੀਂ ਛੱਕਿਆ। ਇੰਜ ਕਿਉਂ ਹੋ ਰਿਹਾ ਹੈ? ਇਹ ਕੋਈ ਨਵੀਂ ਗੱਲ ਨਹੀਂ, ਪਹਿਲਾਂ ਵੀ ਹੁੰਦਾ ਰਿਹਾ ਹੈ, ਹੁਣ ਵੀ ਹੋ ਰਿਹਾ ਹੈ ਅਤੇ ਭਵਿੱਖ ਵਿਚ ਹੋਵੇਗਾ। ਇਸ ਗੱਲ ਤੋਂ ਕਿਸੇ ਨੂੰ ਵੀ ਮੁਨਕਰ ਹੋਣਾ ਸੰਭਵ ਨਹੀਂ ਹੈ ਅਤੇ ਸਚਾਈ ਹੈ ਕਿ ਬੰਦਾ ਸਿੰਘ ਜੀ ਨੇ ਖੰਡੇ ਦੀ ਪਾਹੁਲ ਲਈ ਅਤੇ ਉਸ ਦੇ ਨਾਂਵ ਵਿਚ ਤਬਦੀਲੀ ਹੋਣੀ ਹੀ ਪਹੁਲ ਲੈਣ ਦਾ ਸਬੂਤ ਹੈ। ਜੇ ਇੰਜ ਨਾ ਹੁੰਦਾ ਤਾਂ ਉਸਦਾ ਪਹਿਲਾ ਨਾਂਵ ਮਾਧੋ ਦਾਸ ਜਾਂ ਲਛਮਣ ਦਾਸ ਹੀ ਰਹਿਣਾ ਸੀ।

ਜਿਵੇਂ ਕੁਝ ਸਾਲਾਂ ਤੋਂ ਵਿਦੇਸ਼ਾਂ ਅੰਦਰ ਨਵੀਂ ਹੀ ਪਿਰਤ ਚਲ ਪਈ ਹੈ ਕਿ ਪਿੰਡਾਂ ਦੇ ਲੋਕ ਰੱਲ ਕੇ ਸਾਧਾਂ -ਸੰਤਾਂ ਦੇ ਜਨਮ ਜਾਂ ਬਰਸੀਆਂ ਨੂੰ ਬਹੁਤ ਧੂਮ-ਧਾਮ ਨਾਲ ਮਨਾਉਂਦੀਆਂ ਹਨ, ਪਰ ਕੌਮ ਦੇ ਮਹਾਨ ਸ਼ਹੀਦਾਂ ਤੇ ਜਰਨੈਲਾਂ ਨੂੰ ਕੋਈ ਜਿਆਦਾ ਮਾਨਤਾ ਨਹੀਂ ਮਿਲ ਰਹੀ। ਦੂਜੇ ਪਾਸੇ ਸਾਜਸ਼ ਅਧੀਨ ਬੈਰਾਗੀ ਲੋਕਾਂ ਵਲੋਂ ਵਿਸ਼ੇਸ਼ ਜੱਥੇਬੰਦੀਆਂ ਬਣਾਕੇ ਬੰਦਾ ਸਿੰਘ ਨੂੰ ਬੈਰਾਗੀ ਬੰਦਾ ਸਿੰਘ ਆਖਕੇ, ਉਸਦੀ ਯਾਦ 'ਚ ਸਮਾਗਮ ਕਰਨ ਲੱਗ ਪਏ ਹਨ। ਤਾਂਹੀਓ ਅਜੋਕੇ ਸਮੇਂ ਕੁਝ ਲੋਕਾਂ ਨੇ ਭਗਤ ਰਵਿਦਾਸ ਜੀ ਦੀ ਯਾਦ 'ਚ ਸਮਾਗਮ ਕਰਦੇ ਹਨ ਤੇ ਨਾਮਦੇਵ ਨੂੰ ਵੀ ਇਕ ਫਿਰਕੇ ਦੇ ਲੋਕ ਹੀ ਅਪਨਾਈ ਬੈਠੇ ਹਨ। ਜਾਪਦਾ ਹੈ ਕਿ ਜੱਟਾਂ ਨੇ ਵੀ ਭਗਤ ਧੰਨੇ ਨੂੰ ਆਪਣੇ ਕਬਜੇ ਵਿਚ ਕਰ ਲੈਣਾ ਹੈ। ਇਹ ਕਿਉਂ ਹੋ ਰਿਹਾ ਹੈ? ਇਸਦੇ ਦੋ ਮੁੱਖ ਕਾਰਨ ਹਨ। ਪਹਿਲਾਂ ਅਗਿਆਨਤਾ, ਦੂਸਰਾ, ਸਿੱਖ ਵਿਰੋਧੀ ਏਜੰਸੀਆਂ ਵਲੋਂ ਬੰਦਾ ਸਿੰਘ ਸੱਚੀ ਮੁੱਚੀਂ ਇੱਕ ਬਹਾਦਰ ਸਿੱਖ ਯੋਧਾ ਸੀ, ਜਿਸਨੇ ਬਹੁਤ ਥੋੜੇ ਸਮੇਂ ਦੇ ਅੰਦਰ ਮੁਗਲ ਰਾਜ ਨੂੰ ਹਿਲਾਕੇ ਰੱਖ ਦਿੱਤਾ। ਮੁਗਲ ਸਰਕਾਰ ਨੇ ਸਿੱਖਾਂ 'ਚ ਫੁੱਟ ਪਵਾਉਣ ਦਾ ਜਤਨ ਕੀਤਾ। ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੰਦਾ ਸਿੰਘ ਪਾਸ ਸੀਮਤ ਸਾਧਨ ਸਨ ਤੇ ਹਥਿਆਰ ਵੀ ਵਿਸ਼ੇਸ਼ ਨਹੀਂ ਸਨ। ਦੂਜੇ ਪਾਸੇ ਉਸਦੇ ਵਿਰੁੱਧ ਤਿੰਨ ਮੁਸਲਮਾਨ ਬਾਦਸ਼ਾਹ, ਪੰਜ ਸ਼ਹਿਜ਼ਾਦੇ, 30 ਹਿੰਦੂ ਰਾਜੇ ਤੇ ਜਰਨੈਲ, 120 ਸੀਨੀਅਰ ਮੁਸਲਮਾਨ ਜਰਨੈਲ, ਫੌਜ਼ਦਾਰ ਤੇ ਸੂਬੇਦਾਰ। ਇਹ ਵੀ ਇਤਿਹਾਸਕ ਸਚਾਈ ਹੈ ਕਿ ਬੰਦੇ ਦੀ ਫੌਜ਼ ਵਿਚ ਇਕ ਵੀ ਹਿੰਦੂ ਨਹੀਂ ਸੀ ਸ਼ਾਮਲ ਹੋਇਆ।


ਜਿਵੇਂ 1984 ਵਿੱਚ ਸਿੱਖਾਂ ਦਾ ਕਤਲੇਆਮ ਕਰਕੇ, ਸਿੱਖਾਂ ਦੇ ਸਿਰ ਹੀ ਦੋਸ਼ ਮੜੇ ਗਏ, ਤੇ ਛੋਛੇ ਛੱਡੇ ਗਏ ਤੇ ਸਿੱਖ ਲੋਕ ਆਪਣਾ ਆਪ ਹੀ ਦੋਸ਼ੀ ਹੋਣ ਨੂੰ ਪ੍ਰਵਾਣ ਕਰਣ ਲੱਗੇ। ਉਸ ਤਰ੍ਹਾਂ ਹੀ ਮੁਗਲਾਂ ਵਲੋਂ ਬੰਦਾ ਸਿੰਘ ਵਿਰੁੱਧ ਭੰਡੀ ਪ੍ਰਚਾਰ ਕੀਤਾ ਗਿਆ। ਬੰਦਾ ਸਿੰਘ ਨੇ ਕੋਈ ਸਿੱਖੀ ਵਿਰੁੱਧ ਕਰਨ ਨਹੀਂ ਕੀਤਾ। ਉਸਨੇ ਕਦੀ ਗਦੀ ਨਹੀਂ ਲਾਈ। ਸਗੋਂ, ਉਸਨੇ ਜਿਤਾਂ ਕਰਕੇ ਵੱਖ ਵੱਖ ਜੱਥੇਦਾਰ ਥਾਪ ਦਿੱਤੇ। ਉਸਨੇ ਵਿਆਹ ਕਰਾਏ, ਪਰ ਵਿਆਹ ਕਰਾਉਣੇ ਸਿੱਖ ਵਿਰੋਧੀ ਕਰਮ ਨਹੀਂ ਸਨ। ਉਹ ਹਰ ਕਾਰਜ ਅਰੰਭ ਕਰਨ ਤੋਂ ਪਹਿਲਾਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਸੀ। ਉਸਨੇ ਆਪਣੀ ਹਰ ਜਿੱਤ ਤੇ ਤਾਕਤ ਨੂੰ ਗੁਰੂਆਂ ਦੀ ਬਖਸ਼ਿਸ਼ ਮੰਨਿਆ,

ਦੇਗ਼ੋ-ਤੇਗ਼ੋ-ਫ਼ਤਿਹ-ਓ-ਨੁਸਰ ਬੇਦਿਰੰਗ।
ਯਾਫ਼ਤ ਅ ?ਜ਼ ਨਾਨਕ-ਗੁਰੂ ਗੋਬਿੰਦ ਸਿੰਘ।

(ਦੇਗ,ਤੇਗ ਅਤੇ ਫ਼ਤਿਹ ਬਿਨ੍ਹਾਂ ਕਿਸੇ ਦੇਰੀ ਤੋਂ, ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਹੋਈ

ਬਾਬਾ ਬੰਦਾ ਸਿੰਘ ਵਲੋਂ ਥੋੜੇ ਸਮੇਂ ਅਤੇ ਸੀਮਤ ਸਾਧਨਾਂ ਨਾਲ ਜਿੱਤਾਂ ਪ੍ਰਾਪਤ ਕਰਨਾ, ਇੱਕ ਕਰਾਮਾਤ ਹੀ ਆਖੀ ਜਾ ਸਕਦੀ ਹੈ। ਉਸਨੇ 700 ਸਾਲ ਦੀ ਵਿਦੇਸ਼ੀ ਹਕੂਮਤ ਨੂੰ ਹਿਲਾਕੇ ਰੱਖ ਦਿੱਤਾ। ਇਸ ਜਦੋ ਜਹਿਤ ਵਿਚ 30 ਸਿੱਖ ਕੌਮ ਨੇ ਦਿਲ ਨਹੀਂ ਛੱਡਿਆ ਅਤੇ ਕੌਮੀ ਅਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ। ਕਿਸੇ ਹੋਰ ਧਰਮ ਦੇ ਅਸਥਾਨ ਦਾ ਨੁਕਸਾਨ ਨਹੀਂ ਕੀਤਾ। ਬੰਦਾ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ 700 ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਇਹ ਸਭ ਕੁਝ ਬੰਦਾ ਸਿੰਘ ਦੀ ਹਾਜ਼ਰੀ ਵਿੱਚ ਕੀਤਾ। ਕਿਸੇ ਇਕ ਨੇ ਵੀ ਸਿੱਖ ਸਿਦਕ ਨਹੀਂ ਛੱਡਿਆ। ਆਖ਼ਰ ਇਹ ਮਹਾਨ ਜਰਨੈਲ 10 ਜੂਨ 1716 ਨੂੰ ਖਿੜੇ ਮੱਥੇ ਤਸੀਹੇ ਝੱਲਦਾ ਸ਼ਹੀਦ ਹੋ ਗਿਆ।



Nlight Financial

# Insurance



**Are you paying too much for Auto, Home, Business, Workman Compensation, Contractors, General Liability, E&O ?**

**Call us today for complimentary analysis of your policy.**

## NLight Financial LLC



Sharanjit Singh Thind
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com

Delivering News,
Uncomprimised
& Unbiased for the
# Last 16 years

Some Call us a Media House, others Call us an Institution to learn from







ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
## ਪੰਜਾਬੀ ਦੁਨੀਆ
Punjabi Duniya Punjabi Duniya.Com LLC
Since April 2005
Email : punjabiduniya@gmail.com, Web : www.punjabiduniya.com


The South Asian
## INSIDER
Published Weekly from New York

**Regd. & Mailing Office : P.O. Box 7005, Hicsville New York 11801**
**www.thesouthasianinfo, www.joshindiatv.com wwwpunjabiduniya.com**
**Phone : 917-612-3158**

**ਐਡਵੋਕੇਟ ਓਝਾ ਨੇ ਆਪਣੀ ਅਪੀਲ 'ਚ ਦਾਅਵਾ ਕੀਤਾ ਸੀ ਕਿ ਇਹ ਖਤ ਵੱਖਵਾਦੀ ਰੁਝਾਨ ਨੂੰ ਹਮਾਇਤ ਕਰਦਾ ਹੈ। ਓਝਾ ਨੇ ਕਿਹਾ ਕਿ ਚੀਫ ਜੁਡੀਸ਼ਲ ਮੈਜਿਸਟਰੇਟ ਨੇ ਮੇਰੀ ਅਪੀਲ ਸਵੀਕਾਰ ਕਰਦਿਆਂ 20 ਅਗਸਤ ਨੂੰ ਹੁਕਮ ਜਾਰੀ ਕਰ ਦਿੱਤੇ ਸਨ**



# ਹਜੂਮੀ ਹਿੰਸਾ : ਮੋਦੀ ਨੂੰ ਖਤ ਲਿਖਣ ਵਾਲਿਆਂ ਖਿਲਾਫ ਕੇਸ ਦਰਜ







ਮੁਜ਼ੱਫਰਨਗਰ: ਦੇਸ਼ ਅੰਦਰ ਵਾਪਰੀਆਂ ਹਜੂਮੀ ਹਿੰਸਾ ਦੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਤ ਲਿਖਣ ਵਾਲੀਆਂ 50 ਦੇ ਕਰੀਬ ਹਸਤੀਆਂ ਖਿਲਾਫ ਬਿਹਾਰ ਦੇ ਮੁਜ਼ੱਫਰਨਗਰ 'ਚ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਹਸਤੀਆਂ 'ਚ ਅਪਰਨਾ ਸੇਨ, ਅਦੂਰ ਗੋਪਾਲਾਕ੍ਰਿਸ਼ਨਨ ਅਤੇ ਰਾਮਚੰਦਰ ਗੁਹਾ ਵਰਗੇ ਨਾਂ ਸ਼ਾਮਲ ਹਨ। ਪੁਲਿਸ ਨੇ ਦੱਸਿਆ ਕਿ ਇਸ ਸਬੰਧੀ ਦੇਸ਼ ਧਰੋਹ ਸਮੇਤ ਕਈ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਫਿਲਮੀ ਹਸਤੀਆਂ, ਲੇਖਕਾਂ ਤੇ ਹੋਰਨਾਂ ਸਮੇਤ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਹ ਕੇਸ ਦਰਜ ਕੀਤੇ ਜਾਣ ਦੀ ਨਿੰਦਾ ਕੀਤੀ ਹੈ। ਇਹ ਕੇਸ ਦਰਜ ਕਰਨ ਦੇ ਹੁਕਮ ਮੁਜ਼ੱਫਰਨਗਰ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਸੂਰਿਆ ਕਾਂਤ ਤਿਵਾੜੀ ਨੇ ਸਥਾਨਕ ਵਕੀਲ ਸੁਧੀਰ ਕੁਮਾਰ ਓਝਾ ਦੀ ਅਪੀਲ 'ਤੇ ਜਾਰੀ ਕੀਤੇ ਹਨ। ਐਡਵੋਕੇਟ ਓਝਾ ਨੇ ਆਪਣੀ ਅਪੀਲ 'ਚ ਦਾਅਵਾ ਕੀਤਾ ਸੀ ਕਿ ਇਹ ਖਤ ਵੱਖਵਾਦੀ ਰੁਝਾਨ ਨੂੰ ਹਮਾਇਤ ਕਰਦਾ ਹੈ। ਓਝਾ ਨੇ ਕਿਹਾ ਕਿ ਚੀਫ ਜੁਡੀਸ਼ਲ ਮੈਜਿਸਟਰੇਟ ਨੇ ਮੇਰੀ ਅਪੀਲ ਸਵੀਕਾਰ ਕਰਦਿਆਂ 20 ਅਗਸਤ ਨੂੰ ਹੁਕਮ ਜਾਰੀ ਕਰ ਦਿੱਤੇ ਸਨ। ਇਹ ਹੁਕਮ ਪ੍ਰਾਪਤ ਹੋਣ ਤੋਂ ਬਾਅਦ ਸਦਰ ਪੁਲਿਸ ਸਟੇਸ਼ਨ 'ਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਖਤ 'ਤੇ ਦਸਤਖਤ ਕਰਨ ਵਾਲੇ ਕਰੀਬ 50 ਵਿਅਕਤੀਆਂ ਦੇ ਨਾਂ ਮੁਲਜ਼ਮਾਂ ਵਜੋਂ ਪਟੀਸ਼ਨ 'ਚ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਹਸਤੀਆਂ ਵੱਲੋਂ ਲਿਖੇ ਖਤ ਨਾਲ ਦੇਸ਼ ਦੇ ਅਕਸ ਤੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਜਾ ਰਹੇ ਪ੍ਰਭਾਵਸ਼ਾਲੀ ਕੰਮਾਂ ਨੂੰ ਢਾਹ ਲੱਗੀ ਹੈ।

ਜ਼ਿਕਰਯੋਗ ਹੈ ਕਿ ਫਿਲਮਸਾਜ਼ ਮਨੀ ਰਤਨਮ, ਅਨੁਰਾਗ ਕਸ਼ਯਪ, ਸ਼ਿਆਮ ਬੈਨੇਗਲ, ਅਦਾਕਾਰਾ ਸੌਮਿੱਤਰਾ ਚੈਟਰਜੀ ਤੇ ਗਾਇਕਾ ਸ਼ੁਭਾ ਮੁਦਗਲ ਸਣੇ ਦੇਸ਼ ਦੀਆਂ 49 ਉੱਘੀਆਂ ਹਸਤੀਆਂ ਨੇ ਇਸ ਸਾਲ ਜੁਲਾਈ ਮਹੀਨੇ ਪ੍ਰਧਾਨ ਮੰਤਰੀ ਦੇ ਨਾਂ ਖੁੱਲ੍ਹਾ ਖਤ ਲਿਖ ਕੇ ਦੇਸ਼ ਅੰਦਰ ਮੁਸਲਮਾਨਾਂ, ਦਲਿਤਾਂ ਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਨਾਲ ਵਾਪਰ ਰਹੀ ਹਜੂਮੀ ਕਤਲਾਂ ਦੀਆਂ ਘਟਨਾਵਾਂ ਰੋਕਣ ਲਈ ਕਿਹਾ ਸੀ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਸੀ ਕਿ ਬਿਨਾਂ ਵਿਰੋਧੀਆਂ ਦੇ ਲੋਕਤੰਤਰ ਨਹੀਂ ਹੋ ਸਕਦਾ। ਅਦਾਕਾਰਾ ਅਪਰਨਾ ਸੇਨ ਨੇ ਇਹ ਕਹਿੰਦਿਆਂ ਇਸ ਮਾਮਲੇ ਬਾਰੇ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਕਿ ਮਾਮਲਾ ਹੁਣ ਅਦਾਲਤ ਦੇ ਵਿਚਾਰ ਅਧੀਨ ਹੈ।

**ਮੋਦੀ ਖਿਲਾਫ ਜੋ ਬੋਲੇਗਾ, ਜੇਲ੍ਹ ਜਾਵੇਗਾ : ਰਾਹੁਲ**

– ਵਾਇਨਾਡ : ਦੇਸ਼ 'ਚ ਹਜੂਮੀ ਹਿੰਸਾ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਤ ਲਿਖਣ ਵਾਲੀਆਂ 50 ਦੇ ਕਰੀਬ ਹਸਤੀਆਂ ਖਿਲਾਫ ਕੇਸ ਦਰਜ ਕੀਤੇ ਜਾਣ ਬਾਰੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਦੇਸ਼ ਵਿਚ ਜੋ ਵੀ ਪ੍ਰਧਾਨ ਮੰਤਰੀ ਖਿਲਾਫ ਕੁਝ ਬੋਲੇਗਾ, ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਗੱਲ ਹੁਣ ਗੁੱਝੀ ਨਹੀਂ ਰਹੀ ਕਿ ਦੇਸ਼ 'ਧੱਕੜ ਨਿਜ਼ਾਮ' ਵੱਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੇਸ਼ ਵਾਸੀਆਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦੇਸ਼ ਦੀ ਆਰਥਿਕਤਾ ਕਿਉਂ ਤਬਾਹ ਕੀਤੀ ਤੇ ਕਿਉਂ ਇੰਨੇ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਪੈਦਾ ਕੀਤੀ।

**ਨਿਆਇਕ ਪ੍ਰਬੰਧ 'ਤੇ ਉਠੇ ਸਵਾਲ**

ਮੁੰਬਈ: ਮਸ਼ਹੂਰ ਫਿਲਮ ਹਸਤੀ ਅਦੂਰ ਗੋਪਾਲਾਕ੍ਰਿਸ਼ਨਨ ਨੇ ਦੇਸ਼ ਦੇ ਨਿਆਇਕ ਪ੍ਰਬੰਧ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਦੇਸ਼ ਅੰਦਰ ਬਹੁਤ ਕੁਝ ਅਜੀਬ ਵਾਪਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਅਸੀਂ ਸੁਣਿਆ ਸੀ ਕਿ ਕੁਝ ਲੋਕਾਂ ਸਮੇਤ ਇਕ ਔਰਤ ਨਾਥੂ ਰਾਮ ਗੋਡਸੇ ਨੂੰ ਸ਼ਰਧਾਂਜਲੀ ਦੇਣ ਲਈ ਮਹਾਤਮਾ ਗਾਂਧੀ ਦੇ ਪੁਤਲੇ 'ਤੇ ਗੋਲੀਆਂ ਚਲਾ ਰਹੀ ਹੈ ਅਤੇ ਅਦਾਲਤ ਨੇ ਇਸ ਸਬੰਧੀ ਕੋਈ ਕੇਸ ਦਰਜ ਨਹੀਂ ਕੀਤਾ। ਇਹ ਔਰਤ ਹੁਣ ਦੇਸ਼ ਦੀ ਸੰਸਦ ਮੈਂਬਰ ਹੈ। ਉਨ੍ਹਾਂ ਕਿਹਾ, 'ਕੀ ਕੋਈ ਅਦਾਲਤ ਇਹ ਸਵੀਕਾਰ ਕਰੇਗੀ ਕਿ ਇਹ ਪਟੀਸ਼ਨ ਅਜਿਹੇ ਖਤ ਦੇ ਆਧਾਰ 'ਤੇ ਦਾਇਰ ਕੀਤੀ ਗਈ ਹੈ ਜਿਸ 'ਚ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕੀਤੀ ਗਈ ਹੋਵੇ'।

# ਮਾਪਿਆਂ ਵਲੋਂ ਬੱਚਿਆਂ ਦੇ ਉੱਜਵਲ ਭਵਿੱਖ ਪ੍ਰਤੀ ਸੰਜੋਏ ਸੁਪਨੇ ਸਾਰਥਿਕ ਹੋਣ ਕਿਵੇਂ?



ਅਕਸਰ ਹਰ ਮਾਂ-ਬਾਪ ਨੇ ਦਿਲੀ ਸੁਪਨੇ ਸੰਜੋਏ ਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਤੰਦਰੁਸਤ, ਸੂਝਵਾਨ, ਆਗਿਆਕਾਰੀ ਹੋਣ। ਚੰਗਾ ਪੜ੍ਹ-ਲਿਖ ਕੇ ਅਫਸਰ, ਡਾਕਟਰ ਜਾਂ ਸਫ਼ਲ ਬਿਜ਼ਨੈਸਮੈਨ ਬਣਨ। ਉਨ੍ਹਾਂ ਦਾ ਭਵਿੱਖ ਉੱਜਵਲ ਹੋਵੇ ਅਤੇ ਉਹ ਮਾਪਿਆਂ ਦੇ ਬੁਢਾਪੇ ਦੀ ਮਜ਼ਬੂਤ ਲਾਠੀ ਵਾਲਾ ਰੋਲ ਵੀ ਭਲੀਭਾਂਤ ਅਦਾ ਕਰਨ। ਜੇ ਦੇਖਿਆ ਜਾਵੇ ਤਾਂ ਘਰ ਵਿਚ ਬੱਚਿਆਂ ਦੇ ਸਭ ਤੋਂ ਪਹਿਲੇ ਅਤੇ ਪ੍ਰਪੱਕ ਰੋਲ ਮਾਡਲ ਮਾਪੇ ਹੀ ਹੁੰਦੇ ਹਨ। ਜੋ ਮਾਪੇ ਆਪਣਾ ਇਹ ਰੋਲ ਸਹੀ ਤਰੀਕੇ ਨਾਲ ਨਿਭਾਅ ਪਾਉਂਦੇ ਹਨ, ਉਨ੍ਹਾਂ ਦੇ ਬੱਚੇ ਜਿਥੇ ਸਫਲਤਾ ਦੀਆਂ ਮੰਜ਼ਿਲਾਂ ਸਹਿਜੇ ਹੀ ਸਰ ਕਰ ਜਾਂਦੇ ਹਨ, ਉਥੇ ਹੀ ਸਭ ਦੇ ਦਿਲਾਂ 'ਤੇ ਰਾਜ ਵੀ ਕਰਦੇ ਹਨ। ਆਦਰਸ਼ ਮਾਪਿਆਂ ਦੇ ਬੱਚਿਆਂ ਪ੍ਰਤੀ ਕੀ ਫਰਜ਼ ਹਨ? ਚੰਗੀ ਤਰ੍ਹਾਂ ਜਾਨਣ-ਸਮਝਣ ਦੀ ਲੋੜ ਹੈ।

ਮੰਨ ਲਵੋ ਤੁਹਾਡਾ ਬੱਚਾ ਛੋਟਾ ਹੈ ਯਾਨੀ ਕਿ ਜਨਮ ਤੋਂ 5 ਸਾਲ ਦੀ ਉਮਰ ਵਿਚਾਲੇ ਹੈ ਤਾਂ ਉਸ ਨੂੰ ਖ਼ੂਬ ਲਾਡ-ਪਿਆਰ ਦੀ ਲੋੜ ਹੁੰਦੀ ਹੈ। 5 ਤੋਂ 10 ਸਾਲ ਉਮਰ ਵਿਚ ਹੈ ਤਾਂ ਉਸ ਵਲੋਂ ਕੀਤੀ ਗ਼ਲਤੀ ਦਾ ਪਿਆਰ ਪੂਰਵਕ ਅਹਿਸਾਸ ਕਰਵਾਉਂਦਿਆਂ ਹਰ ਗੱਲ ਸਮਝਾਓ। ਬੱਚਾ 10 ਤੋਂ 20 ਸਾਲ ਦੀ ਉਮਰ ਵਿਚ ਹੈ ਤਾਂ ਚੰਗੇ ਦੋਸਤ ਬਣ ਕੇ ਉਸ ਦਾ ਸਾਥ ਨਿਭਾਓ। ਕਈ ਘਰਾਂ ਵਿਚ ਤਾਂ ਬੱਚੇ ਦੇ ਮਨ ਵਿਚ ਪਿਤਾ ਦਾ ਡਰ ਹਊਆ ਬਣਾ ਕੇ ਹੀ ਰੱਖਿਆ ਜਾਂਦਾ ਹੈ, ਜੋ ਕਿ ਗ਼ਲਤ ਹੈ, ਕਿਉਂਕਿ ਜੇਕਰ ਬੱਚੇ ਦੇ ਮਨ ਵਿਚ ਇਹ ਡਰ ਇਕ ਵਾਰੀ ਬੈਠ ਗਿਆ ਤਾਂ ਉਹ ਆਪਣੇ ਪਿਤਾ ਨਾਲ ਨਜ਼ਰਾਂ ਮਿਲਾਉਣ ਅਤੇ ਦਿਲ ਦੀ ਕੋਈ ਵੀ ਗੱਲ ਸਾਂਝੀ ਕਰਨ ਤੋਂ ਕੰਨੀ ਕਤਰਾਉਂਦਾ ਹੀ ਰਹੇਗਾ। ਇਥੇ ਸਵਾਲ ਉੱਠਣਾ ਸੁਭਾਵਿਕ ਹੀ ਹੈ ਕਿ ਮਾਪਿਆਂ ਵਲੋਂ ਆਪਣੇ ਬੱਚਿਆਂ ਨੂੰ ਕਾਮਯਾਬ ਸ਼ਖ਼ਸੀਅਤ ਬਣਾਉਣ ਅਤੇ ਉੱਜਵਲ ਭਵਿੱਖ ਸਿਰਜਣ ਪ੍ਰਤੀ ਜੋ ਸੁਪਨੇ ਆਪਣੇ ਮਨਾਂ 'ਚ ਸੰਜੋਏ ਹੁੰਦੇ ਹਨ, ਉਨ੍ਹਾਂ ਦਾ ਬੱਚਿਆਂ 'ਤੇ ਕੀ ਅਸਰ ਹੁੰਦਾ ਹੈ? ਅਤੇ ਮਾਪੇ ਆਪਣਾ ਬਣਦਾ ਰੋਲ ਕਿਵੇਂ ਨਿਭਾਉਣ? ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਲਈ ਲੋੜੀਂਦਾ ਸਮਾਂ ਕੱਢਦਿਆਂ ਉਨ੍ਹਾਂ ਸਮੇਤ ਘੁੰਮਣ-ਫਿਰਨ, ਖ਼ਰੀਦਦਾਰੀ ਅਤੇ ਛੁੱਟੀਆਂ ਮਨਾਉਣ ਲਈ ਜਾਣ ਅਤੇ ਉਨ੍ਹਾਂ ਦੀ ਪਸੰਦ-ਨਾ ਪਸੰਦ ਦਾ ਖਿਆਲ ਰੱਖਣ। ਇਸ ਤਰ੍ਹਾਂ ਜਿਥੇ ਬੱਚਿਆਂ ਦਾ ਤੁਹਾਡੇ ਨਾਲ ਮੋਹ-ਪਿਆਰ ਦਾ ਰਿਸ਼ਤਾ ਗੂੜ੍ਹਾ ਹੋਵੇਗਾ, ਉਥੇ ਹੀ ਉਨ੍ਹਾਂ ਦੇ ਦਿਲਾਂ ਵਿਚ ਸਮਾਜ ਅਤੇ ਤੁਹਾਡੇ ਪ੍ਰਤੀ ਪ੍ਰਤੀਬੱਧਤਾ ਵੀ ਪੈਦਾ ਹੋਵੇਗੀ।



ਕਈ ਵਾਰ ਤਾਂ ਦੇਖਣ-ਸੁਣਨ ਵਿਚ ਆਉਂਦਾ ਹੈ ਕਿ ਕੁਝ ਮਾਪੇ ਆਪਣੇ ਬੱਚਿਆਂ ਦੀ ਅੰਦਰੂਨੀ ਸਮਰੱਥਾ, ਯੋਗਤਾ ਤੋਂ ਕਈ ਗੁਣਾ ਵਧੇਰੇ ਆਸ ਕਰਦਿਆਂ ਪੜ੍ਹਾਈ 'ਚੋਂ ਪਹਿਲੇ ਨੰਬਰ, ਮੈਰਿਟ 'ਚ ਆਉਣ ਜਾਂ ਖੇਡਾਂ 'ਚੋਂ ਪੁਜ਼ੀਸ਼ਨ ਹਾਸਲ ਕਰਨ ਆਦਿ ਸਬੰਧੀ ਬੇਲੋੜਾ ਦਬਾਅ ਬਣਾ ਕੇ ਰੱਖਦੇ ਹਨ, ਜਿਸ ਸਦਕਾ ਜਿਥੇ ਬੱਚਾ ਸਹਿਮਿਆ, ਤਣਾਅ, ਹੀਣਭਾਵਨਾ ਗ੍ਰਸਤ, ਚਿੜਚਿੜਾ ਅਤੇ ਚੁੱਪਚਾਪ ਜਿਹਾ ਰਹਿਣ ਲਗਦਾ ਹੈ, ਉਥੇ ਹੀ ਇਹ ਅਗਿਆਨਤਾਵੱਸ ਪਾਇਆ ਜਾ ਰਿਹਾ ਦਬਾਅ ਬੱਚੇ ਦੇ ਪੈਰਾਂ ਲਈ ਇਕ ਤਰ੍ਹਾਂ ਦੀ ਬੇੜੀ ਵੀ ਬਣ ਸਕਦਾ ਹੈ। ਮੁੱਕਦੀ ਗੱਲ ਹੈ ਕਿ ਮਾਪੇ ਬੱਚਿਆਂ ਲਈ ਮੁਢਲੇ ਅਤੇ ਭਰੋਸੇਯੋਗ ਰਾਹ ਦਸੇਰੇ ਹਨ। ਜੇ ਉਹ ਆਪਣਾ ਇਹ ਰੋਲ ਸਿਆਣਪ ਨਾਲ ਨਿਭਾਉਣ ਵਿਚ ਸਫਲ ਹੁੰਦੇ ਹਨ ਤਾਂ ਆਪਣੇ ਮਨਾਂ ਵਿਚ ਬੱਚਿਆਂ ਦੇ ਉਜਵਲ ਭਵਿੱਖ ਪ੍ਰਤੀ ਸੰਜੋਏ ਸੁਪਨੇ ਇੰਨ-ਬਿੰਨ ਸਿਰਜ ਅਤੇ ਸਾਕਾਰ ਕਰ ਲੈਂਦੇ ਹਨ।



# ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ

✤ ਡਾ. ਹਰਸ਼ਿੰਦਰ ਕੌਰ, ਐਮ. ਡੀ.

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਜੇ ਮਨੁੱਖ ਸਿਰਫ਼ ਰੁੱਖੇ ਹੀ ਬਚਨ ਬੋਲਦਾ ਰਹੇ ਤਾਂ ਉਸ ਦਾ ਤਨ ਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਤੇ ਅਜਿਹਾ ਮਨੁੱਖ ਰੁੱਖਾ ਹੀ ਮਸ਼ਹੂਰ ਹੋ ਜਾਂਦਾ ਹੈ। ਪ੍ਰੇਮ ਵਿਹੂਣਾ ਅਜਿਹਾ ਮਨੁੱਖ ਯਾਦ ਵੀ ਰੁੱਖੇ ਬਚਨਾਂ ਨਾਲ ਹੀ ਕੀਤਾ ਜਾਂਦਾ ਹੈ। ਦਰਗਾਹ ਤੋਂ ਤਾਂ ਰੱਦ ਹੋ ਹੀ ਜਾਂਦਾ ਹੈ ਪਰ ਇਸ ਤਰ੍ਹਾਂ ਦੇ ਮਨੁੱਖ ਦੇ ਮੂੰਹ ਉੱਤੇ ਵੀ ਥੁੱਕਾਂ ਤੇ ਫਿਟਕਾਰਾਂ ਪੈਂਦੀਆਂ ਹਨ। ਪ੍ਰੇਮ ਹੀਣ ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ ਕਿਉਂਕਿ ਉਸ ਦੀ ਸਦਾ ਹੀ ਬੇਇੱਜ਼ਤੀ ਹੁੰਦੀ ਹੈ ਤੇ ਜੁੱਤੀਆਂ ਦੀ ਮਾਰ ਪੈਂਦੀ ਹੈ।

ਓਹੀਓ ਸਟੇਟ ਯੂਨੀਵਰਸਿਟੀ ਵਿਚ ਜੌਨ ਕੇਸੀਓਪੋ ਨੇ ਖੋਜ ਰਾਹੀਂ ਇਹ ਤੱਥ ਲੱਭੇ ਕਿ ਇਨਸਾਨੀ ਮਨ ਮਾੜਾ ਸੁਣ ਕੇ ਵੱਧ ਖਿੱਚਿਆ ਜਾਂਦਾ ਹੈ। ਇਸੇ ਲਈ ਜਿਹੜੇ ਸਿਆਸਤਦਾਨ ਦੂਜੇ ਨੂੰ ਭੰਡਦੇ ਹੋਣ, ਉਹ ਵੱਧ ਮਕਬੂਲ ਹੁੰਦੇ ਹਨ ਪਰ ਜਿਹੜੇ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦੇ ਹੋਣ, ਉਹ ਬਹੁਤਾ ਧਿਆਨ ਨਹੀਂ ਖਿੱਚਦੇ।

ਕਿਸੇ ਬਾਰੇ ਮਾੜਾ ਸੁਣ ਕੇ, ਬੁਰੀ ਖ਼ਬਰ ਪੜ੍ਹ ਕੇ ਜਾਂ ਮਾੜੀ ਘਟਨਾ ਵੇਖ ਕੇ ਦਿਮਾਗ਼ ਦੀ ਬਿਜਲਈ ਹਰਕਤ ਵਿਚ ਤੂਫ਼ਾਨ ਆ ਜਾਂਦਾ ਹੈ।

ਅਜਿਹਾ ਚੰਗੀ ਖ਼ਬਰ ਪੜ੍ਹ ਕੇ ਨਹੀਂ ਹੁੰਦਾ। ਪੱਥਰ ਯੁੱਗ ਸਮੇਂ ਤੋਂ ਹੀ ਖ਼ਤਰਾ ਭਾਂਪ ਕੇ ਨਵੀਂ ਚੀਜ਼ ਈਜਾਦ ਕੀਤੀ ਜਾਂਦੀ ਰਹੀ ਹੈ। ਸਭ ਕੁੱਝ ਚੰਗਾ ਵੇਖ ਸੋਚ ਕੇ ਹੌਲੀ-ਹੌਲੀ ਮਨ ਢਿੱਲਾ ਪੈ ਜਾਂਦਾ ਹੈ।

ਵਿਆਹੁਤਾ ਜ਼ਿੰਦਗੀ ਵਿਚ ਵੀ ਨਿੱਘੇ ਰਿਸ਼ਤੇ ਉਹੀ ਹੁੰਦੇ ਹਨ ਜਿਨ੍ਹਾਂ ਵਿਚ ਸਭ ਕੁੱਝ 'ਠੀਕ' ਨਾ ਹੋਵੇ ਬਲਕਿ ਨਿੱਕੀ ਮੋਟੀ 'ਖਟਪਟ' ਚੱਲਦੀ ਰਹੇ। ਇਹ 'ਖਟਪਟ' ਰਿਸ਼ਤਿਆਂ ਦਾ 'ਥਰਮੋਸਟੈਟ' ਸਾਬਤ ਹੋ ਚੁੱਕੀ ਹੈ। ਜੇ ਖਟਪਟ ਲੜਾਈ ਵਿਚ ਜਾਂ ਮੰਦੀ ਸ਼ਬਦਾਵਲੀ ਵਿਚ ਤਬਦੀਲ ਹੋ ਜਾਏ ਤਾਂ ਰਿਸ਼ਤੇ ਵਿਚ ਫਿੱਕ ਪੈ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਖਟਪਟ ਨੂੰ ਲੜਾਈ ਵਿਚ ਤਬਦੀਲ ਹੋਣ ਤੋਂ ਪਹਿਲਾਂ ਹੀ ਰੋਕ ਲੈਣਾ ਚਾਹੀਦਾ ਹੈ।

ਇਹ ਹੀ ਸਭ ਤੋਂ ਗੁੰਝਲਦਾਰ ਨੁਕਤਾ ਹੈ ਕਿ ਕਿਸ ਗੱਲ ਉੱਤੇ ਰਿਸ਼ਤੇ ਵਿਚ ਫਿੱਕ ਪੈਣ ਤੋਂ ਰੋਕਣ ਦੀ ਲੋੜ ਹੁੰਦੀ ਹੈ।

ਮਨੋਵਿਗਿਆਨੀਆਂ ਅਨੁਸਾਰ ਇਹ 5:1 ਅਨੁਪਾਤ ਨਾਲ ਠੀਕ ਰਹਿੰਦਾ ਹੈ। ਯਾਨੀ 5 ਚੰਗੀਆਂ ਸਾਂਝ ਵਾਲੀਆਂ ਗੱਲਾਂ ਤੇ ਇੱਕ ਅਣਬਣ, ਵਿਅੰਗ ਜਾਂ ਝਗੜੇ ਵਾਲੀ।

ਜੇ ਇਹ ਅਨੁਪਾਤ 2:3 ਹੋ ਜਾਏ ਤੇ ਅਣਬਣ ਤਿੰਨ ਤੱਕ ਪਹੁੰਚ ਜਾਏ ਤਾਂ ਰਿਸ਼ਤੇ ਦਾ ਅਗਾਂਹ ਤੁਰਨਾ ਨਾਮੁਮਕਿਨ ਹੋ ਜਾਂਦਾ ਹੈ।

ਲੰਬੇ ਸਮੇਂ ਤਕ ਨਿਭਣ ਵਾਲੀਆਂ ਦੋਸਤੀਆਂ ਵਿਚ ਵੀ ਇਹੀ ਕੁੱਝ ਸਹੀ ਸਾਬਤ ਹੋਇਆ ਹੈ। ਜੇ ਦੋਸਤਾਂ ਵਿਚ ਉੱਕਾ ਹੀ ਅਣਬਣ ਨਾ ਹੋਵੇ ਤਾਂ ਰਿਸ਼ਤਾ ਨਿੱਘਾ ਹੁੰਦਾ ਹੀ ਨਹੀਂ ਕਿਉਂਕਿ ਹਰ ਜਣਾ ਗਲ ਦਿਲ ਵਿਚ ਹੀ ਲੁਕਾਉਂਦਾ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦਾ ਰਹਿੰਦਾ ਹੈ ਜੋ ਰਿਸ਼ਤੇ ਵਿਚਲੀ ਖਿੱਚ ਖ਼ਤਮ ਕਰ ਦਿੰਦਾ ਹੈ।

ਜੇ ਅਨੁਪਾਤ ਵਿਗੜ ਰਿਹਾ ਹੋਵੇ ਤਾਂ ਰਿਸ਼ਤਾ ਟਿਕਾਊ ਕਰਨ ਲਈ ਸਾਰਥਕ ਕਦਮ ਪੁੱਟਣ ਦੀ ਲੋੜ ਹੁੰਦੀ ਹੈ। ਇਸ ਵਾਸਤੇ ਆਪਣੇ ਮਨ ਅੰਦਰ ਭਰੀ ਕੌੜ ਨੂੰ ਕਿਸੇ ਹੋਰ ਢੰਗ ਨਾਲ ਬਾਹਰ ਕੱਢਣ ਤੇ ਦੋਸਤ ਨੂੰ ਨਿੱਘੀ ਜੱਫੀ ਜਾਂ ਕੁੱਝ ਚੰਗੇ ਸੁਨੇਹੇ ਭੇਜਣ ਨਾਲ ਰਿਸ਼ਤੇ ਵਿਚ ਨਿੱਘ ਭਰਿਆ ਜਾ ਸਕਦਾ ਹੈ।

ਅਜਿਹਾ ਉਦੋਂ ਤੱਕ ਕਰਦੇ ਰਹਿਣਾ ਚਾਹੀਦਾ ਹੈ ਜਦੋਂ ਤਕ ਅਨੁਪਾਤ 5:1 ਨਾ ਹੋ ਜਾਵੇ।

ਹੁਣ ਗੱਲ ਕਰੀਏ ਸਿਫ਼ਰ ਨਕਾਰਾਤਮਕ ਸੋਚ ਵਾਲੇ ਮਨੁੱਖ ਦੀ ਜੋ ਅਲੋਚਨਾ ਤੋਂ ਇਲਾਵਾ ਕੁੱਝ ਜਾਣਦਾ ਹੀ ਨਾ ਹੋਵੇ ਤੇ ਕਦੇ ਵੀ ਸਾਰਥਕ ਗੱਲ ਨਾ ਕਰਦਾ ਹੋਵੇ। ਅਜਿਹਾ ਮਨੁੱਖ ਆਪਣੇ ਮਨ ਨੂੰ ਇਹ ਸਮਝਾ ਲੈਂਦਾ ਹੈ ਕਿ ਰੁੱਖਾ ਬੋਲਣਾ ਉਸ ਦਾ ਖਾਸ ਗੁਣ ਹੈ ਤੇ ਇੰਜ ਹੀ ਉਹ ਆਪਣੇ ਆਪ ਨੂੰ ਬਾਕੀਆਂ ਤੋਂ ਵੱਖ ਤੇ ਉੱਚਾ ਸਮਝਣ ਲੱਗ ਪੈਂਦਾ ਹੈ। ਹੌਲੀ-ਹੌਲੀ ਅਜਿਹੇ ਮਨੁੱਖ ਦੀ ਸੋਚ ਹੀ ਤਬਦੀਲ ਹੋ ਜਾਂਦੀ ਹੈ ਤੇ ਹਉਮੈ ਉਸ ਨੂੰ ਜਕੜ ਲੈਂਦੀ ਹੈ। ਉਸ ਨੂੰ ਆਪਣੇ ਸਾਹਮਣੇ ਸਾਰੇ ਬੌਣੇ ਜਾਪਣ ਲੱਗ ਪੈਂਦੇ ਹਨ।

ਦੂਜੇ ਦੀ ਚੀਸ ਨਾ ਸਮਝਣਾ ਤੇ ਦੂਜੇ ਨੂੰ ਨੀਵਾਂ ਵਿਖਾ ਕੇ ਖ਼ੁਸ਼ ਮਹਿਸੂਸ ਹੋਣਾ ਹੀ ਕਿਸੇ ਕਿਸੇ ਦਾ ਸੁਭਾਓ ਬਣ ਜਾਂਦਾ ਹੈ।

ਅਜਿਹਾ ਮਨੁੱਖ ਰੁੱਖਾ ਹੋਣ ਦੇ ਨਾਲ ਅੜਬ ਤੇ ਆਪਣੇ ਆਲੇ-ਦੁਆਲੇ ਭੇਦ ਨਾ ਸਕਣ ਵਾਲਾ ਚੱਕਰਵਿਊ ਸਿਰਜ ਲੈਂਦਾ ਹੈ ਜਿਸ ਨੂੰ ਪਾਰ ਨਾ ਕਰ ਸਕਣ ਵਾਲਾ ਕਿਨਾਰਾ ਕਰਨ ਲੱਗ ਪੈਂਦਾ ਹੈ ਤੇ 'ਅੰਗੂਰ ਖੱਟੇ ਹਨ' ਵਾਂਗ ਹੀ ਉਸ ਬਾਰੇ ਮਾੜੀ ਸ਼ਬਦਾਵਲੀ ਵਰਤ ਕੇ ਪਰ੍ਹਾਂ ਹੋ ਜਾਂਦਾ ਹੈ। ਇਹੋ ਨਿੰਦਾ ਅਗਾਂਹ ਤੁਰਦੀ ਹੋਈ ਉਸ ਮਨੁੱਖ ਨੂੰ ਰੁੱਖਾ ਤੇ ਨਕਾਰਾਤਮਕ ਸਾਬਤ ਕਰ ਦਿੰਦੀ ਹੈ ਤੇ ਲੋਕਾਂ ਵਿਚ ਅਜਿਹੇ ਮਨੁੱਖ ਦੇ ਜ਼ਿਕਰ ਨਾਲ ਹੀ ਉਸ ਨੂੰ ਭੰਡਿਆ ਜਾਣ ਲੱਗ ਪੈਂਦਾ ਹੈ।

ਇਹ ਸਾਰੀ ਖੋਜ ਮਨੋਵਿਗਿਆਨੀਆਂ ਨੇ ਸਿਰਫ਼ ਇਸ ਨੁਕਤੇ ਨੂੰ ਸਾਬਤ ਕਰਨ ਉੱਤੇ ਲਾਈ ਹੈ ਕਿ ਇਨਸਾਨੀ ਮਨ ਨਿੰਦਿਆ ਵੱਲ ਛੇਤੀ ਖਿੱਚਿਆ ਜਾਂਦਾ ਹੈ ਤੇ ਆਪ ਵੀ ਸੁਣੀ ਸੁਣਾਈ ਨਿੰਦਿਆ ਦਾ ਹਿੱਸਾ ਅਚੇਤ ਮਨ ਰਾਹੀਂ ਬਣ ਜਾਂਦਾ ਹੈ। ਪਰ, ਲਗਾਤਾਰ ਸੁਣੀ ਜਾ ਰਹੀ ਨਿੰਦਿਆ ਤੋਂ ਅਕੇਵਾਂ ਹੁੰਦੇ ਸਾਰ ਮਨੁੱਖੀ ਮਨ ਸਹਿਜ ਹੋਣ ਲਈ ਕੁੱਝ ਸੁਖਾਵੇਂ ਸ਼ਬਦ ਭਾਲਣ ਲੱਗ ਪੈਂਦਾ ਹੈ। ਯਾਨੀ ਬਹੁਤੀ ਦੇਰ ਰੁੱਖਾਪਨ ਸੁਣਿਆ ਨਹੀਂ ਜਾਂਦਾ ਤੇ ਦਿਮਾਗ਼ ਵਿਚਲੀਆਂ ਬਿਜਲਈ ਤਰੰਗਾਂ ਨੂੰ ਸ਼ਾਂਤ ਕਰਨ ਲਈ ਕੁੱਝ ਚੰਗਾ ਸੁਣਨਾ ਇਨਸਾਨੀ ਮਨ ਦੀ ਫਿਤਰਤ ਹੈ।

ਇਨਸਾਨੀ ਮਨ ਨਿੰਦਿਆ ਵੱਲ ਛੇਤੀ ਖਿੱਚਿਆ ਜਾਂਦਾ ਹੈ ਤੇ ਆਪ ਵੀ ਸੁਣੀ ਸੁਣਾਈ ਨਿੰਦਿਆ ਦਾ ਹਿੱਸਾ ਅਚੇਤ ਮਨ ਰਾਹੀਂ ਬਣ ਜਾਂਦਾ ਹੈ। ਪਰ, ਲਗਾਤਾਰ ਸੁਣੀ ਜਾ ਰਹੀ ਨਿੰਦਿਆ ਤੋਂ ਅਕੇਵਾਂ ਹੁੰਦੇ ਸਾਰ ਮਨੁੱਖੀ ਮਨ ਸਹਿਜ ਹੋਣ ਲਈ ਕੁੱਝ ਸੁਖਾਵੇਂ ਸ਼ਬਦ ਭਾਲਣ ਲੱਗ ਪੈਂਦਾ ਹੈ। ਯਾਨੀ ਬਹੁਤੀ ਦੇਰ ਰੁੱਖਾਪਨ ਸੁਣਿਆ ਨਹੀਂ ਜਾਂਦਾ ਤੇ ਦਿਮਾਗ਼ ਵਿਚਲੀਆਂ ਬਿਜਲਈ ਤਰੰਗਾਂ ਨੂੰ ਸ਼ਾਂਤ ਕਰਨ ਲਈ ਕੁੱਝ ਚੰਗਾ ਸੁਣਨਾ ਇਨਸਾਨੀ ਮਨ ਦੀ ਫਿਤਰਤ ਹੈ।

ਜਿਹੜਾ ਮਨੁੱਖ ਸਦਾ ਹੀ ਰੁੱਖੇ ਬਚਨ ਉਚਾਰਦਾ ਰਹੇ, ਉਸ ਦੀ ਬਾਕੀਆਂ ਨਾਲ ਸਾਂਝ ਹੌਲੀ-ਹੌਲੀ ਟੁੱਟਣ ਲੱਗ ਪੈਂਦੀ ਹੈ ਤੇ ਲੋਕ ਉਸ ਤੋਂ ਪਾਸਾ ਵੱਟਣ ਲੱਗ ਪੈਂਦੇ ਹਨ।

ਹੁਣ ਤਾਂ ਸੌਖਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦ ਸਮਝ ਆ ਸਕਦਾ ਹੈ-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।
(ਅੰਗ 473)

ਅੱਗੇ ਤੋਂ ਜਿਹੜਾ ਜਣਾ ਸਿਰਫ਼ ਹੀ ਸਿਫ਼ਤ ਕਰਦਾ ਮਿਲੇ ਤਾਂ ਉਸ ਉੱਪਰ ਝੂਠ ਦੇ ਚੜ੍ਹੇ ਮੁਖੌਟੇ ਬਾਰੇ ਸਮਝ ਲੈਣਾ ਚਾਹੀਦਾ ਹੈ ਤੇ ਇਸ 'ਫੂਕ ਸ਼ਸਤਰ' ਤੋਂ ਬਚਾਓ ਹੀ ਬਿਹਤਰ ਹੁੰਦਾ ਹੈ।

ਕਿਸੇ ਅੰਦਰ ਸਿਰਫ਼ ਹੀ ਗੁਣ ਹੋਣ, ਇਹ ਸੰਭਵ ਨਹੀਂ ਪਰ ਸਿਰਫ਼ ਔਗੁਣ ਹੋਣ, ਇਹ ਵੀ ਸਹੀ ਨਹੀਂ ਹੈ। ਰਿਸ਼ਤਿਆਂ ਨੂੰ ਲੰਮੇ ਸਮੇਂ ਤੱਕ ਚੱਲਦੇ ਰੱਖਣ ਲਈ 5:1 ਦੀ ਸਹੀ ਮਿਕਦਾਰ ਜ਼ਰੂਰ ਚਾਹੀਦੀ ਹੈ।

ਡਾ. ਹਰਸ਼ਿੰਦਰ ਕੌਰ, ਐਮ. ਡੀ.,
ਫੋਨ ਨੰ: 0175-221678333



**ਪੰਜਾਬ ਦੇ ਦਰਿਆਈ ਪਾਣੀ ਦੀ ਲੁੱਟ ਕਿਉਂ ਤੇ ਪੰਜਾਬ ਦੀ ਆਮਦਨ ਦੇ ਇਕੋ ਇਕ ਜਰੀਏ ਖੇਤੀਬਾੜੀ ਦੀਆਂ ਜਿਣਸਾਂ ਦੀ ਲੁੱਟ ਕਿਉਂ ? ਕਿਥੇ ਸੁੱਤੀਆਂ ਹਨ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ? ਕੀ ਇਹ ਬਦਨੀਤੀ ਤਾਂ ਨਹੀਂ ਕਿ ਪੰਜਾਬੀਆਂ ਨੂੰ ਪੰਜਾਬ ਦੀ ਧਰਤੀ ਤੋਂ ਇਕ ਵਾਰ ਫਿਰ ਉਜਾੜ ਦਿਓ ਤੇ ਐਸੇ ਉਜਾੜੋ ਕਿ ਮੁੜ ਕੇ ਉਹ ਪੰਜਾਬ ਵੱਲ ਮੂੰਹ ਨਾ ਕਰਨ ?**



# ਪਾਣੀਆਂ ਦਾ ਮਸਲਾ
# ਪੰਜਾਬ ਦੀ ਧੌਣ 'ਤੇ ਤਲਵਾਰ

✿ - ਪ੍ਰਿੰ. ਸਰਵਣ ਸਿੰਘ

ਪੰਜਾਬ ਇਸ ਸਮੇਂ ਬੇਹੱਦ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਕੇਂਦਰ ਸਰਕਾਰ ਨੇ ਜੇ ਹੁਣ ਵੀ ਪੰਜਾਬ ਵਿਰੋਧੀ ਨੀਤੀ ਨਾ ਬਦਲੀ ਤਾਂ ਕੁਝ ਵੀ ਹੋ ਸਕਦਾ ਹੈ। ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਅੰਗਰੇਜ਼ ਹਾਕਮਾਂ ਦੀਆਂ ਗੋਲੀਆਂ ਖਾਧੀਆਂ, ਫਾਂਸੀ ਚੜ੍ਹੇ, ਕਾਲੇ ਪਾਣੀ ਗਏ ਅਤੇ ਜਾਇਦਾਦਾਂ ਕੁਰਕ ਕਰਾਈਆਂ ਪਰ ਆਜ਼ਾਦੀ ਆਉਣ ਸਮੇਂ ਪੰਜਾਬ ਦਾ ਧੜ ਵੰਡ ਦੇ ਆਰੇ ਨਾਲ ਚੀਰ ਦਿੱਤਾ ਗਿਆ। ਦਸ ਲੱਖ ਲੋਕ ਨਿਹੱਕੇ ਮਾਰੇ ਗਏ। ਅਣਗਿਣਤ ਔਰਤਾਂ ਦੀ ਪੱਤ ਲੁੱਟੀ ਗਈ। ਕਰੋੜ ਦੇ ਕਰੀਬ ਪੰਜਾਬੀਆਂ ਦਾ ਉਜਾੜਾ ਹੋਇਆ। ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਖ਼ਾਤਰ ਪੰਜਾਬੀਆਂ ਨੂੰ ਮਾਣ ਸਨਮਾਨ ਤਾਂ ਕੀ ਦੇਣਾ ਸੀ, ਉਲਟਾ ਨਵੇਂ ਹਾਕਮਾਂ ਨੇ ਪੰਜਾਬ ਨੂੰ ਹਰ ਖੇਤਰ ਵਿਚ ਪਿੱਛੇ ਸੁੱਟਿਆ। ਜਦੋਂ ਕਦੇ ਵੀ ਭਾਰਤ-ਪਾਕਿਸਤਾਨ ਵਿਚਕਾਰ ਤਣਾਅ ਵਧਦਾ ਹੈ, ਆਵਾਜਾਈ ਤੇ ਵਪਾਰ ਘਟਦਾ ਹੈ, ਲੜਾਈ ਜਾਂ ਜੰਗ ਹੁੰਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੁੰਦਾ। ਉਜਾੜਾ ਦਰ ਉਜਾੜਾ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਨੂੰ ਕੇਂਦਰੀ ਸਰਕਾਰ ਨੇ ਕਦੇ ਕੋਈ ਵਿਸ਼ੇਸ਼ ਆਰਥਿਕ ਪੈਕੇਜ ਨਹੀਂ ਦਿੱਤਾ। ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਵਿਰੁਧ ਜੇ ਕਦੇ ਬਦਅਮਨੀ ਫੈਲੀ ਤਾਂ ਕੇਂਦਰ ਨੇ ਬਦਅਮਨੀ ਦਬਾਉਣ ਦੇ ਨਾਂ ਉਤੇ ਭੇਜੇ ਗਏ ਸੁਰੱਖਿਆ ਦਲਾਂ ਦਾ ਖਰਚਾ ਵੀ ਪੰਜਾਬ ਤੋਂ ਹੀ ਵਸੂਲਿਆ। ਦੇਸ਼ ਦੇ ਕਮਾਊ ਪੁੱਤ ਪੰਜਾਬ ਸਿਰ ਐਵੇਂ ਨਹੀਂ ਪੌਣੇ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ। ਪੰਜਾਬੀਆਂ ਨੇ ਸਰਹੱਦਾਂ ਦੀ ਰਾਖੀ ਲਈ ਵਧ ਚੜ੍ਹ ਕੇ ਜਾਨਾਂ ਵਾਰੀਆਂ ਅਤੇ ਭੁੱਖੇ ਮਰਦੇ ਦੇਸ਼ ਦਾ ਢਿੱਡ ਭਰਿਆ। ਇਨਾਮ ਮਿਲਿਆ ਪੰਜਾਬੀਆਂ ਸਿਰ ਕਰਜ਼ਾ, ਭੁੱਖ-ਨੰਗ ਤੇ ਦੇਸ਼ ਨਿਕਾਲਾ! ਪੰਜਾਬੀ ਹੁਣ ਵਾਹੋਦਾਹੀ ਪੰਜਾਬ ਤੋਂ ਭੱਜੇ ਜਾ ਰਹੇ ਹਨ।

ਉੱਧਰ ਕੇਂਦਰ ਦੀ ਨੀਤੀ ਦੇਖੋ: ਪੰਜਾਬ ਦੀਆਂ ਨਹਿਰਾਂ, ਕੱਸੀਆਂ ਤੇ ਸੂਏ ਭਾਵੇਂ ਦਰਿਆਈ ਪਾਣੀਆਂ ਨੂੰ ਤਰਸਦੇ ਰਹਿਣ, ਧਰਤੀ ਹੇਠਲਾ ਪਾਣੀ ਭਾਵੇਂ ਡੂੰਘੇ ਪਤਾਲ ਵਿਚ ਚਲਾ ਜਾਵੇ ਪਰ ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ, ਹਰਿਆਣੇ ਤੇ ਦਿੱਲੀ ਨੂੰ ਦੇਣਾ ਹੀ ਦੇਣਾ ਹੈ। ਕਦੇ ਕਿਸੇ ਨੇ ਕਿਹਾ ਕਿ ਜਮਨਾ ਦਾ ਕੁਝ ਪਾਣੀ ਦੇਸ਼ ਲਈ ਮਰ ਮਿਟਣ ਵਾਲੇ ਪੰਜਾਬ ਨੂੰ ਵੀ ਦੇ ਦਿੱਤਾ ਜਾਵੇ ?

> **ਪੰਜਾਬ ਵਿਚ ਹੁਣ ਤਕ ਵੱਡੀ ਸਨਅਤ ਇਸ ਬਹਾਨੇ ਨਹੀਂ ਦਿੱਤੀ ਗਈ ਕਿ ਇਹ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ। ਖ਼ਦਸ਼ਾ ਪ੍ਰਗਟਾਇਆ ਜਾਂਦਾ ਹੈ ਕਿ ਸਨਅਤ ਉਜੜ ਸਕਦੀ ਹੈ। ਪੰਜਾਬ ਪਾਸ ਜੋ ਮਾੜੀ ਮੋਟੀ ਸਨਅਤ ਸੀ, ਉਹ ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਤੋਂ ਬਾਹਰ ਤੋਰ ਦਿੱਤੀ ਗਈ ਹੈ।**

ਦੁਨੀਆ ਭਰ ਵਿਚ ਰਿਪੇਰੀਅਨ ਸਿਧਾਂਤ, ਅਧਿਕਾਰ ਤੇ ਕਾਨੂੰਨ ਲਾਗੂ ਹੈ ਕਿ ਕੁਦਰਤੀ ਨਦੀਆਂ ਤੇ ਦਰਿਆ ਉਨ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਦੀ ਜ਼ਮੀਨ ਵਿਚ ਉਹ ਵਗਦੇ ਹਨ। ਪੰਜਾਬ ਦੇ ਦਰਿਆਵਾਂ ਨੇ ਪੰਜਾਬੀਆਂ ਦੀ ਜ਼ਮੀਨ ਹੀ ਨੱਪੀ ਹੋਈ ਹੈ ਜੋ ਅਰਬਾਂ ਖਰਬਾਂ ਦੀ ਹੈ। ਜਿਹੜੇ ਲੋਕ ਦਰਿਆਵਾਂ ਦੇ ਕੰਢਿਆਂ ਉੱਤੇ ਰਹਿੰਦੇ ਹਨ, ਉਹੀ ਦਰਿਆਵਾਂ ਦੇ ਦੁਖ-ਸੁਖ ਦੇ ਭਾਗੀਦਾਰ ਹੁੰਦੇ ਹਨ। ਜੇ ਸੁੱਖ ਮਾਣਦੇ ਹਨ ਤਾਂ ਹੜ੍ਹ ਆਉਣ ਤੇ ਉਹੀ ਦਰਿਆਵਾਂ ਦਾ ਦੁੱਖ ਵੀ ਜਰਦੇ ਹਨ। ਇਨ੍ਹੀਂ ਦਿਨੀਂ ਆਏ ਹੜ੍ਹਾਂ ਨੇ ਪੰਜਾਬੀਆਂ ਦਾ ਕਈ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਕਰ ਦਿੱਤਾ ਹੈ। ਜਿਨ੍ਹਾਂ ਸੂਬਿਆਂ ਨੇ ਮੁਫ਼ਤ ਵਿਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਿਆ, ਕੀ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਔਖੇ ਵੇਲੇ ਪੰਜਾਬ ਦੀ ਮਦਦ ਕਰਨ ? ਰਾਜਸਥਾਨ ਵਿਚ ਪੰਜਾਬੀ ਜ਼ਮੀਨ ਤਾਂ ਖਰੀਦ ਨਹੀਂ ਸਕਦੇ ਪਰ ਉਥੋਂ ਦੀ ਮਿੱਟੀ, ਭਾਵ ਪੱਥਰ ਖਰੀਦ ਸਕਦੇ ਹਨ ਤੇ ਮਹਿੰਗਾ ਮੁੱਲ ਤਾਰ ਕੇ ਖਰੀਦਦੇ ਵੀ ਹਨ। ਫਿਰ ਪੰਜਾਬ ਦੇ ਪਾਣੀ ਦਾ ਮੁੱਲ ਉਹ ਕਿਉਂ ਨਹੀਂ ਤਾਰਦੇ ?

> **, 1947 ਤੋਂ ਕੇਂਦਰ ਦੇ ਕੀਤੇ ਜਾ ਰਹੇ ਵਿਤਕਰੇ ਕਾਰਨ ਵੀ ਹੈ। ਇਹ ਵਿਤਕਰਾ ਸ਼ਰੇਆਮ ਦਿਸ ਰਿਹਾ ਹੈ। ਤਦੇ ਤਾਂ ਕਈ ਸੂਬੇ ਫੈਡਰਲ ਢਾਂਚੇ ਦੀ ਮੰਗ ਕਰਦੇ ਹਨ।**

ਪੰਜਾਬ ਸਿਰ ਚੜ੍ਹਿਆ ਅਰਬਾਂ ਖਰਬਾਂ ਦਾ ਕਰਜ਼ਾ ਨਿਰੀਆਂ ਫੈਲਸੂਫੀਆਂ ਦਾ ਨਹੀਂ, 1947 ਤੋਂ ਕੇਂਦਰ ਦੇ ਕੀਤੇ ਜਾ ਰਹੇ ਵਿਤਕਰੇ ਕਾਰਨ ਵੀ ਹੈ। ਇਹ ਵਿਤਕਰਾ ਸ਼ਰੇਆਮ ਦਿਸ ਰਿਹਾ ਹੈ। ਤਦੇ ਤਾਂ ਕਈ ਸੂਬੇ ਫੈਡਰਲ ਢਾਂਚੇ ਦੀ ਮੰਗ ਕਰਦੇ ਹਨ। ਪੰਜਾਬ ਵਿਚ ਹੁਣ ਤਕ ਵੱਡੀ ਸਨਅਤ ਇਸ ਬਹਾਨੇ ਨਹੀਂ ਦਿੱਤੀ ਗਈ ਕਿ ਇਹ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ। ਖ਼ਦਸ਼ਾ ਪ੍ਰਗਟਾਇਆ ਜਾਂਦਾ ਹੈ ਕਿ ਸਨਅਤ ਉਜੜ ਸਕਦੀ ਹੈ। ਪੰਜਾਬ ਪਾਸ ਜੋ ਮਾੜੀ ਮੋਟੀ ਸਨਅਤ ਸੀ, ਉਹ ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਤੋਂ ਬਾਹਰ ਤੋਰ ਦਿੱਤੀ ਗਈ ਹੈ। ਹਰਿਆਣਾ ਬਣਨ ਤੋਂ ਪਹਿਲਾਂ ਪੰਜਾਬ ਸਨਅਤ ਦਾ ਧੁਰਾ ਫਰੀਦਾਬਾਦ ਸੀ ਜੋ ਹਰਿਆਣੇ ਵਿਚ ਚਲਿਆ ਗਿਆ। ਪੰਜਾਬ ਕਦੇ ਉਸ ਇੰਡਸਟਰੀ ਦੇ ਅਸਾਸੇ ਦਾ 60 ਫੀਸਦੀ ਹਿੱਸਾ ਮੰਗ ਕੇ ਤਾਂ ਦੇਖੇ, ਅੱਗਿਓਂ ਕੀ ਜਵਾਬ ਮਿਲਦਾ ਹੈ ? ਅਗਲਿਆਂ ਨੇ ਤਾਂ 1982 ਦੀਆਂ ਏਸ਼ਿਆਈ ਖੇਡਾਂ ਦੌਰਾਨ ਪੰਜਾਬੀਆਂ ਦਾ ਹਰਿਆਣੇ ਵਿਚ ਦੀ ਦਿੱਲੀ ਜਾਣਾ ਵੀ ਬੰਦ ਕਰ ਦਿੱਤਾ ਸੀ! ਪੰਜਾਬ ਕੋਲ ਆਮਦਨ ਦਾ ਵਸੀਲਾ ਲੈ ਦੇ ਕੇ ਖੇਤਾਂ ਦੀ ਉਪਜ ਹੀ ਹੈ ਜੋ ਪਾਣੀ ਉਤੇ ਨਿਰਭਰ ਹੈ। ਦਰਿਆਈ ਪਾਣੀ ਦੀ ਘਾਟ ਕਾਰਨ ਪੰਜਾਬੀਆਂ ਨੂੰ 15 ਲੱਖ ਟਿਊਬਵੈੱਲ ਖੇਤਾਂ ਵਿਚ ਅਤੇ ਓਦੂੰ ਵੱਧ ਪਿੰਡਾਂ ਸ਼ਹਿਰਾਂ ਵਿਚ ਲਾਉਣੇ ਪਏ ਹਨ। ਹਰ ਸਾਲ ਟਿਊਬਵੈੱਲ ਡੂੰਘੇ ਤੋਂ ਡੂੰਘੇ ਕਰਦਿਆਂ ਅਰਬਾਂ ਰੁਪਏ ਖਰਚ ਹੋਏ ਹਨ ਤੇ ਸੈਂਕੜੇ ਫੁੱਟ ਡੂੰਘੇ ਪਾਣੀ ਖਿੱਚਣ ਲਈ ਮੋਟਰਾਂ ਦੀ ਹਾਰਸ ਪਾਵਰ ਵਧਾ ਕੇ ਅਰਬਾਂ ਖਰਬਾਂ ਦੀ ਬਿਜਲੀ ਫੂਕਣੀ ਪਈ ਹੈ। ਸਿਆਪਾ ਸਾਰਾ ਪੰਜਾਬ ਦੇ ਦਰਿਆਈ ਪਾਣੀ, ਇਹਦੇ ਅਸਲੀ ਹੱਕਦਾਰ ਪੰਜਾਬ ਨੂੰ ਨਾ ਮਿਲਣ ਦੀ ਥੁੜ੍ਹ ਦਾ ਹੈ। ਪੰਜਾਬ ਦਿਨੋ-ਦਿਨ ਬੰਜਰ ਹੋਣ ਵੱਲ ਵਧ ਰਿਹਾ ਹੈ। ਬੇਰੁਜ਼ਗਾਰ ਜੁਆਨੀ ਵਿਦੇਸ਼ਾਂ ਨੂੰ ਉਡੀ ਜਾ ਰਹੀ ਹੈ ਤੇ ਜਿਹੜੇ ਉੱਡ ਨਹੀਂ ਸਕਦੇ, ਉਹ ਨਸ਼ੇ-ਪੱਤੇ ਵਿਚ ਗ਼ਲਤਾਨ ਹੋ ਕੇ ਮਰ-ਖਪ ਰਹੇ ਹਨ। ਪੰਜਾਬ ਦੇ ਹਾਲਾਤ ਹੁਣ ਉਹੋ ਜਿਹੀ ਹੈ: ਜਦੋਂ ਰੋਮ ਸੜ ਰਿਹਾ ਸੀ ਤਾਂ ਉਹਦਾ ਹਾਕਮ ਨੀਰੋ ਬੰਸਰੀ ਵਜਾ ਰਿਹਾ ਸੀ! ਸਾਡੇ ਹਾਕਮ ਵੀ ਨੀਰੋ ਹੀ ਬਣੇ ਹੋਏ ਹਨ। ਜੇ ਕੇਰਲ, ਮੱਧ ਪ੍ਰਦੇਸ਼, ਕਰਨਾਟਕ ਤੇ ਰਾਜਸਥਾਨ ਦੇ ਕਿਸਾਨ ਪੰਜ ਏਕੜ ਦੀ ਮਾਲਕੀ ਨਾਲ ਆਪਣੇ ਖੇਤ ਵਿਚ ਮਨਰੇਗਾ ਦੀਆਂ ਸੌ ਦਿਹਾੜੀਆਂ ਲਾਉਣ ਦੇ ਹੱਕਦਾਰ ਹਨ ਅਤੇ ਪੈਸੇ ਵਸੂਲਦੇ ਹਨ ਤਾਂ ਪੰਜਾਬ ਦੇ ਪੰਜ ਏਕੜ ਵਾਲੇ ਕਿਸਾਨ ਕਿਉਂ ਨਹੀਂ ਵਸੂਲ ਸਕਦੇ ? ਮਨਰੇਗਾ ਐਕਟ-2012 ਉਤੇ ਅਮਲ ਦੀ ਪੰਜਾਬ ਵਿਚ ਅਣਦੇਖੀ ਕਿਉਂ ? ਚੰਡੀਗੜ੍ਹ ਤੇ ਹਰਿਆਣੇ ਵਿਚ ਬੁਢਾਪਾ ਪੈਨਸ਼ਨ ਵੱਧ ਹੈ, ਪੰਜਾਬ ਵਿਚ ਘੱਟ ਕਿਉਂ ? ਪੰਜਾਬ ਵਿਚ ਬਿਜਲੀ ਸਭ ਤੋਂ ਮਹਿੰਗੀ ਕਿਉਂ ? ਪੰਜਾਬ ਦੇ ਦਰਿਆਈ ਪਾਣੀ ਦੀ ਲੁੱਟ ਕਿਉਂ ਤੇ ਪੰਜਾਬ ਦੀ ਆਮਦਨ ਦੇ ਇਕੋ ਇਕ ਜਰੀਏ ਖੇਤੀਬਾੜੀ ਦੀਆਂ ਜਿਣਸਾਂ ਦੀ ਲੁੱਟ ਕਿਉਂ ? ਕਿਥੇ ਸੁੱਤੀਆਂ ਹਨ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ? ਕੀ ਇਹ ਬਦਨੀਤੀ ਤਾਂ ਨਹੀਂ ਕਿ ਪੰਜਾਬੀਆਂ ਨੂੰ ਪੰਜਾਬ ਦੀ ਧਰਤੀ ਤੋਂ ਇਕ ਵਾਰ ਫਿਰ ਉਜਾੜ ਦਿਓ ਤੇ ਐਸੇ ਉਜਾੜੋ ਕਿ ਮੁੜ ਕੇ ਉਹ ਪੰਜਾਬ ਵੱਲ ਮੂੰਹ ਨਾ ਕਰਨ ?

ਦੋ ਮਹੀਨੇ ਪਹਿਲਾਂ ਜੂਨ ਵਿਚ ਹੀ ਪਤਾ ਲੱਗ ਗਿਆ ਸੀ ਕਿ ਐਤਕੀਂ ਭਾਖੜੇ ਦਾ ਗੋਬਿੰਦ ਸਾਗਰ ਭਰਪੂਰ ਹੈ। ਜੇ ਜੂਨ ਜੁਲਾਈ ਵਿਚ ਮੀਂਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਜਾਬ ਦੇ ਦਰਿਆਵਾਂ ਵਿਚ ਹਿਸਾਬ ਕਿਤਾਬ ਦਾ ਪਾਣੀ ਛੱਡਿਆ ਜਾਂਦਾ ਰਹਿੰਦਾ ਤਾਂ ਉਸ ਪਾਣੀ ਦਾ ਕਾਫੀ ਹਿੱਸਾ ਪੰਜਾਬ ਦੀ ਧਰਤੀ ਵਿਚ ਹੀ ਸਮਾ ਜਾਣਾ ਸੀ ਜੋ ਬਾਅਦ ਵਿਚ ਕੰਮ ਆਉਂਦਾ। ਫਿਰ ਨਾ ਹੜ੍ਹ ਆਉਂਦਾ, ਨਾ ਲੋਕਾਂ 'ਤੇ ਆਫ਼ਤ ਆਉਂਦੀ ਅਤੇ ਨਾ ਹਜ਼ਾਰਾਂ ਕਰੋੜਾਂ ਦਾ ਨੁਕਸਾਨ ਹੁੰਦਾ। ਪੰਜਾਬ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਕੀ ਕੇਂਦਰ ਅਤੇ ਜਿਹੜੇ ਪ੍ਰਾਂਤ ਪੰਜਾਬ ਦੇ ਦਰਿਆਈ ਪਾਣੀਆਂ ਦਾ ਲਾਭ ਲੈ ਰਹੇ ਹਨ, ਉਹ ਇਸ ਨੁਕਸਾਨ ਦੀ ਪੂਰਤੀ ਕਰਨਗੇ ?

ਆਉਂਦੇ ਦਿਨਾਂ ਵਿਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਜਿਵੇਂ ਚੋਣਾਂ ਮੌਕੇ ਅਕਸਰ ਹੁੰਦਾ ਆਇਆ ਹੈ, ਐੱਸਵਾਈਐੱਲ ਦਾ ਮੁੱਦਾ ਮੁੜ ਭਖ ਪਿਆ ਹੈ। ਪੰਜਾਬ ਪਹਿਲਾਂ ਹੀ ਸੋਕੇ/ਡੋਬੇ ਦਾ ਮਾਰਿਆ ਪਿਆ ਹੈ। ਇਸ ਸਮੇਂ ਵਗਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਮਾਪੇ ਬਿਨਾ ਜੇ ਫੈਸਲਾ ਹੋਰ ਪਾਣੀ ਹਰਿਆਣੇ ਨੂੰ ਦੇਣ ਦਾ ਆ ਗਿਆ ਤਾਂ ਸਿਆਪੇ ਪੈਣਗੇ। ਅਜੇ ਤਾਂ ਭਗਤ ਰਵਿਦਾਸ ਜੀ ਦੇ ਮੰਦਰ ਨੂੰ ਢੁਹਾਉਣ ਦਾ ਮਸਲਾ ਹੀ ਹੱਲ ਨਹੀਂ ਹੋ ਰਿਹਾ।

ਕੀ ਇਹ ਖ਼ਾਬ ਖ਼ਿਆਲ ਤਾਂ ਨਹੀਂ ਕਿ ਪੰਜਾਬ ਨੂੰ ਚੰਡੀਗੜ੍ਹ ਵਾਂਗ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਕੇ ਪੰਜਾਬ ਰਾਜ ਦਾ ਦਰਜਾ ਹੀ ਖ਼ਤਮ ਕਰ ਦਿੱਤਾ ਜਾਵੇ ਅਤੇ ਪੰਜਾਬ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਕੇਂਦਰ ਸਰਕਾਰ ਆਪਣਾ ਉਪ ਰਾਜਪਾਲ ਲਾ ਦੇਵੇ ? ਫਿਰ ਫੌਜੀ ਸ਼ਕਤੀ ਨਾਲ ਹੀ ਨਹਿਰ ਕੱਢੀ ਜਾਵੇ!

# ਛੋਟੀਆਂ ਪਰ ਕੰਮ ਦੀਆਂ ਗੱਲਾਂ



- ਫਟੀਆਂ ਅੱਡੀਆਂ ਤੋਂ ਛੁਟਕਾਰਾ ਪਾਉਣ ਲਈ ਕੱਚੇ ਅੰਬ ਨੂੰ ਉਬਾਲੋ। ਜਦੋਂ ਉਹ ਠੰਢਾ ਹੋ ਜਾਵੇ ਤਾਂ ਉਸ ਦੇ ਗੁੱਦੇ ਨੂੰ ਫਟੀਆਂ ਅੱਡੀਆਂ 'ਤੇ ਰਗੜੋ।
- ਆਲੂ ਤਲਣ ਤੋਂ ਪਹਿਲਾਂ ਉਸ ਵਿਚ ਹਲਕਾ ਸੁੱਕਾ ਮੈਦਾ ਛਿੜਕੋ। ਆਲੂ ਜ਼ਿਆਦਾ ਖਸਤਾ ਬਣਨਗੇ।
- ਚਮੜੇ ਦੇ ਪਰਸ ਜਾਂ ਬੈਲਟ ਨੂੰ ਨਵੀਂ ਦਿੱਖ ਦੇਣ ਲਈ ਉਸ 'ਤੇ ਨਿੰਬੂ ਦੀ ਛਿੱਲ ਰਗੜੋ।
- ਕੀੜੇ-ਮਕੌੜਿਆਂ ਤੋਂ ਛੁਟਕਾਰਾ ਪਾਉਣ ਲਈ ਘਰ ਦੇ ਹਨੇਰੇ ਕੋਨਿਆਂ ਵਿਚ ਹਲਦੀ ਪਾਊਡਰ ਛਿੜਕ ਦਿਓ।
- ਨਹਾਉਣ ਤੋਂ ਪਹਿਲਾਂ ਪਾਣੀ ਦੀ ਬਾਲਟੀ ਵਿਚ ਦੋ ਚਮਚ ਨਾਰੀਅਲ ਦਾ ਤੇਲ ਪਾਓ। ਚਮੜੀ 'ਤੇ ਅਨੋਖੀ ਚਮਕ ਮਹਿਸੂਸ ਕਰੋਗੇ।

- ਦਾਲ ਫਰਾਈ ਨੂੰ ਸੰਘਣੀ ਬਣਾਉਣ ਲਈ ਇਕ ਛੋਟੀ ਕਟੋਰੀ ਉਬਲੀ ਦਾਲ ਨੂੰ ਮਿਕਸੀ ਵਿਚ ਫੈਂਟ ਲਓ। ਉਸ ਨੂੰ ਬਾਕੀ ਦਾਲ ਵਿਚ ਮਿਲਾ ਦਿਓ।
- ਨਵੀਂ ਜੁੱਤੀ ਜਿੱਥੋਂ ਪੈਰ ਨੂੰ ਕੱਟ ਰਹੀ ਹੋਵੇ, ਉਥੋਂ ਜੁੱਤੀ ਦੀ ਅੰਦਰੂਨੀ ਜਗ੍ਹਾ 'ਤੇ ਮੋਮ ਨੂੰ ਰਗੜੋ।
- ਸਬਜ਼ੀ ਜ਼ਿਆਦਾ ਤਿੱਖੀ ਬਣ ਗਈ ਹੋਵੇ ਤਾਂ ਉਸ ਵਿਚ ਥੋੜ੍ਹੀ ਟਮੈਟੋ ਸਾਸ ਪਾਓ।
- ਚੋਕਰ ਦੀ ਵਰਤੋਂ ਚਮੜੀ ਸਕਰੱਬ ਦੇ ਰੂਪ ਵਿਚ ਕਰ ਸਕਦੇ ਹੋ। ਚੋਕਰ ਦੇ ਖੁਰਦਰੇਪਨ ਨੂੰ ਘੱਟ ਕਰਨ ਲਈ ਚੋਕਰ ਨੂੰ ਦੁੱਧ ਵਿਚ ਮਿਲਾ ਕੇ ਉਸ ਦਾ ਪੇਸਟ ਬਣਾਓ।
- ਸਰਦੀਆਂ ਵਿਚ ਨਾਰੀਅਲ ਦਾ ਤੇਲ ਨਾ ਜੰਮੇ, ਇਸ ਵਾਸਤੇ ਉਸ ਵਿਚ ਕੁਝ ਬੂੰਦਾਂ ਕੈਸਟਰ ਆਇਲ ਦੀਆਂ ਪਾਓ। ਤੇਲ ਨਹੀਂ ਜੰਮੇਗਾ।
- ਮੂੰਹ ਦੀ ਬਦਬੂ ਦੂਰ ਕਰਨ ਲਈ ਨਿੰਬੂ ਦੇ ਰਸ ਅਤੇ ਗੁਲਾਬ ਜਲ ਨੂੰ ਮਿਲਾ ਕੇ ਗਰਾਰੇ ਕਰੋ।
- ਸੂਤੀ ਕੱਪੜਿਆਂ ਦੇ ਦਾਗ ਦੂਰ ਕਰਨ ਲਈ ਨਿੰਬੂ 'ਤੇ ਨਮਕ ਪਾ ਕੇ ਦਾਗ ਵਾਲੀ ਜਗ੍ਹਾ 'ਤੇ ਰਗੜਨ ਤੋਂ ਬਾਅਦ ਧੋ ਦਿਓ, ਦਾਗ ਦੂਰ ਹੋ ਜਾਣਗੇ।

# ਗੁਰੂ ਨਾਨਕ ਦੇ ਰਾਹਾਂ ਦਾ ਸਾਥੀ ਭਾਈ ਮਰਦਾਨਾ ਜੀ



ਭਾਈ ਮਰਦਾਨੇ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਖੇ 1459 ਈ: ਨੂੰ ਪਿਤਾ ਬਾਦਰਾ ਦੇ ਘਰ ਮਾਤਾ ਲੱਖੋ ਜੀ ਦੀ ਕੁੱਖੋਂ ਹੋਇਆ। ਮਰਦਾਨੇ ਦੇ ਪਹਿਲੇ ਸਾਰੇ ਭੈਣ ਭਰਾ ਮਰ ਗਏ ਸਨ। ਜਦੋਂ ਮਰਦਾਨਾ ਪੈਦਾ ਹੋਇਆ ਤਾਂ ਉਸਦੀ ਮਾਂ ਲੱਖੋ ਨੇ ਪੂਰੀ ਬੇ-ਦਿਲੀ ਤੇ ਨਿਰਾਸ਼ਤਾ ਵਿਚ ਉਸ ਨੂੰ 'ਮਰ ਜਾਣਾ' ਭਾਵ ਮਰ ਜਾਣ ਵਾਲਾ ਕਿਹਾ। ਮਰਦਾਨੇ ਦਾ ਪਹਿਲਾ ਨਾਂ ਦਾਨਾ ਸੀ। ਜਦੋਂ ਰਬਾਬ ਦੀ ਮਧੁਰ ਆਵਾਜ਼ ਗੁਰੂ ਜੀ ਦੇ ਕੰਨੀਂ ਪਈ ਤਾਂ ਉਨ੍ਹਾਂ ਨੇ ਉਸ ਦੇ ਕੋਲ ਜਾ ਕੇ ਉਸ ਦਾ ਨਾਂ ਪੁੱਛਿਆ। ਮਰਦਾਨੇ ਨੇ ਆਪਣਾ ਨਾਂ 'ਦਾਨਾ' ਦੱਸਿਆ। ਗੁਰੂ ਜੀ ਨੇ ਉਸਨੂੰ ਮਰਦਾਨਾ ਕਿਹਾ। ਜਿਸ ਦਾ ਭਾਵ ਬਹਾਦਰ ਜਾਂ ਨਾ ਮਰ ਜਾਣ ਵਾਲਾ ਸੀ। ਭਾਈ ਮਰਦਾਨਾ ਜੀ ਪਿਤਾ ਪੁਰਖੀ ਕਿੱਤੇ ਨੂੰ ਸਮਰਪਿਤ ਵਧੀਆ ਰਬਾਬ ਵਜਾ ਲੈਂਦੇ ਸਨ।

ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਰਾਇ ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ। ਭਾਈ ਮਰਦਾਨੇ ਦੇ ਪਿਤਾ ਬਾਦਰਾ ਦਾ ਗੁਰੂ ਸਾਹਿਬ ਦੇ ਘਰੇ ਆਉਣਾ ਜਾਣਾ ਸੀ। ਮਰਾਸੀ ਹੋਣ ਦੇ ਨਾਤੇ ਉਸਦੇ ਟੱਬਰ ਦੀਆਂ ਲੋੜਾਂ ਰੋਜ਼ੀ ਰੋਟੀ ਗੁਰੂ ਜੀ ਦੇ ਪਰਿਵਾਰ ਨਾਲ ਜੁੜੀਆਂ ਹੋਈਆਂ ਸਨ। ਭਾਈ ਮਰਦਾਨੇ ਦਾ ਨਾਨਕ ਦੀਆਂ ਨਜ਼ਰਾਂ ਵਿਚ ਆਉਣ ਦਾ ਸ਼ਾਇਦ ਇਹੀ ਕਾਰਨ ਹੋਵੇ ਪਰ ਇਸਤੋਂ ਵੀ ਵਧ ਕੇ ਜਦੋਂ ਦਿਲਾਂ ਨੂੰ ਦਿਲਾਂ ਦੀ ਖਿੱਚ ਹੋਵੇ, ਪ੍ਰੀਤਮ ਪਿਆਰੇ ਨੂੰ ਮਿਲਣ ਦੀ ਤਾਂਘ ਹੋਵੇ ਤਾਂ ਕੁਦਰਤ ਕੋਈ ਨਾ ਕੋਈ ਬਹਾਨਾ ਤਾਂ ਬਣਾਉਂਦੀ ਹੈ। ਇਸ ਪ੍ਰਕਾਰ ਭਾਈ ਮਰਦਾਨਾ ਅਤੇ ਗੁਰੂ ਨਾਨਕ ਇਕ ਦੂਜੇ ਦੇ ਨੇੜੇ ਆਉਂਦੇ ਹਨ। ਭਾਈ ਮਨੀ ਸਿੰਘ ਦੀਆਂ ਸਾਖੀਆਂ ਅਨੁਸਾਰ ਭਾਈ ਮਰਦਾਨੇ ਦਾ ਗੁਰੂ ਨਾਨਕ ਜੀ ਨਾਲ ਪਹਿਲਾ ਮੇਲ ਲਗਭਗ ਸੰਨ 1480 ਵਿਚ ਹੋਇਆ ਦੱਸਿਆ ਹੈ। ਜਦੋਂ ਗੁਰੂ ਨਾਨਕ ਦੀ ਉਮਰ 11 ਸਾਲ ਅਤੇ ਭਾਈ ਮਰਦਾਨੇ ਦੀ ਉਮਰ 21 ਸਾਲ ਸੀ। ਦੋਵੇਂ ਪਿਆਰ ਦੇ ਬੰਧਨ ਵਿਚ ਬੱਝੇ ਗਏ। ਇਕ ਦੂਜੇ ਨਾਲ ਚੋਲੀ ਦਾਮਨ ਦਾ ਰਿਸ਼ਤਾ ਬਣ ਗਿਆ। ਦੋਵੇਂ ਰਲ ਕੇ ਗਾਉਣ ਲੱਗੇ। ਦੋਹਾਂ ਦੀ ਸਾਂਝ ਰਾਗ ਸੀ। ਸ਼ਬਦ ਗਾਇਣ ਸੀ। ਗੁਰੂ ਨਾਨਕ ਜਦ ਵੀ ਬੋਲਦੇ ਇਹ ਕਹਿੰਦੇ ਮਰਦਾਨਿਆ ਰਬਾਬ ਵਜਾਇ ਬਾਣੀ ਆਈ ਏ। ਇਕ ਮੁਰਸ਼ਦ ਤੇ ਦੂਜਾ ਮੁਰੀਦ।

ਭਾਈ ਮਨੀ ਸਿੰਘ ਨੇ ਜਿਥੇ ਬਾਬੇ ਨਾਨਕ ਤੇ ਭਾਈ ਮਰਦਾਨੇ ਦੇ ਮੇਲ ਬਾਰੇ ਸੰਕੇਤ ਦਿੱਤਾ ਹੈ, ਉਥੇ ਉਨ੍ਹਾਂ ਨੇ ਇਸ ਵਾਕਿਆ ਵਿਚ ਥੋੜ੍ਹਾ ਅੰਤਰ ਵੀ ਪਾਇਆ ਹੈ। ਪਹਿਲੇ ਵਾਕਿਆ ਅਨੁਸਾਰ ਮਰਦਾਨੇ ਦੀ ਮਾਤਾ ਨੇ ਇਕ ਦਿਨ ਦਾਨਿਆਂ ਦੀ ਤੰਗੀ ਮਹਿਸੂਸ ਕਰਕੇ ਭਾਈ ਮਰਦਾਨੇ ਨੂੰ ਕਿਹਾ ਸੀ, ਕਿਸੇ ਕੋਠਾ ਕਿਸੇ ਪੱਲਾ, ਮੈਨੂੰ ਆਸ ਤੇਰੀ ਅੱਲਾ। ਗੁਰੂ ਨਾਨਕ ਦੇਵ ਜੀ ਅਜੇ ਬਾਲ ਅਵਸਥਾ ਵਿਚ ਹੀ ਸਨ ਤੇ ਬਾਲਕਾਂ ਨਾਲ ਖੇਡ ਕੇ ਮੁੜੇ ਆਉਂਦੇ ਸਨ ਤੇ ਉਨ੍ਹਾਂ ਦੇ ਕੰਨੀਂ ਭਾਈ ਮਰਦਾਨੇ ਦੀ ਮਾਂ ਦੇ ਇਹ ਬੋਲ ਪਏ ਤਾਂ ਗੁਰੂ ਜੀ ਨੇ ਬਚਨ ਕੀਤੇ ਅਸੀਂ ਵੀ ਅੱਲਾ ਦਾ ਆਸਰਾ ਰੱਖਦੇ ਹਾਂ ਤੇ ਤੁਹਾਡਾ ਆਸਰਾ ਵੀ ਅੱਲਾ 'ਤੇ ਹੈ, ਸਾਨੂੰ ਅੱਲਾ ਵਾਲਿਆਂ ਦੀ ਅਤੀ ਲੋੜ ਹੈ। ਆਪਣਾ ਪੁੱਤਰ ਸਾਨੂੰ ਦੇ ਛੱਡ। ਭਾਈ ਮਨੀ ਸਿੰਘ ਦੀ ਸਾਖੀ ਅਤੇ ਸਿੱਖਾਂ ਦੀ ਭਗਤ ਮਾਲ ਅਨੁਸਾਰ ਇਕ ਦਿਨ ਮਰਦਾਨਾ ਸੁਭਾਵਿਕ ਹੀ ਬਾਬੇ ਨਾਨਕ ਦੇ ਦਰ ਅੱਗੇ ਆ ਕੇ ਲੱਗਾ ਰਬਾਬ ਵਜਾਉਣ। ਉਹ ਰਬਾਬ ਵਜਾ ਰਿਹਾ ਸੀ ਤੇ ਨਾਲ ਨਾਲ ਇਕ ਲੋਕ ਪ੍ਰਸਿੱਧ ਵਾਰ ਗਾ ਰਿਹਾ ਸੀ। ਬਾਲ ਗੁਰੂ ਨਾਨਕ ਨੇ ਉਸ ਰਬਾਬੀ ਨੂੰ ਪੁੱਛਿਆ, ਤੂੰ ਰਬਾਬ ਬੜੀ ਸੁਹਣੀ ਵਜਾਉਂਦਾ ਹੈਂ, ਤੇਰਾ ਨਾਮ ਕੀ ਹੈ? ਰਬਾਬੀ ਨੇ ਉੱਤਰ ਦਿੱਤਾ, ਮੇਰਾ ਨਾਮ ਮਰਦਾਨਾ ਹੈ, ਸੁਬਹਾਨ ਤੇਰੀ ਖ਼ੁਸ਼ੀ ਨੂੰ। ਰੱਬ ਤੁਹਾਨੂੰ ਬਹੁਤਾ ਦੇਵੇ ਜਿਨ੍ਹਾਂ ਮੇਰੇ ਰਾਗ ਦੀ ਕਦਰ ਪਾਈ। ਤੁਹਾਡੇ ਜੇਹੇ ਕਦਰਦਾਨਾਂ ਦੇ ਸਿਰ 'ਤੇ ਅਸੀਂ ਜਿਉਂਦੇ ਹਾਂ। ਗੁਰੂ ਨਾਨਕ ਨੇ ਪ੍ਰਸੰਨ ਹੋ ਕੇ ਆਖਿਆ, ਮਰਦਾਨਿਆ ਤੇਰੀ ਰਬਾਬ ਸੁਣ ਕੇ ਮਹਿਸੂਸ ਹੁੰਦਾ ਹੈ ਕਿ ਤੈਨੂੰ ਰਾਗਾਂ ਦੀ ਬੜੀ ਸੂਝ ਹੈ, ਬੜੇ ਸਾਧੇ ਹੋਏ ਹੱਥਾਂ ਨਾਲ ਰਬਾਬ ਵਜਾਉਂਦਾ ਹੈਂ। ਕਿੰਨਾ ਚੰਗਾ ਹੋਵੇ ਜੇ ਰੱਬੀ ਬਾਣੀ ਇਹਨਾਂ ਰਾਗਾਂ ਵਿਚ ਗਾਵੇਂ। ਮੈਂ ਸ਼ਬਦ ਸਚੇ ਸਾਹਿਬ ਦੀ ਸਿਫ਼ਤ ਦੇ ਰਚਾਂਗਾ ਤੇ ਤੂੰ ਇਨ੍ਹਾਂ ਰਾਗਾਂ ਵਿਚ ਆਪਣੀ ਰਬਾਬ ਦੇ ਸੁਰ ਕਰੀਂ। ਤੇਰਾ ਇਸ ਲੋਕ ਵਿਚ ਵੀ ਉਧਾਰ ਹੋਵੇਗਾ ਤੇ ਪਰਲੋਕ ਵਿਚ ਵੀ। ਮਰਦਾਨੇ ਨੇ ਉੱਤਰ ਦਿੱਤਾ, ਮਹਾਰਾਜ ਅਸੀਂ ਧਨੀ ਲੋਕਾਂ ਨੂੰ ਵਾਰਾਂ ਤੇ ਗੀਤ ਸੁਣਾ ਕੇ ਚਾਰ ਪੈਸੇ ਖੱਟ ਕੇ ਲਿਆਉਂਦੇ ਹਾਂ ਅਤੇ ਆਪਣਾ ਟੱਬਰ ਪਾਲਦੇ ਹਾਂ। ਜੇ ਮੈਂ ਤੁਹਾਡੀ ਸੰਗਤ ਵਿਚ ਰਹਿ ਕੇ ਸ਼ਬਦ ਹੀ ਗਾਉਂਦਾ ਰਿਹਾ ਤਾਂ ਮੇਰੇ ਬਾਲ ਬੱਚਿਆਂ ਦਾ ਗੁਜ਼ਰਾਨ ਕਿਵੇਂ ਹੋਵੇਗਾ? ਜਿਥੋਂ ਤੱਕ ਮੇਰੇ ਉਧਾਰ ਦਾ ਸੁਆਲ ਹੈ, ਉਸ ਦੀ ਮੈਨੂੰ ਚਿੰਤਾ ਨਹੀਂ। ਮੈਂ ਪੰਜ ਨਮਾਜ਼ਾਂ ਪੜ੍ਹਦਾ ਹਾਂ ਤੇ ਰੋਜ਼ੇ ਵੀ ਰੱਖਦਾ ਹਾਂ। ਉਧਾਰ ਮੇਰਾ ਮੇਰੇ ਦੀਨ ਦੇ ਮੁਤਾਬਕ ਹੋ ਹੀ ਜਾਵੇਗਾ। ਰੱਬ ਤੁਹਾਡਾ ਭਲਾ ਕਰੇ, ਤੁਸਾਂ ਮੇਰੇ ਰਾਗ ਨੂੰ ਸਲਾਹਿਆ, ਮੈਨੂੰ ਮਾਣ ਬਖ਼ਸ਼ਿਆ।

ਮਰਦਾਨੇ ਦਾ ਰਾਗ, ਉਸਦੀ ਸੁਰੀਲੀ ਆਵਾਜ਼ ਤੇ ਸਾਧੇ ਹੋਏ ਹੱਥਾਂ ਵਿਚਲੀ ਰਬਾਬ ਦੀ ਰਵਾਨਗੀ-ਬਾਬੇ ਨਾਨਕ ਨੂੰ ਭਾਅ ਗਈ ਤੇ ਇਥੋਂ ਹੀ ਦੋਸਤੀ ਦਾ ਮੁੱਢ ਬੱਝਿਆ।

ਭਾਈ ਮਰਦਾਨਾ ਜੀ ਗੁਰੂ ਨਾਨਕ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਆਪਣੇ ਮੁਸਲਮਾਨੀ ਦੀਨ ਅਨੁਸਾਰ ਆਪਣਾ ਨਿੱਤਨੇਮ ਕਰਨ ਵਿਚ ਪੱਕੇ ਸਨ। ਪੰਜੇ ਵਕਤ ਦੀ ਨਮਾਜ਼ ਕਰਨੀ ਅਤੇ ਰੋਜ਼ੇ ਰੱਖਣਾ ਆਦਿ ਪਰ ਜਦੋਂ ਬਾਬੇ ਨਾਨਕ ਦੇ ਸੰਪਰਕ ਵਿਚ ਆਏ ਤਾਂ ਗੁਰੂ ਬਾਬੇ ਨੇ ਤਿੰਨ ਗੱਲਾਂ ਮਰਦਾਨਾ ਜੀ ਨੂੰ ਦ੍ਰਿੜ ਕਰਵਾਈਆਂ: 1. ਪਿਛਲੀ ਰਾਤੀਂ ਸਤਿਨਾਮ ਦਾ ਜਾਪ ਕਰਨਾ, 2. ਕੇਸ ਨਹੀਂ ਕਟਵਾਉਣੇ 3. ਆਏ-ਗਏ ਲੋੜਵੰਦ ਦੀ ਮੱਦਦ ਕਰਨੀ। ਇਨ੍ਹਾਂ ਗੱਲਾਂ ਨੂੰ ਭਾਈ ਮਰਦਾਨੇ ਨੇ ਆਪਣੇ ਲੜ ਬੰਨ੍ਹ ਲਿਆ।

ਇਹ ਤਾਂ ਸਪੱਸ਼ਟ ਹੈ ਕਿ ਭਾਈ ਮਰਦਾਨੇ ਦਾ ਗੁਰੂ ਨਾਨਕ ਜੀ ਨਾਲ ਪਹਿਲਾ ਮੇਲ ਤਾਂ ਤਲਵੰਡੀ ਵਿਖੇ ਹੀ ਹੋਇਆ। ਲਗਭਗ 7 ਸਾਲ (1480-1487) ਤੱਕ ਆਪ ਨੇ ਗੁਰੂ ਜੀ ਦੀ ਸੰਗਤ ਕੀਤੀ। ਗੁਰੂ ਨਾਨਕ ਜੀ ਬਾਣੀ ਉਚਾਰਦੇ ਤੇ ਮਰਦਾਨਾ ਜੀ ਉਸ ਬਾਣੀ ਨੂੰ ਰਾਗ-ਬੱਧ ਕਰਕੇ ਗਾਉਂਦੇ।

ਜਦੋਂ ਗੁਰੂ ਨਾਨਕ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਦੁਨਿਆਵੀ ਕੰਮਾਂ ਕਾਰਾਂ ਵੱਲ ਮੋੜਨ ਲਈ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਜੀ ਕੋਲ ਭੇਜ ਦਿੱਤਾ ਤਾਂ ਭਾਈ ਮਰਦਾਨਾ ਜੀ ਬਹੁਤ ਉਦਾਸ ਹੋਏ ਪਰ ਭਾਈ ਮਰਦਾਨੇ ਦੀ ਗੁਰੂ ਸਾਹਿਬ ਨੂੰ ਮਿਲਣ ਦੀ ਤਾਂਘ ਛੇਤੀ ਹੀ ਪੂਰੀ ਹੋ ਗਈ।

ਭਾਵੇਂ ਭਾਈ ਮਰਦਾਨਾ ਬਾਬੇ ਨਾਨਕ ਦੇ ਬਚਪਨ ਦਾ ਬੇਲੀ ਸੀ ਪਰ ਅਸਲੀ ਮੇਲ ਉਦੋਂ ਹੋਇਆ, ਜਦੋਂ ਭੈਣ ਨਾਨਕੀ ਦੇ ਸੱਦੇ 'ਤੇ ਗੁਰੂ ਪਾਤਸ਼ਾਹ ਨਵਾਬ ਦੌਲਤ ਖਾਨ ਲੋਧੀ ਦੇ ਮੋਦੀਖਾਨੇ ਦੇ ਮੋਦੀ ਬਣ ਗਏ। ਮਹਿਤਾ ਕਾਲੂ ਜੀ ਨੇ ਭਾਈ ਮਰਦਾਨੇ ਨੂੰ ਤਲਵੰਡੀਓਂ ਸੁਲਤਾਨਪੁਰ ਵਿਖੇ ਗੁਰੂ ਸਾਹਿਬ ਦੀ ਖ਼ਬਰ-ਸਾਰ ਲੈਣ ਲਈ ਭੇਜਿਆ ਪਰ ਗੁਰੂ ਸਾਹਿਬ ਦਾ ਨਿੱਘਾ ਵਰਤਾਉ, ਪਿਆਰ, ਸਤਿਸੰਗ ਆਦਿ ਵੇਖ ਕੇ ਉਹ ਸਭ ਕੁਝ ਭੁੱਲ ਗਿਆ ਤੇ ਉਹ ਸਿਦਕੀ ਜੀਊੜਾ ਬਾਬੇ ਨਾਨਕ ਦਾ ਹੋ ਕੇ ਹੀ ਰਹਿ ਗਿਆ। ਬੱਸ ਫੇਰ ਸਾਜ਼ ਅਤੇ ਆਵਾਜ਼ ਦੀਆਂ ਸੁਰਾਂ ਅਸਮਾਨੀ ਗੂੰਜਣ ਲੱਗੀਆਂ। ਇਸ ਵੇਲੇ ਮਰਦਾਨਾ ਜੀ ਦੀ ਉਮਰ ਲਗਭਗ 30 ਵਰ੍ਹਿਆਂ ਦੀ ਸੀ ਤੇ ਬਾਬਾ ਨਾਨਕ ਜੀ ਦੀ 20 ਵਰ੍ਹਿਆਂ ਦੀ। ਦੋਵੇਂ ਮਿੱਤਰ ਬਗਲਗੀਰ ਹੋਏ। ਦੋਹਾਂ ਇਕ ਦੂਜੇ ਦੀਆਂ ਸੁਣੀਆਂ। ਇਥੇ ਹੀ ਗੁਰੂ ਜੀ ਨੇ ਮਰਦਾਨੇ ਨੂੰ 'ਭਾਈ' ਦੀ ਉਪਾਧੀ ਨਾਲ ਨਿਵਾਜਿਆ। ਰਬਾਬੀ ਮਰਦਾਨਾ ਹੁਣ 'ਭਾਈ' ਬਣ ਗਿਆ। ਬਾਬਾ ਜੀ ਨੇ ਉਸਨੂੰ ਭਾਈ ਦੀ ਪਦਵੀ ਦੇ ਕੇ ਉਸਨੂੰ ਬਰਾਬਰੀ ਦਾ ਦਰਜਾ ਦੇ ਦਿੱਤਾ। ਗੁਰੂ ਨਾਨਕ ਨਾਮ-ਬਾਣੀ ਦੇ ਸਿਰਜਕ ਹੋਣ ਕਰਕੇ ਸੰਗੀਤ-ਕਲਾ ਨਾਲ ਦਿਲੀ ਲਗਾਉ ਰੱਖਦੇ ਸਨ। ਭਾਈ ਮਰਦਾਨਾ ਪਹਿਲਾਂ ਹੀ ਇਸ ਕੰਮ ਵਿਚ ਨਿਪੁੰਨ ਸੀ। ਦੋਵੇਂ ਸਾਥੀ ਇਕ ਸਿਰਜਕ ਦੂਜਾ ਵਾਦਕ।

ਮਰਦਾਨਾ ਜੀ ਦੀ ਉਮਰ ਲਗਭਗ 30 ਵਰ੍ਹਿਆਂ ਦੀ ਸੀ ਤੇ ਬਾਬਾ ਨਾਨਕ ਜੀ ਦੀ 20 ਵਰ੍ਹਿਆਂ ਦੀ। ਦੋਵੇਂ ਮਿੱਤਰ ਬਗਲਗੀਰ ਹੋਏ। ਦੋਹਾਂ ਇਕ ਦੂਜੇ ਦੀਆਂ ਸੁਣੀਆਂ। ਇਥੇ ਹੀ ਗੁਰੂ ਜੀ ਨੇ ਮਰਦਾਨੇ ਨੂੰ 'ਭਾਈ' ਦੀ ਉਪਾਧੀ ਨਾਲ ਨਿਵਾਜਿਆ। ਰਬਾਬੀ ਮਰਦਾਨਾ ਹੁਣ 'ਭਾਈ' ਬਣ ਗਿਆ।

ਸੰਨ 1487 ਈ. ਵਿਚ ਗੁਰੂ ਨਾਨਕ ਜੀ ਦੀ ਸ਼ਾਦੀ ਮਾਤਾ ਸੁਲੱਖਣੀ ਜੀ ਨਾਲ ਬਟਾਲਾ ਵਿਖੇ ਹੋਈ। ਸ਼ਾਦੀ ਤੋਂ ਬਾਅਦ ਗੁਰੂ ਸਾਹਿਬ ਤਲਵੰਡੀ ਆ ਗਏ। 1487 ਤੋਂ 1491 ਤੱਕ ਉਹ ਤਲਵੰਡੀ ਹੀ ਰਹੇ। ਸਮਾਂ ਪਾ ਕੇ ਗੁਰੂ ਪਾਤਸ਼ਾਹ ਨੇ ਸੁਲਤਾਨਪੁਰ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਭਾਈ ਮਰਦਾਨਾ ਗੁਰੂ ਜੀ ਦੇ ਨਾਲ ਨਹੀਂ ਗਏ। ਭਾਈ ਮਰਦਾਨੇ ਨੂੰ ਗੁਰੂ ਨਾਨਕ ਜੀ ਨੇ ਆਖਿਆ, ਮਰਦਾਨਿਆ, ਮੈਂ ਛੇਤੀ ਤੈਨੂੰ ਸੁਲਤਾਨਪੁਰ ਬੁਲਾ ਲਵਾਂਗਾ।

ਅਨੁਮਾਨ ਹੈ, ਭਾਈ ਮਰਦਾਨਾ 1492-1493 ਇਹਨਾਂ ਦੋ ਸਾਲਾਂ ਦੇ ਵਿਚ ਹੀ ਤਲਵੰਡੀ ਤੋਂ ਸੁਲਤਾਨਪੁਰ ਆਏ। (ਡਾ. ਮਹਿੰਦਰ ਕੌਰ ਗਿੱਲ, ਭਾਈ ਮਰਦਾਨਾ)

ਗੁਰੂ ਨਾਨਕ ਜੀ ਸੰਸਾਰਕ ਵਿਹਾਰਾਂ ਤੋਂ ਮੁਕਤ ਹੋ ਕੇ ਦੁਨੀਆਂ ਦੇ ਉਧਾਰ ਲਈ ਗੁਰੂ ਘਰ ਦੇ ਪ੍ਰਚਾਰ ਲਈ ਯਾਤਰਾ 'ਤੇ ਨਿਕਲ ਤੁਰੇ। ਉਹਨਾਂ ਦਾ ਸਾਥ ਭਾਈ ਮਰਦਾਨੇ ਨੇ ਦਿੱਤਾ। ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ, ਜਿਨ੍ਹਾਂ ਦਾ ਉਦੇਸ਼ ਮਾਨਵਤਾ ਦਾ ਕਲਿਆਣ ਸੀ। ਭਾਈ ਗੁਰਦਾਸ ਦੇ ਸ਼ਬਦਾਂ ਵਿਚ 'ਚੜ੍ਹਿਆ ਸੋਧਣ ਧਰਤ ਲੋਕਾਈ'।

ਇਨ੍ਹਾਂ ਚਾਰਾਂ ਉਦਾਸੀਆਂ ਸਮੇਂ ਗੁਰੂ ਜੀ ਦੇ ਔਖੇ ਸੌਖੇ ਰਾਹਾਂ ਦਾ ਸਾਥੀ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਰਿਹਾ। ਭਾਵੇਂ ਉਨ੍ਹਾਂ ਨੂੰ ਰੋੜਿਆਂ 'ਤੇ ਸੌਣਾ ਪਿਆ, ਅੱਕ ਚੱਬਣੇ ਪਏ ਜਾਂ ਅਸਾਮ ਦੀਆਂ ਜਾਦੂਗਰਨੀਆਂ ਦੇ ਜਾਦੂ ਦਾ ਸ਼ਿਕਾਰ ਹੋਣਾ ਪਿਆ ਪਰ ਸਿਦਕ ਦਾ ਪੱਕਾ, ਆਗਿਆਕਾਰੀ, ਸਿਰੜੀ ਮਰਦਾਨਾ ਆਪਣੇ ਮੁਰਸ਼ਦ ਦੇ ਆਖੇ ਤੋਂ ਕਦੇ ਨਾ ਅੱਕਿਆ ਨਾ ਥੱਕਿਆ, ਸਗੋਂ ਸਭ ਕੁੱਝ 'ਸਤ' ਕਰਕੇ ਮੰਨਿਆ। ਤਦੇ ਤਾਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ:

'ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।'

ਜਦੋਂ ਭਾਈ ਮਰਦਾਨਾ ਜੀ ਘਰ-ਬਾਰ ਤਿਆਗ, ਗੁਰੂ ਨਾਨਕ ਜੀ ਨਾਲ ਉਦਾਸੀਆਂ 'ਤੇ ਨਿਕਲ ਜਾਂਦੇ ਹਨ ਤਾਂ ਉਨ੍ਹਾਂ ਦੀ ਪਤਨੀ ਵੈਰਾਗ ਵਿਚ ਆ ਕੇ ਕੁੱਝ ਗਿਲੇ-ਸ਼ਿਕਵੇ ਜ਼ਾਹਿਰ ਕਰਦੀ ਹੈ, ਜਿਸਨੂੰ ਪੰਜਾਬੀ ਕਵੀ ਸੰਤ ਰਾਮ ਉਦਾਸੀ ਨੇ ਆਪਣੇ ਇਕ ਗੀਤ 'ਮਰਦਾਨੇ ਨੂੰ ਮਰਦਾਨਣ ਦਾ ਖ਼ਤ' ਵਿਚ ਇਉਂ ਅੰਕਿਤ ਕੀਤਾ ਹੈ:

ਅਜੇ ਹੋਇਆ ਨਾ ਨਜ਼ਾਰਾ ਤੇਰੀ ਦੀਦ ਦਾ
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ
ਡਿੱਗੇ ਬਾਪ ਹੱਥੋਂ ਸੋਟੀ, ਮੂੰਹ 'ਚ ਫੁੱਲ ਜਾਵੇ ਰੋਟੀ
ਜਦੋਂ ਸੁਣੀਂਦਾ ਤੂੰ ਭੁੱਖਾ ਤੇ ਤਿਹਾਇਆ ਵੇ
ਮੇਰੇ ਖੁੱਲ੍ਹ ਗਏ ਵਾਲ, ਜਾਣੀਂ ਆ ਗਿਆ ਭੁਚਾਲ
ਜਦੋਂ ਸੁਣਿਆ ਤੂੰ ਕੌਡੇ ਹੱਥ ਆਇਆ ਵੇ
ਟੁੱਟ ਜਾਣਾ ਸੀ ਪਿਆਲਾ ਵੇ ਉਮੀਦ ਦਾ
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ
ਵੇਖ ਮੇਰੀ ਕੁਰਬਾਨੀ, ਭਾਵੇਂ ਕਿੰਨੀ ਭੁੱਖੀ-ਭਾਣੀ
ਪਰ ਵੱਧ ਹੈ ਸੁਲੱਖਣੀ ਤੋਂ ਜੇਰਾ ਵੇ
ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ
ਨਾਓਂ ਲੈਣਾ ਨਹੀਂ ਸ਼ਤਾਬਦੀ 'ਚ ਤੇਰਾ ਵੇ
ਵੇ, ਤੂੰ ਰਹੇਂਗਾ ਮੁਥਾਜ ਹਰ ਚੀਜ਼ ਦਾ
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ

ਪਰ ਪਰਿਵਾਰ ਦੇ ਗਿਲੇ-ਸ਼ਿਕਵਿਆਂ ਅਤੇ ਪ੍ਰਭਾਵਿਤ ਹੋਏ ਆਰਥਿਕ ਹਾਲਾਤਾਂ ਦੇ ਬਾਵਜੂਦ ਵੀ ਭਾਈ ਮਰਦਾਨਾ ਜੀ ਗੁਰੂ ਸਾਹਿਬ ਦਾ ਸਾਥ ਛੱਡਣ ਲਈ ਰਾਜ਼ੀ ਨਾ ਹੋਏ।

ਸਾਖੀਆਂ ਵਿਚ ਭਾਈ ਮਰਦਾਨੇ ਨੂੰ ਨਿਮਾਣਾ, ਨਿਤਾਣਾ, ਭੁੱਖਾ, ਪਿਆਸਾ, ਮੰਗ ਖਾਣੀ ਜਾਤ, ਲਾਲਚੀ, ਡਰਪੋਕ, ਮੰਗਤਾ ਅਤੇ ਨੀਚ ਜਾਤ ਦਾ ਮਰਾਸੀ ਦੇ ਤੌਰ 'ਤੇ ਹੀ ਪੇਸ਼ ਕੀਤਾ ਗਿਆ ਹੈ। ਕਦੇ ਉਹ ਕੌਡੇ ਰਾਖਸ਼ ਦੇ ਮੂੰਹ ਵਿਚ ਪੈ ਜਾਂਦਾ ਹੈ, ਕਦੇ ਮੇਂਢਕਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਕਦੇ ਉਸ ਉੱਪਰ ਜਾਦੂਗਰਨੀਆਂ ਦਾ ਜਾਦੂ ਚਲਾਇਆ ਜਾਂਦਾ ਹੈ। ਸ਼ਾਇਦ ਸਾਖੀਕਾਰ ਇਸ ਤਰ੍ਹਾਂ ਕਰਕੇ ਗੁਰੂ ਨਾਨਕ ਨੂੰ ਕਰਾਮਾਤੀ ਪੁਰਸ਼ ਸਿੱਧ ਕਰਨਾ ਚਾਹੁੰਦੇ ਸਨ ਪਰ ਗੁਰੂ ਨਾਨਕ ਤਾਂ ਕਰਾਮਾਤਾਂ ਦੇ ਵਿਰੁੱਧ ਸਨ। ਨਾਲੇ ਉਨ੍ਹਾਂ ਨੇ ਕਦੇ ਵੀ ਮਰਦਾਨੇ ਨੂੰ ਭਾਈ ਮਰਦਾਨੇ ਤੋਂ ਬਿਨਾਂ ਸੰਬੋਧਿਤ ਨਹੀਂ ਕੀਤਾ। ਉਹ ਤਾਂ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

# ਕੈਂਸਰ ਤੋਂ ਬਚਣ ਲਈ ਪੌਸ਼ਟਿਕ ਭੋਜਨ ਖਾਓ

ਰੇਣੂਕਾ ਅਗਰਵਾਲ ਅਤੇ
ਸੋਨਿਕਾ ਸ਼ਰਮਾ



ਕੈਂਸਰ ਇੱਕ ਅਜਿਹੀਆਂ ਬਿਮਾਰੀਆਂ ਦਾ ਸਮੂਹ ਹੈ ਜਿਸ ਵਿੱਚ ਸਰੀਰ ਦੇ ਸੈੱਲਾਂ ਦੀ ਬਣਤਰ ਖ਼ਰਾਬ ਹੋ ਜਾਂਦੀ ਹੈ ਅਤੇ ਇਹ ਖ਼ਰਾਬ ਬਣਤਰ ਵਾਲੇ ਸੈੱਲ ਸਰੀਰ ਵਿੱਚ ਫੈਲਣ ਲਗਦੇ ਹਨ। ਭਾਰਤ ਵਿੱਚ ਮਰਦਾਂ ਵਿੱਚ ਸਭ ਤੋਂ ਵੱਧ ਫੇਫੜੇ ਅਤੇ ਮੂੰਹ ਦਾ ਕੈਂਸਰ ਹੁੰਦਾ ਹੈ ਜਦੋਂਕਿ ਔਰਤਾਂ ਵਿੱਚ ਸਰਵਾਈਕਲ ਅਤੇ ਛਾਤੀ ਦਾ ਕੈਂਸਰ ਜ਼ਿਆਦਾ ਹੁੰਦਾ ਹੈ। ਸਾਲ 2010 ਵਿੱਚ ਭਾਰਤ ਵਿੱਚ 5,56,400 ਮੌਤਾਂ ਕੈਂਸਰ ਕਾਰਨ ਹੋਈਆਂ। ਇਨ੍ਹਾਂ ਵਿੱਚੋਂ 71 ਫ਼ੀਸਦੀ 30-69 ਸਾਲ ਦੀ ਉਮਰ ਦੇ ਸਨ। ਭਾਰਤ ਵਿੱਚ ਕੈਂਸਰ ਦਾ ਮੁੱਖ ਕਾਰਨ ਤੰਬਾਕੂ ਹੈ। ਸੰਸਾਰ ਵਿੱਚ ਭਾਰਤ ਹੀ ਇੱਕ ਅਜਿਹਾ ਦੇਸ਼ ਹੈ ਜਿੱਥੇ ਮੂੰਹ ਦਾ ਕੈਂਸਰ ਸਭ ਤੋਂ ਜ਼ਿਆਦਾ ਪਾਇਆ ਜਾਂਦਾ ਹੈ। ਮੁਲਕ ਵਿੱਚ ਹਰ ਸਾਲ ਤਕਰੀਬਨ 75,000 ਤੋਂ 80,000 ਨਵੇਂ ਮਰੀਜ਼ ਕੈਂਸਰ ਦੀ ਸੂਚੀ ਵਿੱਚ ਸ਼ਾਮਿਲ ਹੋ ਜਾਂਦੇ ਹਨ। ਪੰਜਾਬ ਦੇ ਮਾਲਵਾ ਇਲਾਕੇ ਵਿੱਚ ਜ਼ਿਆਦਾ ਕੈਂਸਰ ਦੇ ਮਰੀਜ਼ ਪਾਏ ਜਾਂਦੇ ਹਨ। 20-30 ਫ਼ੀਸਦੀ ਮਰੀਜ਼ਾਂ ਨੂੰ ਕੈਂਸਰ ਗਲਤ ਖਾਣ ਦੀਆਂ ਆਦਤਾਂ ਅਤੇ ਸੰਜੋਗ ਦੇ ਤਰੀਕੇ ਕਾਰਨ ਹੁੰਦਾ ਹੈ। ਉਂਜ, ਕੈਂਸਰ ਕਈ ਕਾਰਨਾਂ ਕਰਕੇ ਹੋ ਸਕਦਾ ਹੈ ਜਿਵੇਂ ਕਿ ਰਹਿਣ-ਸਹਿਣ ਦਾ ਤਰੀਕਾ, ਵਾਤਾਵਰਣ, ਪਰਿਵਾਰਕ ਚਲਣ ਅਤੇ ਤਣਾਓ।

ਰਹਿਣ-ਸਹਿਣ ਦੇ ਤਰੀਕਿਆਂ ਵਿੱਚ ਖ਼ਾਸ ਤੌਰ 'ਤੇ ਸਿਗਰਿਟ ਪੀਣਾ, ਜ਼ਿਆਦਾ ਫੈਟ ਵਾਲਾ ਭੋਜਨ ਖਾਣਾ, ਫਲਾਂ-ਸਬਜ਼ੀਆਂ ਦਾ ਘੱਟ ਪ੍ਰਯੋਗ, ਕਸਰਤ ਨਾ ਕਰਨਾ, ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਦੇ ਸੰਪਰਕ ਵਿੱਚ ਜ਼ਿਆਦਾ ਰਹਿਣਾ ਅਤੇ ਮੋਟਾਪਾ ਆਦਿ ਸ਼ਾਮਿਲ ਹਨ। ਵਾਤਾਵਰਣ ਵੀ ਕਾਫ਼ੀ ਹੱਦ ਤਕ ਕੈਂਸਰ ਦਾ ਕਾਰਨ ਬਣ ਸਕਦਾ ਹੈ ਜਿਵੇਂ ਕਿ ਘਰ ਵਿੱਚ ਧੂੰਆਂ, ਹਵਾ ਦਾ ਪ੍ਰਦੂਸ਼ਣ, ਫੈਕਟਰੀਆਂ ਦਾ ਪ੍ਰਦੂਸ਼ਣ ਤੇ ਰਸਾਇਣਿਕ ਪਦਾਰਥਾਂ ਨਾਲ ਕੰਮ ਕਰਨਾ ਆਦਿ। ਕੈਂਸਰ ਤੋਂ ਬਚਣ ਲਈ ਸਰੀਰ ਵਿੱਚ ਪੈਦਾ ਹੋਣ ਵਾਲੇ ਕੁੱਝ ਲੱਛਣਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਤੇ ਇਹ ਲੱਛਣ ਹਨ:

- ਗਲਾ ਖ਼ਰਾਬ ਜੋ ਕਿ ਠੀਕ ਹੀ ਨਾ ਹੋਵੇ।
- ਬਿਨ੍ਹਾਂ ਕਾਰਨ ਖ਼ੂਨ ਨਿਕਲਣਾ ਅਤੇ ਡਿਸਚਾਰਜ ਹੋਣਾ।
- ਖਾਣ ਵਿੱਚ ਹਮੇਸ਼ਾ ਮੁਸ਼ਕਲ ਹੋਣਾ।
- ਕਿਸੇ ਵੀ ਦਿਖਣ ਵਾਲੇ ਮੌਕੇ ਦਾ ਆਕਾਰ ਬਦਲਣਾ।
- ਖਾਂਸੀ ਠੀਕ ਨਾ ਹੋਣਾ ਅਤੇ ਬਲੈਡਰ ਵਿੱਚ ਤਬਦੀਲੀ।
- ਸਰੀਰ ਦੇ ਕਿਸੇ ਵੀ ਅੰਗ ਦਾ ਬਿਨ੍ਹਾਂ ਕਾਰਨ ਸੁੱਜਣਾ।

30 ਫ਼ੀਸਦੀ ਤੋਂ ਜ਼ਿਆਦਾ ਕੈਂਸਰ ਕੇਸਾਂ ਨੂੰ ਕੇਵਲ ਕੈਂਸਰ ਪੈਦਾ ਕਰਨ ਵਾਲੇ ਕਾਰਨਾਂ ਨੂੰ ਬਦਲ ਕੇ ਜਾਂ ਉਨ੍ਹਾਂ ਤੋਂ ਬਚ ਕੇ ਹੀ ਰੋਕਿਆ ਜਾ ਸਕਦਾ ਹੈ। ਰੋਜ਼ਮਰ੍ਹਾ ਦੀਆਂ ਭੋਜਨ ਸਬੰਧੀ ਆਦਤਾਂ ਵਿੱਚ ਹੀ ਤਬਦੀਲੀ ਕਰਕੇ ਅਸੀਂ ਇਸ ਭਿਆਨਕ ਰੋਗ ਤੋਂ ਬਚ ਸਕਦੇ ਹਾਂ। ਹੋਈਆਂ ਖੋਜਾਂ ਤੋਂ ਬਾਅਦ ਇਹ ਪਤਾ ਚੱਲਿਆ ਹੈ ਕਿ ਕੁਦਰਤੀ ਤੌਰ 'ਤੇ ਪਾਏ ਜਾਣ ਵਾਲੀਆਂ ਖ਼ੁਰਾਕੀ ਵਸਤਾਂ ਵਿੱਚ ਕੈਂਸਰ ਨੂੰ ਰੋਕਣ ਦੀ ਬਹੁਤ ਤਾਕਤ ਹੁੰਦੀ ਹੈ। ਇਨ੍ਹਾਂ ਖ਼ੁਰਾਕੀ ਵਸਤਾਂ ਵਿੱਚ ਕੁਦਰਤੀ ਮਸਾਲੇ ਸਭ ਤੋਂ ਮਹੱਤਵਪੂਰਨ ਹਨ ਜਿਵੇਂ ਕਿ ਮਿਰਚ, ਅਦਰਕ, ਲਸਣ, ਹਲਦੀ, ਇਲਾਇਚੀ, ਮੇਥੇ, ਸੌਂਫ, ਜੀਰਾ, ਧਨੀਆ, ਦਾਲ ਚੀਨੀ, ਅਜਵੈਣ, ਲੌਂਗ ਅਤੇ ਜਵੀਤਰੀ ਆਦਿ। ਇਹ ਮਸਾਲੇ ਸਾਡੇ ਪੰਜਾਬੀ ਖ਼ੁਰਾਕ ਦਾ ਮਹੱਤਵਪੂਰਨ ਹਿੱਸਾ ਵੀ ਹਨ। ਪਰ ਸਾਨੂੰ ਇਨ੍ਹਾਂ ਮਸਾਲਿਆਂ ਨੂੰ ਹੋਰ ਜ਼ਿਆਦਾ ਵਰਤਣਾ ਚਾਹੀਦਾ ਹੈ ਤਾਂ ਜੋ ਅਸੀਂ ਕੈਂਸਰ ਵਰਗੀ ਬਿਮਾਰੀ ਤੋਂ ਬਚ ਸਕੀਏ। ਹਰ ਇੱਕ ਮਸਾਲੇ ਦੀ ਆਪਣੀ ਸੁਗੰਧ ਅਤੇ ਮਹੱਤਤਾ ਹੈ। ਇਨ੍ਹਾਂ ਦੀ ਵਰਤੋਂ ਨਾਲ ਸਾਨੂੰ ਘੱਟ ਕੈਲਰੀਜ਼ ਨਾਲ ਜ਼ਿਆਦਾ ਸਵਾਦ ਖਾਣਾ ਮਿਲ ਸਕਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿੱਚ ਫਾਈਟੋਨੁਟਰੀਐਂਟਜ਼ ਹੁੰਦੇ ਹਨ ਜੋ ਕਿ ਕੈਂਸਰ ਤੋਂ ਬਚਾਉਂਦੇ ਹਨ।


ਇਨ੍ਹਾਂ ਮਸਾਲਿਆਂ ਦੇ ਨਾਲ ਹੀ ਸਾਨੂੰ ਪੌਸ਼ਟਿਕ ਭੋਜਨ ਖਾਣਾ ਚਾਹੀਦਾ ਹੈ ਜਿਸ ਵਿੱਚ ਸਾਬਤ ਅਨਾਜ, ਦਾਲਾਂ, ਸਬਜ਼ੀਆਂ ਅਤੇ ਫਲ ਸ਼ਾਮਿਲ ਹੋਣ। ਭੋਜਨ ਵਿੱਚ 30 ਫ਼ੀਸਦੀ ਤੋਂ ਜ਼ਿਆਦਾ ਫੈਟ ਵੀ ਨਹੀਂ ਹੋਣੀ ਚਾਹੀਦੀ ਅਤੇ ਸੈਚੁਰੇਟਡ/ਠੋਸ ਫੈਟ ਜਿਵੇਂ ਕਿ ਮੱਖਣ, ਘਿਓ ਅਤੇ ਮਲਾਈ ਆਦਿ ਦੀ ਵਰਤੋਂ ਬਹੁਤ ਘੱਟ ਕਰਨੀ ਚਾਹੀਦੀ ਹੈ। ਭੋਜਨ ਵਿੱਚ ਸਾਰੀਆਂ ਸਬਜ਼ੀਆਂ ਜਿਵੇਂ ਕਿ ਘੀਆ, ਤੋਰੀ, ਬੰਦ ਗੋਭੀ, ਗੋਭੀ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਆਦਿ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ। ਭੋਜਨ ਵਿੱਚ ਖ਼ੁਰਾਕੀ ਰੇਸ਼ਾ ਵਧਾਉਣ ਲਈ ਸਾਬਤ ਅਨਾਜ ਤੇ ਦਾਲਾਂ ਆਦਿ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਭੋਜਨ ਨੂੰ ਹੋਰ ਪੌਸ਼ਟਿਕ ਬਣਾਉਣ ਲਈ ਭੋਜਨ ਪਕਾਉਣ ਦੇ ਵੱਖ ਵੱਖ ਤਰੀਕੇ ਜਿਵੇਂ ਕਿ ਭੁੰਨਣਾ, ਪੁੰਗਰਾਉਣਾ, ਖਮੀਰੀਕਰਨ, ਉਬਾਲਣਾ ਅਤੇ ਭਾਫ ਨਾਲ ਪਕਾਉਣਾ ਆਦਿ ਅਪਣਾਉਣੇ ਚਾਹੀਦੇ ਹਨ।

ਅੱਜ-ਕੱਲ੍ਹ ਦੇ ਦੌਰ ਵਿੱਚ ਹਰ ਵਿਅਕਤੀ ਫਾਸਟ ਫੂਡ (ਬਰਗਰ, ਪੀਜ਼ਾ ਆਦਿ) ਖਾਣਾ ਪਸੰਦ ਕਰਦਾ ਹੈ। ਫਾਸਟ ਫੂਡ ਵਿੱਚ ਜ਼ਿਆਦਾ ਮਾਤਰਾ ਵਿੱਚ ਤੇਲ ਅਤੇ ਕੈਲਰੀ ਹੋਣ ਕਾਰਨ ਇਹ ਬਹੁਤ ਹੀ ਨੁਕਸਾਨਦਾਇਕ ਹੁੰਦਾ ਹੈ। ਇਸ ਵਿੱਚ ਕੋਈ ਵੀ ਪੌਸ਼ਟਿਕ ਤੱਤ ਸਹੀ ਮਾਤਰਾ ਵਿੱਚ ਨਹੀਂ ਹੁੰਦਾ। ਫਾਸਟ ਫੂਡ ਜ਼ਿਆਦਾ ਖਾਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ ਅਤੇ ਇਹ ਕੈਂਸਰ ਦਾ ਵੀ ਕਾਰਨ ਬਣ ਸਕਦਾ ਹੈ। ਇਸ ਲਈ ਸਾਨੂੰ ਫਾਸਟ ਫੂਡ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

ਕੈਂਸਰ ਤੋਂ ਬਚਾਉਣ ਵਾਲੇ ਕੁੱਝ ਅਹਿਮ ਭੋਜਨ:

- ਖ਼ੁਰਾਕ ਵਿੱਚ ਬੀਟਾ-ਕੈਰੋਟੀਨ, ਵਿਟਾਮਿਨ 'ਈ' ਅਤੇ 'ਸੀ' ਵਾਲੇ ਭੋਜਨ ਜਿਵੇਂ ਕਿ ਆਂਵਲਾ, ਅਮਰੂਦ, ਆਲੂਬੁਖਾਰਾ, ਸੇਬ ਅਤੇ ਅਨਾਰ ਜ਼ਿਆਦਾ ਖਾਣੇ ਚਾਹੀਦੇ ਹਨ। ਇਹ ਤੱਤ ਐਂਟੀਆਕਸੀਡੈਂਟ ਦੇ ਰੂਪ ਵਿੱਚ ਕੰਮ ਕਰਕੇ ਸਾਨੂੰ ਕੈਂਸਰ ਤੋਂ ਬਚਾਉਂਦੇ ਹਨ।
- ਸਰਦੀਆਂ ਵਿੱਚ ਪਾਲਕ ਦੀ ਵਰਤੋਂ ਜ਼ਿਆਦਾ ਕਰਨੀ ਚਾਹੀਦੀ ਹੈ ਕਿਉਂਕਿ ਇਸ ਵਿੱਚ ਲੀਉਟਨ ਨਾਂ ਦਾ ਇੱਕ ਤੱਤ ਹੁੰਦਾ ਹੈ ਜੋ ਕਿ ਛਾਤੀ ਦੇ ਕੈਂਸਰ ਤੋਂ ਬਚਾਉਂਦਾ ਹੈ।
- ਸੋਇਆਬੀਨ ਵਿੱਚ ਆਈਸੋਫਲੇਵੋਨੋਲ ਹੁੰਦਾ ਹੈ ਜੋ ਕੈਂਸਰ ਤੋਂ ਬਚਾਉਂਦਾ ਹੈ।
- ਅਖਰੋਟ ਅਤੇ ਦਾਖਾਂ ਦੀ ਵਰਤੋਂ ਵੀ ਕਾਫ਼ੀ ਲਾਭਦਾਇਕ ਹੁੰਦੀ ਹੈ।
- ਲੌਂਗ ਦਾ ਤੇਲ, ਸਰ੍ਹੋਂ ਦਾ ਤੇਲ ਆਦਿ ਵੀ ਭੋਜਨ ਵਿੱਚ ਵਰਤਣਾ ਚਾਹੀਦਾ ਹੈ।
- ਜਵੀ (ਓਟਸ) ਵਿੱਚ ਫੀਨੋਲ ਹੁੰਦੇ ਹਨ ਜੋ ਕਿ ਕੈਂਸਰ ਤੋਂ ਬਚਾਉਂਦੇ ਹਨ।
- ਭੋਜਨ ਵਿੱਚ ਕੁਦਰਤੀ ਮਸਾਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਪੌਸ਼ਟਿਕ ਖ਼ੁਰਾਕ ਦੇ ਨਾਲ ਹੀ ਸਾਨੂੰ ਰੋਜ਼ਾਨਾ ਕਸਰਤ ਜਿਵੇਂ ਕਿ ਸੈਰ ਕਰਨਾ, ਖੇਡਣਾ ਤੇ ਨੱਚਣਾ ਆਦਿ ਚਾਹੀਦਾ ਹੈ। ਰੋਜ਼ਾਨਾ ਖ਼ੁਰਾਕ ਤੇ ਰਹਿਣ-ਸਹਿਣ ਵਿੱਚ ਥੋੜ੍ਹੀ ਜਿਹੀ ਤਬਦੀਲੀ ਕਰਕੇ ਹੀ ਅਸੀਂ ਇਸ ਭਿਆਨਕ ਰੋਗ ਤੋਂ ਬਚ ਸਕਦੇ ਹਾਂ।




# ਕਾਲੀ ਮਿਰਚ ਸਣੇ ਇਹ ਦੇਸੀ ਨੁਸਖੇ ਦਿਵਾਉਂਦੇ ਨੇ ਖਾਂਸੀ ਤੋਂ ਛੁਟਕਾਰਾ



ਬਦਲਦੇ ਮੌਸਮ 'ਚ ਵੱਧ ਰਹੇ ਬੈਕਟੀਰੀਆ ਕਾਰਨ ਬੀਮਾਰੀਆਂ ਬਹੁਤ ਹੀ ਜਲਦੀ ਇਨਸਾਨ ਨੂੰ ਜਕੜ ਲੈਂਦੀਆਂ ਹਨ। ਅਜਿਹੇ 'ਚ ਗਲੇ ਦੀ ਖਾਰਸ਼, ਜ਼ੁਕਾਮ ਵਰਗੀਆਂ ਸਮੱਸਿਆਵਾਂ ਨਾਲ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਸਾਰੇ ਹੀ ਪਰੇਸ਼ਾਨ ਰਹਿੰਦੇ ਹਨ। ਜ਼ਿਆਦਾ ਠੰਡਾ ਪਾਣੀ ਪੀਣ, ਗਲਤ ਰਹਿਣ-ਸਹਿਣ ਕਾਰਨ ਗਲੇ ਦੀ ਖਾਰਸ਼ ਅਤੇ ਖਾਂਸੀ ਦੀ ਸਮੱਸਿਆ ਹੋ ਜਾਂਦੀ ਹੈ। ਗਲੇ ਦੀ ਖਾਰਸ਼ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਦੇਸੀ ਨੁਸਖਿਆਂ ਦੀ ਵੀ ਵਰਤੋਂ ਕਰ ਸਕਦੇ ਹੋ। ਆਮ ਜਿਹੀ ਲੱਗਣ ਵਾਲੀ ਖਾਂਸੀ ਦੀ ਸਮੱਸਿਆ ਕਈ ਵਾਰ ਬੇਹੱਦ ਤਕਲੀਫਦੇਹ ਵੀ ਸਿੱਧ ਹੁੰਦੀ ਹੈ। ਇਥੇ ਦੱਸ ਦੇਈਏ ਕਿ ਸੁੱਕੀ ਖਾਂਸੀ ਕੁਝ ਜ਼ਿਆਦਾ ਹੀ ਤਕਲੀਫ ਦਿੰਦੀ ਹੈ। ਸੁੱਕੀ ਖਾਂਸੀ ਬਹੁਤੇ ਦਿਨਾਂ ਤੱਕ ਰਹੇ ਤਾਂ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ ਹੈ ਅਤੇ ਦੋ ਹਫਤਿਆਂ ਤੋਂ ਵਧੇਰੇ ਖਾਂਸੀ ਆਉਣ 'ਤੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਅੱਜ ਅਸੀਂ ਤੁਹਾਨੂੰ ਅਜਿਹੇ ਹੀ ਕੁਝ ਦੇਸੀ ਨੁਸਖੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨਾਲ ਤੁਸੀਂ ਘਰ ਬੈਠੇ ਹੀ ਖਾਂਸੀ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ। ਦੇਸੀ ਘਿਓ ਤੇ ਕਾਲੀ ਮਿਰਚ ਦਾ ਕਰੋ ਸੇਵਨ

ਦੇਸੀ ਘਿਓ ਅਤੇ ਕਾਲੀ ਮਿਰਚ ਦੇ ਸੇਵਨ ਨਾਲ ਵੀ ਖਾਂਸੀ ਦੀ ਸਮੱਸਿਆ ਤੋਂ ਤੁਸੀਂ ਛੁਟਕਾਰਾ ਪਾ ਸਕਦੇ ਹੋ। 15-20 ਗ੍ਰਾਮ ਗਾਂ ਦੇ ਦੁੱਧ ਦਾ ਘਿਓ ਅਤੇ ਕਾਲੀ ਮਿਰਚ ਲੈ ਕੇ ਇਕ ਕਟੋਰੀ 'ਚ ਹਲਕੇ ਸੇਕ 'ਤੇ ਗਰਮ ਕਰੋ। ਜਦੋਂ ਕਾਲੀ ਮਿਰਚ ਗਰਮ ਹੋ ਜਾਵੇ ਤਾਂ ਉਸ ਨੂੰ ਥੋੜ੍ਹਾ ਜਿਹਾ ਠੰਡਾ ਕਰਕੇ ਇਸ 'ਚ ਪੀਸੀ ਹੋਈ ਮਿਸ਼ਰੀ ਮਿਲਾ ਲਵੋ। ਫਿਰ ਇਸ ਮਿਸ਼ਰਣ ਦਾ ਸੇਵਨ 2-3 ਦਿਨਾਂ ਤੱਕ ਕਰੋ। ਅਜਿਹਾ ਕਰਨ ਨਾਲ ਖਾਂਸੀ ਦੀ ਸਮੱਸਿਆ ਦੂਰ ਹੋ ਜਾਵੇਗੀ।

**ਤੁਲਸੀ ਦੇ ਪੱਤੇ ਦਿੰਦੇ ਨੇ ਖਾਂਸੀ ਤੋਂ ਛੁਟਕਾਰਾ**

ਤੁਲਸੀ ਦੇ ਪੱਤੇ ਵੀ ਖਾਂਸੀ ਤੋਂ ਰਾਹਤ ਦਿਵਾਉਣ 'ਚ ਲਾਹੇਵੰਦ ਹੁੰਦੇ ਹਨ। ਤੁਲਸੀ ਦੇ ਪੱਤਿਆਂ 'ਚ 5 ਦਾਣੇ ਕਾਲੀ ਮਿਰਚ, 5 ਨਗ ਕਾਲਾ ਮੁਨੱਕਾ, 5 ਗ੍ਰਾਮ ਕਣਕ ਦੇ ਆਟੇ ਦਾ ਛਾਣ, 6 ਗ੍ਰਾਮ ਮੁਲੱਠੀ, 3 ਗ੍ਰਾਮ ਬਨਕਸ਼ੇ ਦੇ ਫੁੱਲ ਲੈ ਕੇ 200 ਗ੍ਰਾਮ ਪਾਣੀ 'ਚ ਉਬਾਲ ਲਓ। ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਇਸ ਨੂੰ ਠੰਡਾ ਕਰਕੇ ਪੁਣ ਲਵੋ। ਫਿਰ ਰਾਤ ਨੂੰ ਸੌਣ ਤੋਂ ਪਹਿਲਾਂ ਇਸ 'ਚ ਪਤਾਸੇ ਪਾ ਕੇ ਪਾਣੀ ਨੂੰ ਗਰਮ ਕਰਕੇ ਪੀ ਲਵੋ। ਇਸ ਖੁਰਾਕ ਨੂੰ 3-4 ਦਿਨਾਂ ਤੱਕ ਲੈਣ ਨਾਲ ਖਾਂਸੀ ਠੀਕ ਹੋ ਜਾਂਦੀ ਹੈ।

**ਪਾਕਿਸਤਾਨੀ ਨਮਕ ਦਾ ਕਰੋ ਸੇਵਨ**

ਜਦੋਂ ਕਾਲੀ ਮਿਰਚ ਗਰਮ ਹੋ ਜਾਵੇ ਤਾਂ ਉਸ ਨੂੰ ਥੋੜ੍ਹਾ ਜਿਹਾ ਠੰਡਾ ਕਰਕੇ ਇਸ 'ਚ ਪੀਸੀ ਹੋਈ ਮਿਸ਼ਰੀ ਮਿਲਾ ਲਵੋ। ਫਿਰ ਇਸ ਮਿਸ਼ਰਣ ਦਾ ਸੇਵਨ 2-3 ਦਿਨਾਂ ਤੱਕ ਕਰੋ। ਅਜਿਹਾ ਕਰਨ ਨਾਲ ਖਾਂਸੀ ਦੀ ਸਮੱਸਿਆ ਦੂਰ ਹੋ ਜਾਵੇਗੀ।

ਖਾਂਸੀ ਹੋਣ 'ਤੇ ਪਾਕਿਸਤਾਨੀ ਨਮਕ ਦੀ ਡਲੀ ਨੂੰ ਅੱਗ 'ਤੇ ਚੰਗੀ ਤਰ੍ਹਾਂ ਗਰਮ ਕਰ ਲਵੋ। ਜਦੋਂ ਨਮਕ ਦੀ ਡਲੀ ਗਰਮ ਹੋ ਕੇ ਲਾਲ ਹੋ ਜਾਵੇ ਤਾਂ ਤੁਰੰਤ ਅੱਧੇ ਕੱਪ ਪਾਣੀ 'ਚ ਪਾ ਕੇ ਕੱਢ ਲਓ। ਸੌਣ ਤੋਂ ਪਹਿਲਾਂ ਇਸ ਨੂੰ ਪੀਣ ਨਾਲ ਖਾਂਸੀ ਤੋਂ ਅਰਾਮ ਮਿਲਦਾ ਹੈ। ਮੁੰਢ ਦਾ ਦੁੱਧ 'ਚ ਪਾ ਕੇ ਕਰੋ ਸੇਵਨ ਖਾਂਸੀ ਦੀ ਸਮੱਸਿਆ ਹੋਣ 'ਤੇ ਮੁੰਢ ਨੂੰ ਦੁੱਧ 'ਚ ਪਾ ਕੇ ਉਬਾਲ ਲਵੋ। ਸ਼ਾਮ ਨੂੰ ਸੌਣ ਸਮੇਂ ਇਸ ਦੁੱਧ ਨੂੰ ਪੀ ਲਵੋ। ਇੰਝ ਕਰਨ ਨਾਲ ਕੁਝ ਦਿਨਾਂ 'ਚ ਖਾਂਸੀ ਠੀਕ ਹੋ ਜਾਂਦੀ ਹੈ।

ਸ਼ਹਿਦ, ਕਿਸ਼ਮਿਸ਼ ਤੇ ਮੁਨੱਕੇ ਕਰੇ ਖਾਂਸੀ ਨੂੰ ਦੂਰ

ਸ਼ਹਿਦ, ਕਿਸ਼ਮਿਸ਼ ਤੇ ਮੁਨੱਕਾ ਦੇ ਸੇਵਨ ਨਾਲ ਵੀ ਤੁਸੀਂ ਖਾਂਸੀ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ। ਸ਼ਹਿਦ, ਕਿਸ਼ਮਿਸ਼ ਅਤੇ ਮੁਨੱਕੇ ਨੂੰ ਮਿਲਾ ਕੇ ਖਾਣ ਨਾਲ ਖਾਂਸੀ ਪੂਰੀ ਠੀਕ ਹੋ ਜਾਂਦੀ ਹੈ। ਇਸ ਤੋਂ ਇਲਾਵਾ ਤ੍ਰਿਫਲਾ 'ਚ ਬਰਾਬਰ ਮਾਤਰਾ 'ਚ ਸ਼ਹਿਦ ਮਿਲਾ ਕੇ ਪੀਣ ਨਾਲ ਖਾਂਸੀ 'ਚ ਫਾਇਦਾ ਮਿਲਦਾ ਹੈ।

**ਕਾਲੀ ਮਿਰਚ ਅਤੇ ਅਦਰਕ ਦੀ ਚਾਹ ਕਰੇ ਖਾਂਸੀ ਦੂਰ**

ਤੁਲਸੀ, ਕਾਲੀ ਮਿਰਚ ਅਤੇ ਅਦਰਕ ਦੀ ਚਾਹ ਪੀਣ ਨਾਲ ਵੀ ਖਾਂਸੀ ਤੋਂ ਨਿਜਾਤ ਮਿਲਦਾ ਹੈ।

ਨਿੰਬੂ ਦੇ ਰਸ 'ਚ ਮਿਲਾਓ ਮਿਸ਼ਰੀ ਤੇ ਮੁਲੱਠੀ

ਹਿੰਗ, ਤ੍ਰਿਫਲਾ, ਮੁਲੱਠੀ ਅਤੇ ਮਿਸ਼ਰੀ ਨੂੰ ਨਿੰਬੂ ਦੇ ਰਸ 'ਚ ਮਿਲਾ ਕੇ ਚੱਟਣ ਨਾਲ ਵੀ ਖਾਂਸੀ ਦੀ ਸਮੱਸਿਆ ਦੂਰ ਹੋ ਜਾਂਦੀ ਹੈ।




# ਦਾਸਤਾਂ ਦੋ ਸ਼ਹੀਦਾਂ ਦੀ !

**ਅਣਖ ਤੇ ਸਵੈਮਾਣ ਦੀ ਬਹਾਲੀ ਲਈ ਲਹੂ-ਭਿੱਜਾ ਇਤਿਹਾਸ ਰਚਣ ਵਾਲੇ ਸ਼ਹੀਦ ਸੂਰਮਿਆਂ ਦੀ ਗਾਥਾ ਲਿਖਣ ਲੱਗਿਆਂ ਕਲਮ ਨੂੰ ਵੀ ਦੰਦਲਾਂ ਪੈਂਦੀਆਂ ਹਨ ! ਦਿਲ ਕਰਦਾ ਹੈ ਕਿ ਸ਼ਹਾਦਤਾਂ ਦੀ ਇਬਾਰਤ ਲਿਖਣ ਲਈ, ਰਵਾਇਤੀ ਸ਼ਬਦ ਲਾਂਭੇ ਕਰਕੇ, ਸ਼ਹੀਦੀ ਮਾਰਗ ਦੀ ਪਾਵਨ ਧੂੜ ਵਿਚੋਂ ਸੁੱਚੇ ਮੋਤੀਆਂ ਜਿਹੇ ਅਣਛੋਹੇ ਸ਼ਬਦ ਲਿਆ ਕੇ, ਸਿਰਲੱਥ ਯੋਧਿਆਂ ਦ ਦਾਸਤਾਨ ਲਿਖੀ ਜਾਵੇ। ਬੇਸ਼ੱਕ ਸ਼ਹੀਦੀ ਦਾ ਸੰਕਲਪ ਇਸਲਾਮਿਕ ਪਰੰਪਰਾ ਦੀ ਗੋਦ ਵਿਚੋਂ ਆਇਆ ਹੈ ਪਰ ਸਿੱਖ ਧਰਮ ਨੇ ਸ਼ਹਾਦਤਾਂ ਦਾ ਇੱਕ ਅਦੁੱਤੀ ਇਤਿਹਾਸ ਸਿਰਜ ਕੇ ਦਿਖਾਇਆ ਕਿ ਪੱਤਝੜਾਂ ਭਾਵੇਂ ਜਿੰਨੀਆਂ ਮਰਜ਼ੀ ਜ਼ਾਲਮ ਹੋਣ, ਪਰ ਬਗ਼ਾਵਤ ਦੇ ਬੀਜ ਉੱਗ ਹੀ ਪੈਂਦੇ ਨੇ। ਸ਼ਹੀਦ ਇਹ ਅਗਮ-ਨਿਗਮ ਦੀ ਗੱਲ ਜਾਣਦਾ ਹੁੰਦਾ ਹੈ ਕਿ ਪਤਝੜ ਦੇ ਹਰ ਉਦਾਸ ਬੁੱਲੇ ਵਿਚ ਬਹਾਰ ਦਾ ਸੁਨੇਹਾ ਵੀ ਲੁਕਿਆ ਹੁੰਦਾ ਹੈ। ਕਹਿੰਦੇ ਨੇ ਜਾਨ ਦੀ ਬਾਜ਼ੀ ਲਾਉਣ ਲੱਗਿਆਂ ਸ਼ਹੀਦ ਨੂੰ ਵਿਉਂਤਾਂ ਲੱਭਣ ਜਾਂ ਜਿਊਣ ਲਈ ਆਸਰੇ ਭਾਲਣ ਕੋਈ ਲੋੜ ਨਹੀਂ ਹੁੰਦੀ। ਉਹ ਮਿਸ਼ਨ ਪ੍ਰਤੀ ਨੱਕ ਦੇ ਸੇਧੇ ਤੁਰਿਆ ਜਾਂਦਾ ਹੈ।**

✿-: ਤਰਲੋਚਨ ਸਿੰਘ 'ਦੁਪਾਲਪੁਰ

ਹਥਲੇ ਲੇਖ ਵਿਚ ਵੀਹਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਗੌਰਵ ਮਈ ਸਥਾਨ ਹਾਸਲ ਕਰਨ ਵਾਲ਼ੇ ਕੌਮ ਦੇ ਦੋ ਕੇਸਰੀ ਫੁੱਲਾਂ, ਜਿੰਦਾ-ਸੁੱਖਾ (ਭਾਈ ਹਰਜਿੰਦਰ ਸਿੰਘ ਤੇ ਭਾਰੀ ਸੁਖਦੇਵ ਸਿੰਘ) ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਂ ਬਿਆਨ ਕਰਦਾ ਦਾ ਯਤਨ ਕੀਤਾ ਜਾ ਰਿਹਾ ਹੈ। ਜਿਨ੍ਹਾਂ ਦੀ ਸਾਲਾਨਾ ਬਰਸੀ ਹਰ ਸਾਲ ਨੌਂ ਅਕਤੂਬਰ ਨੂੰ ਮਨਾਈ ਜਾਂਦੀ ਹੈ। ਇਨ੍ਹਾਂ ਦੋਹਾਂ ਸੂਰਬੀਰਾਂ ਨੇ ਪੰਥ ਦੀ ਅਣਖ ਤੇ ਗ਼ੈਰਤ ਨੂੰ ਕਾਇਮ ਰੱਖਦਿਆਂ ਹੋਇਆ, ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲਿਆ। ਪੰਜਾਬ ਤੋਂ ਸੈਂਕੜੇ ਮੀਲ ਦੂਰ ਜਾ ਕੇ ਪੂਨਾ (ਮਹਾਰਾਸ਼ਟਰ) ਵਿਖੇ ਜਨਰਲ ਵੈਦਿਆ ਦੀ ਜਾ ਖ਼ਬਰ ਲਈ। ਇਸੇ ਤਰ੍ਹਾਂ ਨਵੰਬਰ ਚੁਰਾਸੀ ਵਾਲੇ ਦਿੱਤੀ ਕਤਲੇਆਮ ਦੇ ਕੁੱਝ ਦੋਸ਼ੀਆਂ ਨੂੰ ਸੋਧ ਕੇ, ਦਿੱਤੀ ਦਾ ਤਖ਼ਤ ਹਿਲਾ ਕੇ ਰੱਖ ਦਿੱਤਾ ਸੀ। ਬੱਸ ਫਿਰ ਦਿੱਲੀ ਦੇ ਮਾਲਕਾਂ ਨੂੰ ਉਨ੍ਹਾਂ ਚਿਰ ਚੈਨ ਦੀ ਨੀਂਦ ਨਹੀਂ ਆਈ, ਜਿੰਨਾ ਭਾਈ ਜਿੰਦੇ ਤੇ ਭਾਈ ਸੁੱਖੇ ਦੇ ਗਲ਼ ਵਿਚ ਫਾਂਸੀ ਦਾ ਫੰਧਾ ਨਹੀਂ ਪੈ ਗਿਆ।

ਸ਼ਹਾਦਤਾਂ ਦੀ ਕੇਸਰੀ ਬਗੀਚੀ ਦੇ ਸੁਨਹਿਰੀ ਫੁੱਲਾਂ ਦੀ ਚਮਕ ਨੂੰ, ਕੁੱਝ ਬਿਪਰਵਾਦੀ ਜਾਂ ਖੱਸੀ ਕਲਮਾਂ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਨਾਲ ਨੱਥੀ ਕਰ ਕਰਕੇ ਛੁਟਿਆਉਂਦੀਆਂ ਨੇ। ਪਰ ਭਾਈ ਜਿੰਦੇ -ਸੁੱਖੇ ਦੀ ਕਹਾਣੀ, ਇਹੋ ਜਿਹਾ ਕੂੜ-ਪ੍ਰਚਾਰ ਕਰਨ ਵਾਲਿਆਂ ਦੇ ਮੂੰਹ 'ਤੇ ਕਰਾਰੀ ਚਪੇੜ ਹੈ। ਫ਼ਰਵਰੀ 1961 ਵਿਚ ਪਿੰਡ ਗਦਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜਨਮੇ ਭਾਈ ਹਰਜਿੰਦਰ ਸਿੰਘ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡੋਂ ਹੀ ਕੀਤੀ। ਗਹਿਰੀ ਮੰਡੀ ਤੋਂ ਮੈਟ੍ਰਿਕ ਅਤੇ ਬਾਰ੍ਹਵੀਂ ਜੰਡਿਆਲਾ ਗੁਰੂ ਤੋਂ ਕਰਨ ਉਪਰੰਤ ਉਦੋਂ ਉਹ ਖ਼ਾਲਸਾ ਕਾਲਜ ਸ਼੍ਰੀ ਅੰਮ੍ਰਿਤਸਰ ਵਿਚ ਬੀ. ਏ. (ਦੂਜਾ ਸਾਲ) ਕਰ ਰਹੇ ਸਨ, ਜਦੋਂ ਜੂਨ-ਚੁਰਾਸੀ ਵਾਲਾ ਘੱਲੂਘਾਰਾ ਵਾਪਰ ਗਿਆ। ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਉਣ ਆਈਆਂ ਸੰਗਤਾਂ ਨੂੰ ਭਾਰਤੀ ਫ਼ੌਜ ਨੇ ਗੋਲ਼ੀਆਂ-ਟੈਂਕਾਂ ਨਾਲ ਭੁੰਨ ਦਿੱਤਾ । ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਦੇ ਨਾਲ-ਨਾਲ ਚਾਲ਼ੀ ਦੇ ਲਗਭਗ ਹੋਰ ਗੁਰਧਾਮਾਂ ਵਿਚ ਕਤਲੇਆਮ ਮਚਾਈ ਅਤੇ ਬੇਹੁਰਮਤੀ ਕੀਤੀ। ਪਿੰਡਾਂ ਵਿਚ ਵੀ ਸਿੱਖ ਗੱਭਰੂਆਂ ਨੂੰ ਜ਼ੁਲਮ ਦਾ ਨਿਸ਼ਾਨਾ ਬਣਾਇਆ ਗਿਆ। ਤਿੰਨ ਤੋਂ ਦਸ ਜੂਨ (1984) ਦੌਰਾਨ ਵੱਖ ਵੱਖ ਪਿੰਡਾਂ ਥਾਵਾਂ ਤੋਂ ਸਿੰਘਾਂ ਦੇ ਜਥੇ ਗਰੁੱਪਾਂ ਦੀ ਸ਼ਕਲ ਵਿਚ ਸ਼੍ਰੀ ਦਰਬਾਰ ਸਾਹਿਬ ਵੱਲ ਚਾਲੇ ਪਾਉਂਦੇ। ਪਰ ਚੱਪੇ ਚੱਪੇ ਉੱਤੇ ਤਾਇਨਾਤ ਫ਼ੌਜੀ ਜਵਾਨ, ਇਨ੍ਹਾਂ ਜਥਿਆਂ ਉੱਪਰ ਅੰਨ੍ਹੇ ਵਾਹ ਫਾਇਰਿੰਗ ਕਰਕੇ, ਅਜਿਹੇ ਯਤਨਾਂ ਨੂੰ ਨਕਾਰਾ ਕਰ ਦਿੰਦੇ।



ਅਜਿਹੇ ਭੀਹਾਵਲੇ ਮਾਹੌਲ ਵਿਚ ਕਾਲਜ ਪੜ੍ਹਦੇ ਭਾਈ ਜਿੰਦੇ ਦੇ ਖ਼ੂਨ ਨੇ ਉਬਾਲ਼ਾ ਖਾਧਾ। ਪੜ੍ਹਾਈ ਵਿੱਚੇ ਛੱਡ ਕੇ ਇਹ ਸ਼੍ਰੀ ਦਰਬਾਰ ਸਾਹਿਬ ਵੱਲ ਜਾਂਦੇ ਜਥਿਆਂ ਵਿਚ ਸ਼ਾਮਲ ਹੁੰਦਾ ਪਰ ਥਾਂ-ਥਾਂ ਲੱਗੇ ਫ਼ੌਜੀ ਨਾਕੇ ਇਨ੍ਹਾਂ ਦੀ ਪੇਸ਼ ਨਾ ਜਾਣ ਦਿੰਦੇ। ਦੁਖੀ ਹਿਰਦਿਆਂ ਨਾਲ ਬੇ-ਵੱਸ ਹੋਏ ਕਚੀਚੀਆਂ ਵਟਦੇ ਘਰੀਂ ਆਣ ਪਰਤਦੇ। 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਿਓ' ਅਨੁਸਾਰ ਭਾਈ ਜਿੰਦਾ ਘਰ ਨਹੀਂ ਰੁਕਿਆ। ਉਹ ਆਪਣੇ ਨਾਨਕੇ ਪਿੰਡ ਚੱਕ ਬਾਈ ਐੱਚ. ਸੀ. ਸ਼੍ਰੀ ਨਗਰ ਚਲਾ ਗਿਆ। ਇੱਥੇ ਹੀ ਦੋਹਾਂ ਨੇ ਸਿੱਖ ਕੌਮ ਦੀ ਹੋਈ ਬੇ ਪਤੀ ਦਾ ਬਦਲਾ ਲੈਣ ਦਾ ਪ੍ਰਣ ਕੀਤਾ। ਮਨ ਹੀ ਮਨ ਦੋਹਾਂ ਗੱਭਰੂਆਂ ਨੇ, ਚਮਕੌਰ ਦੀ ਗੜ੍ਹ ਵਿਚ ਬਿਰਾਜਮਾਨ ਕਲ਼ਗੀਆਂ ਵਾਲ਼ੇ ਪਾਤਸ਼ਾਹ ਨਾਲ ਕੁੱਝ ਅਜਿਹੀ ਪ੍ਰਤਿੱਗਿਆ ਕੀਤੀ-

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ 'ਅਜੀਤ-ਜੁਝਾਰ' ਤੇਰੇ
ਟੁੱਭੀ ਮਾਰ ਕੇ ਸਰਸਾ ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ !
'ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।
(ਸੰਤ ਰਾਮ ਉਦਾਸੀ)

ਪੰਥ ਦੀ ਆਨ ਤੇ ਸ਼ਾਨ ਨੂੰ ਮਲੀਆਮੇਟ ਕਰਨ ਲਈ ਚੜ੍ਹੀ ਆ ਰਹੀ ਬਿਪਰਵਾਦ ਦੀ 'ਸਰਸਾ' ਨੂੰ ਠੱਲ੍ਹ ਪਾਉਣ ਲਈ ਭਾਈ ਜਿੰਦੇ ਦਾ ਸਾਥੀ ਬਣਿਆ ਭਾਈ ਸੁੱਖਾ ਰਾਜਸਥਾਨ ਦੇ ਜਿਲ੍ਹਾ ਗੰਗਾ ਨਗਰ (ਚੱਕ ਨੰ: ਗਿਆਰਾਂ) ਵਿਚ ਪੈਦਾ ਹੋਇਆ। ਜੂਨ ਚੁਰਾਸੀ ਦੇ ਘੱਲੂਘਾਰੇ ਵੇਲ਼ੇ ਇਹ ਐਮ. ਏ. ਇੰਗਲਿਸ਼ (ਦੂਜਾ ਸਾਲ) ਦਾ ਵਿਦਿਆਰਥੀ ਸੀ। ਦੋਹਾਂ ਦਾ ਮਿਲਾਪ 'ਸੋਨੇ ਤੇ ਸੁਹਾਗੇ' ਵਾਲੀ ਗੱਲ ਹੋ ਨਿੱਬੜਿਆ। ਪੂਰੀ ਯੋਜਨਾਬੰਦੀ ਕਰਕੇ ਇਨ੍ਹਾਂ ਨੇ ਦਿੱਲੀ ਨੂੰ ਆਪਣੀਆਂ 'ਸਰਗਰਮੀਆਂ' ਦਾ ਕੇਂਦਰ ਬਣਾ ਲਿਆ। ਕਿਤੇ 'ਨਿਸ਼ਾਨੇ' ਉੱਤੇ ਮਾਰ ਕਰਨ ਲਈ ਸਕੀਮਾਂ ਬਣਾਉਂਦਿਆਂ ਭਾਈ ਜਿੰਦਾ ਪੁਲਿਸ ਦੇ ਕਾਬੂ ਆ ਗਿਆ। ਪਰ ਸਤਿ-ਗੁਰੂ ਨੇ ਸ਼ਾਇਦ ਇਸ ਤੋਂ ਹਾਲੇ ਹੋਰ 'ਵਡਮੁੱਲੀ ਸੇਵਾ ਲੈਣੀ ਸੀ। ਕਿਸੇ ਜੁਗਤ ਨਾਲ ਇਹ ਜੇਲ੍ਹ 'ਚੋਂ ਫ਼ਰਾਰ ਹੋਣ 'ਚ ਕਾਮਯਾਬ ਹੋ ਗਿਆ।

ਇਸ ਘਟਨਾ ਉਪਰੰਤ ਦੋਹਾਂ ਨੇ ਮਿਲ਼ ਕੇ, ਜੂਨ ਚੁਰਾਸੀ ਵੈਦਿਆ ਨੂੰ ਆਪਣਾ 'ਟਾਰਗੈਟ' ਮਿੱਥ ਲਿਆ। ਇੱਥੇ ਇਹ ਯਾਦ ਕਰਾਇਆ ਜਾਂਦਾ ਹੈ ਕਿ ਇਸ ਫ਼ੌਜੀ ਜਰਨੈਲ ਨਾਲ ਸੁੱਖੇ-ਜਿੰਦੇ ਦੀ ਕੋਈ ਜਾਤੀ ਦੁਸ਼ਮਣੀ ਜਾਂ ਕੋਈ ਰੰਜਸ਼ ਨਹੀਂ ਸੀ। ਇਨ੍ਹਾਂ ਨੌਜਵਾਨਾਂ ਨੇ ਸਿਰਫ਼ ਖ਼ਾਲਸਾ ਪੰਥ ਦੀਆਂ ਚੱਲੀਆਂ ਆ ਰਹੀਆਂ ਪੁਰਾਤਨ ਪਰੰਪਰਾਵਾਂ ਦਾ ਪਾਲਣ ਕਰਦਿਆਂ ਜਨਰਲ ਵੈਦਿਆ ਨੂੰ ਨਿਸ਼ਾਨਾ ਬਣਾਇਆ। ਜੋ ਉਸ ਮੌਕੇ ਸੇਵਾ-ਮੁਕਤੀ ਉਪਰੰਤ ਪੂਨੇ ਰਹਿ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਸੁੱਖਾ-ਜਿੰਦਾ ਉਹਦੇ 'ਤੇ ਹਮਲਾਵਰ ਹੋਏ, ਉਸ ਸਮੇਂ ਉਸਦੇ ਅੰਗ-ਰੱਖਿਅਕ ਵੀ ਨਾਲ਼ੇ ਸਨ ਅਤੇ ਉਸ ਨੇ ਖ਼ੁਦ ਵੀ 'ਲੋਡਿਡ ਰਿਵਾਲਵਰ' ਪਾਇਆ ਹੋਇਆ ਸੀ। ਪਰ ਤਦ ਵੀ ਭਾਈ ਸੁੱਖਾ-ਜਿੰਦਾ ਆਪਣੇ ਮਿਸ਼ਨ 'ਚ ਕਾਮਯਾਬ ਰਹੇ।

ਅਦਾਲਤੀ ਕਾਰਵਾਈ ਚਲਦਿਆਂ ਆਖ਼ਰ ਇੱਕੀ ਅਕਤੂਬਰ 1989 ਨੂੰ ਪੂਨਾ ਹਾਈ ਕੋਰਟ ਦੇ ਜੱਜ ਮਿਸਟਰ ਵੀ. ਐਲ. ਰੂਈਕਰ ਨੇ, ਇਨ੍ਹਾਂ ਦੋਹਾਂ ਸੂਰਮਿਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਫ਼ੈਸਲਾ ਸੁਣਾਉਣ ਵੇਲ਼ੇ ਜੱਜ ਦੀ ਆਵਾਜ਼ ਥਿੜਕ ਰਹੀ ਸੀ। ਪਰ ਅਦਾਲਤੀ ਅਮਲੇ ਮੁਤਾਬਿਕ ਦੋਵੇਂ ਸਿੰਘ ਮੁਸਕਰਾ ਕੇ ਜੱਜ ਨੂੰ ਕਹਿਣ ਲੱਗੇ-

ਇਸ ਖ਼ੁਸ਼ੀ ਮੌਕੇ ਅਸੀਂ ਤੁਹਾਨੂੰ ਪਾਰਟੀ ਦੇਣਾ ਚਾਹੁੰਦੇ ਹਾਂ !

ਜੱਜ ਦੇ ਕਮਰੇ ਅਤੇ ਅਤੇ ਜੇਲ੍ਹ ਵਿਚ ਜਾ ਕੇ, ਸੱਚਮੁੱਚ ਦੋਹਾਂ ਗੱਭਰੂਆਂ ਨੇ ਸਭ ਦਾ ਮੂੰਹ ਮਿੱਠਾ ਕਰਵਾਇਆ। ਜੇਲ੍ਹ ਦੇ ਹੋਰ ਕੈਦੀ ਫਾਂਸੀ ਸੁਣ ਕੇ ਦੁਖੀ ਅਤੇ ਗ਼ਮਗੀਨ ਹੋ ਗਏ, ਪਰ ਇਹ ਦੋਵੇਂ ਮੌਤ ਨੂੰ ਮਖ਼ੌਲ ਕਰ ਰਹੇ ਸਨ। ਕਿਹਾ ਜਾਂਦਾ ਹੈ ਕਿ ਜੱਜ ਰੂਈਕਰ ਨੇ ਪਹਿਲੀ ਵਾਰ ਕਿਸੇ ਕੈਦੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਇਸ ਜੱਜ ਨੇ ਬਾਅਦ ਵਿਚ ਪ੍ਰਾਈਵੇਟ ਤੌਰ 'ਤੇ ਇਹ ਸ਼ਬਦ ਕਹੇ ਸਨ-

ਮੈਂ ਇਨ੍ਹਾਂ ਨੌਜਵਾਨਾ ਨੂੰ ਫਾਂਸੀ ਨਹੀਂ ਸੀ ਦੇਣਾ ਚਾਹੁੰਦਾ ਪਰ ਮੈਂ ਮਜਬੂਰ ਸਾਂ। ਸੁੱਖਾ ਤੇ ਜਿੰਦਾ ਦੋਵੇਂ ਚੰਗੇ ਇਨਸਾਨ ਹਨ ਮੈਂ ਇਨ੍ਹਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ, ਮੈਂ ਅੱਜ ਤੱਕ ਅਜਿਹੇ ਬੰਦੇ ਨਹੀਂ ਦੇਖੇ। ਮੈਂ ਇਨ੍ਹਾਂ ਦੋਹਾਂ ਦੀਆਂ ਫ਼ੋਟੋਆਂ ਆਪਣੇ ਘਰ ਜ਼ਰੂਰ ਲਾਵਾਂਗਾ ।

ਫਾਂਸੀ ਤੋਂ ਕੁੱਠ ਦਿਨ ਪਹਿਲਾਂ ਭਾਈ ਜਿੰਦੇ ਅਤੇ ਭਾਈ ਸੁੱਖੇ ਨੇ ਆਪਣੇ ਘਰਦਿਆਂ ਨੂੰ ਮੁਲਾਕਾਤ ਦੌਰਾਨ ਦੱਸਿਆ ਸੀ ਕਿ ਉਹ ਨੌਂ ਅਕਤੂਬਰ (ਫਾਂਸੀ ਦੇਣ ਲਈ ਮੁਕੱਰਰ ਮਿਤੀ) ਦੀ ਸਵੇਰ ਹੋਣ ਤੱਕ, ਰਾਤ 10 ਤੋਂ 12 ਵਜੇ ਤੱਕ ਆਰਾਮ ਕਰਨਗੇ। ਬਾਰਾਂ ਵਜੇ ਇਸ਼ਨਾਨ ਸੋਧ ਕੇ ਤਿੰਨ ਵਜੇ ਤੱਕ ਪਾਠ ਕਰਨਗੇ। ਇਸ ਤੋਂ ਬਾਅਦ ਅੰਮ੍ਰਿਤ ਵੇਲੇ ਦਹੀਂ ਤੇ ਇੱਕ ਇੱਕ ਸੇਬ ਛਕਣਗੇ। ਫਿਰ ਅੰਤਿਮ ਅਰਦਾਸ ਅਤੇ ਕੀਰਤਨ ਸੋਹਿਲੇ ਦਾ ਪਾਠ ਕਰਕੇ, ਸਾਹਿਬ ਕਲ਼ਗੀਆਂ ਵਾਲ਼ੇ ਦੀ ਗੋਦ ਵਿਚ ਚਲੇ ਜਾਣਗੇ।

ਅੰਤ 9 ਅਕਤੂਬਰ 1992 ਦਾ ਸੂਰਜ ਚੜ੍ਹਨ ਤੋਂ ਪਹਿਲਾਂ ਤੜਕੇ ਚਾਰ ਵਜੇ, ਫਾਂਸੀ ਦੇ ਤਖ਼ਤੇ ਤੇ ਚੜ੍ਹਕੇ ਦੋਵੇਂ ਸੂਰਮੇ ਸ਼ਹਾਦਤ ਦਾ ਜਾਮ ਪੀ ਗਏ। ਫਾਂਸੀ ਵਾਲ਼ੇ ਅਹਾਤੇ ਤੋਂ ਬਾਅਦ ਵਿਚ ਸੂਚਨਾਵਾਂ ਅਨੁਸਾਰ ਕਹਿੰਦੇ ਫਾਂਸੀ ਦਾ ਰੱਸਾ ਗਲ਼ ਵਿਚ ਪਾਉਣ ਵੇਲੇ ਦੋਹਾਂ ਦੇ ਚਿਹਰਿਆਂ ਉੱਪਰ ਇੱਕ ਅਨੋਖਾ ਹੀ ਜਲਾਲ ਡਲ੍ਹਕਾਂ ਮਾਰ ਰਿਹਾ ਸੀ। ਦੋਹਾਂ ਨੂੰ ਇਕੱਠਿਆਂ ਨੂੰ ਫਾਂਸੀ ਦਿੱਤੀ ਗਈ ਅਤੇ ਦੋਹਾਂ ਨੂੰ ਅੱਧੇ ਘੰਟੇ ਤੱਕ ਲਟਕਦੇ ਰੱਖਿਆ ਗਿਆ। ਮ੍ਰਿਤਕ ਸਰੀਰਾਂ ਦਾ ਅੰਤਿਮ ਸੰਸਕਾਰ ਸਵਖਤੇ 6 ਵੱਜ ਕੇ 20 ਮਿੰਟ 'ਤੇ ਮੁੱਲਾਂ ਦਰਿਆ ਦੇ ਕੰਢੇ ਉੱਪਰ ਕਰ ਦਿੱਤਾ ਗਿਆ। ਦੋਹਾਂ ਦੇ ਪਿਤਾ, ਚਿਖਾ ਨੂੰ ਅਗਨੀ ਦਿਖਾਉਣ ਲਈ ਪਹੁੰਚੇ ਹੋਏ ਸਨ। ਸਿੱਖ ਰਹੁ-ਰੀਤ ਅਨੁਸਾਰ ਸੋਹਿਲੇ ਦਾ ਪਾਠ ਅਤੇ ਅਰਦਾਸ ਕਰਨ ਵਾਸਤੇ ਇੱਕ ਗ੍ਰੰਥੀ ਜੀ ਆਏ ਹੋਏ ਸਨ। ਸਮੇਂ ਦੀ ਸਰਕਾਰ ਇੰਨੀ ਭੈ-ਭੀਤ ਹੋਈ ਪਈ ਸੀ ਕਿ ਕਹਿੰਦੇ ਫਾਂਸੀ ਦੇਣ ਸਮੇਂ ਪੰਜ ਡਿਪਟੀ-ਪੁਲੀਸ ਕਮਿਸ਼ਨਰ, 10 ਸਹਾਇਕ-ਪੁਲੀਸ ਕਮਿਸ਼ਨਰ, 15 ਇੰਸਪੈਕਟਰ, 154 ਸਬ-ਇੰਸਪੈਕਟਰ ਅਤੇ 1274 ਹਥਿਆਰਬੰਦ ਸਿਪਾਹੀ ਤਾਇਨਾਤ ਕੀਤੀ ਗਏ ਸਨ। (ਪੁਲਿਸ ਕਮਿਸ਼ਨਰ ਬੀ. ਐਸ. ਮੋਹੀਤੇ ਦਾ ਬਿਆਨ- 'ਟਾਈਮਜ਼ ਆਫ਼ ਇੰਡੀਆ' ਅਖ਼ਬਾਰ ਅਨੁਸਾਰ)

ਜਿਹੜੇ ਸਿਕੰਦਰ ਵਾਂਗ ਜਿੱਤਾਂ ਜਿੱਤਣ ਦੀਆਂ ਉਮੰਗਾਂ ਨਾਲ ਭਰੇ ਹੁੰਦੇ ਨੇ, ਉਨ੍ਹਾਂ ਲਈ ਹਾਰ ਜਾਂ ਮੌਤ ਦਾ ਕੋਈ ਅਰਥ ਨਹੀਂ ਹੁੰਦਾ। ਡਿੱਕੇ-ਡੋਲੇ ਖਾਣ ਵਾਲ਼ੇ ਬੰਦੇ ਨੂੰ ਹਰ ਕੋਈ ਠਿੱਬੀ ਮਾਰ ਸਕਦਾ ਹੈ। ਪਰੰਤੂ ਸ਼ਹੀਦ, ਉੱਠਣ ਲਈ ਡਿਗਦੇ ਹਨ, ਟੱਕਰ ਲੈਣ ਲਈ ਪਿੱਛੇ ਹਟਦੇ ਹਨ ਅਤੇ ਜਾਗਣ ਲਈ ਸੌਂਦੇ ਹਨ। ਇਸਾਈ ਮੱਤ ਦਾ ਮੰਨਣਾ ਹੈ ਕਿ ਸ਼ਹੀਦ ਦਾ ਲਹੂ ਆਜ਼ਾਦੀ ਦੇ ਬੂਟੇ ਦਾ ਬੀਜ ਹੁੰਦਾ ਹੈ। ਇਸਲਾਮੀ ਸਭਿਅਤਾ ਵਿਚ ਵਿਦਵਾਨ ਦੀ ਕਲਮ ਦੀ ਸਿਆਹੀ, ਸ਼ਹੀਦਾਂ ਦੇ ਖ਼ੂਨ ਜਿੰਨੀ ਪਵਿੱਤਰ ਮੰਨੀ ਜਾਂਦੀ ਹੈ। ਸ਼ਹੀਦਾਂ ਦੀਆਂ ਬਰਸੀਆਂ, ਵੈਣ ਪਾਉਣ ਲਈ ਨਹੀਂ, ਸਗੋਂ ਪਿੱਛੇ ਰਹਿੰਦੇ ਵਾਰਸਾਂ ਵੱਲੋਂ ਸ਼ਹਾਦਤਾਂ ਲਈ ਲੋਏ ਲੋਏ ਅਗਲਾ ਸਫ਼ਰ ਕਰਨ ਦੀ ਪ੍ਰੇਰਨਾ ਲੈਣ ਵਾਸਤੇ ਮਨਾਈਆਂ ਜਾਂਦੀਆਂ ਹਨ।

ਵਿਰਾਸਤ ਤੋਂ ਮੂੰਹ ਮੋੜ ਲੈਣ ਵਾਲਿਆਂ ਦੀ ਦੁਰਦਸ਼ਾ ਦਰਸਾਉਂਦਾ ਇੱਕ ਨੀਤੀ-ਵਾਕ ਹੈ-'ਜੇ ਤੁਸੀਂ ਅਤੀਤ ਵੱਲ ਪਿਸਤੌਲ ਦੀ ਗੋਲ਼ੀ ਚਲਾਉਗੇ, ਤਾਂ ਭਵਿੱਖ ਤੁਹਾਨੂੰ ਤੋਪਾਂ ਨਾਲ ਤਬਾਹ ਕਰ ਸੁੱਟੇਗਾ।'

ਜਿਸ ਖ਼ਿੱਤੇ 'ਚ ਵਸਦੀ ਕੌਮ ਦੇ ਦੋ ਨਾਇਕਾਂ ਦੀ ਉਕਤ ਦਾਸਤਾਂ ਬਿਆਨ ਕੀਤੀ ਗਈ ਹੈ, ਉਸ ਖ਼ਿੱਤੇ ਵਿਚਲੀ ਅਜੋਕੀ ਪੀੜ੍ਹੀ ਅਤੀਤ ਵੱਲ ਨੂੰ ਪਿਸਤੌਲ ਨਹੀਂ, ਤੋਪਾਂ ਬੀੜ੍ਹੀ ਬੈਠੀ ਹੈ ! ਬੇਪੱਤ ਹੋ ਜੋ ਤੁਰਨਗੇ, ਮੁੱਲ ਨਾ ਪਾਵੇ ਕੋ। ਪੱਤ ਗਵਾ ਕੇ ਜੀਣ ਮਰਨ ਜਹੰਨਮ ਢੋਅ। ਸ਼ਾਹਾਂ ਦੇ ਵੱਡ ਕਹਿਰ ਵੀ ਜਿੰਦ ਦੇ ਦੇਵਣ ਲੂਹ ਭੁੱਲੇ ਗਾ ਨਾ ਖ਼ਾਲਸਾ ਅੰਮ੍ਰਿਤ ਦੀ ਖ਼ੁਸ਼ਬੂ। (ਮਹਿਬੂਬ)

# ਆਉ ਇਸ ਵਾਰ ਦੀਵਾਲੀ ਤੇ ਚਾਇਨਾ ਦੇ ਪਟਾਕੇ ਅਤੇ ਹੋਰ ਸਜਾਵਟੀ ਸਮਾਨ ਨਾ ਖਰੀਦ ਕੇ ਪ੍ਰਦੂਸ਼ਣ ਰਹਿਤ ਹਰੀ ਦੀਵਾਲੀ ਮਨਾਈਏ





ਸੰਦੀਪ ਕੰਬੋਜ ਗੋਲੂ ਕਾ ਮੋੜ
ਤਹਿਸੀਲ ਗੁਰੂਹਰਸਹਾਏ
ਜਿਲ੍ਹਾ ਫਿਰੋਜ਼ਪੁਰ
ਸੰਪਰਕ ਨੰਬਰ- 97810-00909

ਭਾਰਤ ਦੇ ਕਿਸੇ ਵੀ ਬਾਜ਼ਾਰ ਵਿੱਚ ਜਾ ਕੇ ਵੇਖ ਲਉ, ਤੁਹਾਨੂੰ ਚੀਨੀ ਵਸਤਾਂ ਦੀ ਭਰਮਾਰ ਹੀ ਨਜ਼ਰ ਆਏਗੀ। ਅੱਜ ਦੀ ਤਰੀਕ ਵਿੱਚ ਚੀਨ ਨੂੰ ਭਾਰਤ ਵਿੱਚ ਵਿਕ ਰਹੀਆਂ ਵਸਤੂਆਂ ਤੋ ਬਹੁਤ ਕਮਾਈ ਹੋ ਰਹੀ ਹੈ ।ਹੋਰ ਵੀ ਪਤਾ ਨਹੀਂ ਕਿੰਨੇ ਕੁ ਦੇਸ਼ਾਂ ਤੋਂ ਚੀਨ ਨੂੰ ਇੰਜ ਭਾਰੀ ਵਿਦੇਸ਼ੀ ਮੁਦਰਾ ਮਿਲ ਰਹੀ ਹੈ। ਚੀਨ ਇਸ ਰਕਮ ਨਾਲ ਦਿਨੋ-ਦਿਨ ਆਪਣੇ ਉਦਯੋਗਾਂ ਨੂੰ ਹੋਰ ਪ੍ਰਫੁੱਲਤ ਕਰਦਾ ਜਾ ਰਿਹਾ ਹੈ ਅਤੇ ਪੂਰੀ ਦੁਨੀਆ ਦੇ ਬਾਜ਼ਾਰਾਂ ਉੱਤੇ ਉਸਦਾ ਕਬਜ਼ਾ ਹੁੰਦਾ ਜਾ ਰਿਹਾ ਹੈ।

ਦੀਵਾਲੀ ਵੇਲੇ ਚਲਾਏ ਜਾਂਦੇ ਪਟਾਕਿਆਂ ਦੇ ਮਾਮਲੇ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਚੀਨੀ ਪਟਾਕੇ ਸਲਫਰ ਤੋਂ ਬਣਦੇ ਹਨ ਜਦੋਂ ਕਿ ਭਾਰਤ ਵਿੱਚ ਪਟਾਕੇ ਨਾਈਟ੍ਰੇਟ ਤੋਂ ਬਣਦੇ ਹਨ ਜੋ ਕਿ ਸਲਫਰ ਦੇ ਮੁਕਾਬਲੇ ਘੱਟ ਖਤਰਨਾਕ ਹੁੰਦਾ ਹੈ। ਪਰ ਚੀਨੀ ਪਟਾਕੇ ਸਸਤੇ ਹੋਣ ਕਾਰਨ ਭਾਰਤੀਆਂ ਨੂੰ ਵੱਧ ਪਸੰਦ ਆਉਂਦੇ ਹਨ ਕਿਉਂਕਿ ਪਟਾਕਿਆਂ ਦੇ ਸ਼ੌਕੀਨਾਂ ਨੂੰ ਪ੍ਰਦੂਸ਼ਨ ਨਾਲ ਤਾਂ ਕੋਈ ਲੈਣਾ ਦੇਣਾ ਹੀ ਨਹੀਂ ਹੁੰਦਾ। ਜੇਕਰ ਸਾਡੇ ਲੋਕਾਂ ਨੂੰ ਪ੍ ?ਦੂਸ਼ਨ ਦੀ ਇੰਨੀ ਹੀ ਚਿੰਤਾ ਹੋਵੇ ਤਾਂ ਹਰ ਖੁਸ਼ੀ ਦੇ ਮੌਕੇ ਉੱਤੇ ਅਸੀਂ ਆਪਣਾ ਵਾਤਾਵਰਨ ਗੰਧਲਾ ਹੀ ਕਿਉਂ ਕਰੀਏ ?ਖੁਸ਼ੀ ਮਨਾਉਣ ਦੇ ਹੋਰ ਵੀ ਤਾਂ ਬਥੇਰੇ ਤਰੀਕੇ ਹੋ ਸਕਦੇ ਹਨ ਪਰ ਸਾਨੂੰ ਸ਼ੋਰ-ਸ਼ਰਾਬਾ ਕਰਨ ਅਤੇ ਪ੍ ?ਦੂਸ਼ਨ ਫੈਲਾਉਣ ਤੋਂ ਬਿਨਾ ਹੋਰ ਕੁਝ ਆਉਂਦਾ ਹੀ ਨਹੀਂ ਹੈ। ਅਜਿਹੇ ਲੋਕ ਸਸਤੇ ਚੀਨੀ ਪਟਾਕਿਆਂ ਨੂੰ ਖਰੀਦਣ ਤੋਂ ਉਦੋਂ ਹੀ ਰੁਕ ਸਕਣਗੇ ਜਦੋਂ ਉਹ ਸਿਹਤ ਸੰਬੰਧੀ ਜਾਗਰੂਕ ਹੋਣਗੇ।

ਭਾਰਤ ਵਿੱਚ ਚੀਨੀ ਮਾਲ ਦੀ ਵਿਕਰੀ ਦੇ ਨਤੀਜੇ ਵਜੋਂ ਕਈ ਤਰਾਂ ਦੇ ਉਦਯੋਗ ਤਬਾਹ ਹੋ ਰਹੇ ਹਨ। ਜਦੋਂ ਦੇਸ਼ ਵਿੱਚ ਉਦਯੋਗਿਕ ਇਕਾਈਆਂ ਬੰਦ ਹੋਣਗੀਆਂ ਤਾਂ ਇਸ ਨਾਲ ਕਈ ਤਰਾਂ ਦੇ ਨੁਕਸਾਨ ਹੋਣਗੇ। ਬਹਤ ਸਾਰੇ ਮਜ਼ਦੂਰਾਂ ਦਾ ਰੁਜ਼ਗਾਰ ਖ਼ਤਮ ਹੋ ਜਾਏਗਾ ਅਤੇ ਉਹ ਸੜਕਾਂ ਉੱਤੇ ਆ ਜਾਣਗੇ। ਬੇਰੁਜ਼ਗਾਰੀ ਵਧਣ ਕਾਰਨ ਦੇਸ਼ ਵਿੱਚ ਚੋਰੀਆਂ ਅਤੇ ਹੋਰ ਅਪਰਾਧ ਵਧਣ ਦੀ ਪੂਰੀ ਗੁੰਜਾਇਸ਼ ਬਣੀ ਰਹੇਗੀ। ਦੁਨੀਆ ਵਿੱਚ ਨੌਜਵਾਨਾਂ ਦੀ ਸਭ ਤੋਂ ਵੱਧ ਗਿਣਤੀ ਵਾਲਾ ਦੇਸ਼ ਇੰਨੇ ਵੱਡੇ ਪੱਧਰ ਦੀ ਬੇਰੁਜ਼ਗਾਰੀ ਕਿਵੇਂ ਝੱਲ ਸਕਦਾ ਹੈ ?ਉਦਯੋਗਾਂ ਦੇ ਤਬਾਹ ਹੋਣ ਨਾਲ ਹੋਰ ਵੀ ਘਾਟੇ ਪੈਣਗੇ ਜਿਵੇਂ ਕਿ ਬੈਂਕਾਂ ਦੇ ਕਰਜ਼ੇ ਡੁੱਬ ਜਾਣਗੇ ਅਤੇ ਬੀਮਾ ਕੰਪਨੀਆਂ ਉੱਤੇ ਬੋਝ ਵਧੇਗਾ। ਉਦਯੋਗਾਂ ਨੂੰ ਸੰਭਾਲਣ ਦੇ ਚੱਕਰ ਵਿੱਚ ਸਰਕਾਰ ਖੇਤੀ ਸੈਕਟਰ ਨੂੰ ਵੀ ਸਹੂਲਤਾਂ ਨਹੀਂ ਦੇ ਸਕੇਗੀ ਜੋ ਕਿ ਪਹਿਲਾਂ ਹੀ ਤਰਸਯੋਗ ਹਾਲਤ ਵਿੱਚ ਪਹੁੰਚ ਚੁੱਕਾ ਹੈ। ਇਸ ਨਾਲ ਦੇਸ਼ ਵਿੱਚ ਮੰਦੀ ਦੇ ਹਾਲਾਤ ਹੋਰ ਵੀ ਖਤਰਨਾਕ ਹੋ ਜਾਣਗੇ। ਇਸੇ ਲਈ ਕੁਝ ਰਾਸ਼ਟਰਵਾਦੀ ਜਥੇਬੰਦੀਆਂ ਭਾਰਤ ਵਿੱਚ ਵਿਕਣ ਵਾਲੇ ਚੀਨੀ ਸਮਾਨ ਦਾ ਲਗਾਤਾਰ ਵਿਰੋਧ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਦੇਸ਼-ਪਿਆਰ ਦਾ ਪਾਠ ਪੜ੍ਹਾ ਕੇ ਚੀਨੀ ਸਮਾਨ ਖਰੀਦਣ ਤੋਂ ਵਰਜ ਰਹੀਆਂ ਹਨ। ਉਹਨਾਂ ਦਾ ਕਹਿਣਾ ਹੈ ਚੀਨ ਸਾਡਾ ਦੁਸ਼ਮਣ ਹੈ ਅਤੇ ਦੁਸ਼ਮਣ ਦੇ ਘਰ ਤੋਂ ਆਇਆ ਪਾਣੀ ਅਸੀਂ ਕਿਉਂ ਪੀਈਏ।

ਪਰ ਸਾਨੂੰ ਇਹ ਸਚਾਈ ਤਸਲੀਮ ਕਰਨੀ ਹੀ ਪਏਗੀ ਕਿ ਦੇਸ਼-ਪਿਆਰ ਜਾਂ ਰਾਸ਼ਟਰਵਾਦ ਵਰਗੇ ਸੰਕਲਪ ਸਿਰਫ ਉਸ ਸਮਾਜ ਵਿੱਚ ਹੀ ਸਫਲ ਹੋ ਸਕਦੇ ਹਨ ਜਿਹੜਾ ਸਮਾਜ ਆਰਥਿਕ, ਸਮਾਜਿਕ ਅਤੇ ਬੌਧਿਕ ਤੌਰ ਉੱਤੇ ਆਜ਼ਾਦ ਹੋਵੇ। ਜਿਸ ਦੇਸ਼ ਵਿੱਚ ਮੁਫ਼ਤ ਦੇ ਮਾਲ ਨੂੰ ਲੋਕ ਟੁੱਟ-ਟੁੱਟ ਕੇ ਪੈਂਦੇ ਹੋਣ ਉੱਥੇ ਉਹਨਾਂ ਨੂੰ ਸਸਤਾ ਮਾਲ ਖਰੀਦਣ ਤੋਂ ਹਟਾਉਣਾ ਕੋਈ ਸੌਖਾ ਕੰਮ ਨਹੀਂ ਹੈ। ਦਿਹਾੜੀ ਕਰ ਕੇ ਰੋਟੀ ਦੇ ਜੁਗਾੜ ਵਿੱਚ ਲੱਗਾ ਹੋਇਆ ਗਰੀਬ ਆਦਮੀ ਅਜਿਹੀਆਂ ਗੱਲਾਂ ਸੁਣਨ ਤੋਂ ਇਨਕਾਰੀ ਹੀ ਰਹੇਗਾ ਅਤੇ ਉਸੇ ਦੁਕਾਨ ਤੋਂ ਹੀ ਆਟਾ ਖਰੀਦੇਗਾ ਜਿੱਥੋਂ ਉਸ ਨੂੰ ਸਸਤਾ ਮਿਲੇਗਾ। ਉੱਪਰੋਂ ਬਹੁਤੇ ਚੀਨੀ ਸਮਾਨ ਦੀ ਤਾਂ ਇਹ ਵੀ ਖ਼ਾਸੀਅਤ ਹੈ ਕਿ ਉਸ ਦਾ ਮੁੱਲ ਘੱਟ ਅਤੇ ਗੁਣਵੱਤਾ ਵੀ ਆਮ ਕਰਕੇ ਠੀਕ ਹੁੰਦੀ ਹੈ। ਅਜਿਹੀ ਹਾਲਤ ਵਿੱਚ ਆਮ ਲੋਕਾਂ ਨੂੰ ਉਹ ਸਮਾਨ ਖਰੀਦਣ ਤੋਂ ਰੋਕਿਆ ਨਹੀਂ ਜਾ ਸਕਦਾ। ਇੰਜ ਹੀ ਬਹੁਤ ਸਾਰਾ ਚੀਨੀ ਸਮਾਨ ਅਜਿਹਾ ਵੀ ਹੁੰਦਾ ਹੈ ਜਿਸ ਨਾਲ ਮਿਲਦਾ-ਜੁਲਦਾ ਸਵਦੇਸ਼ੀ ਸਮਾਨ ਉਪਲਭਦ ਹੀ ਨਹੀਂ ਹੁੰਦਾ। ਜਿਵੇਂ ਕਿ ਚੀਨੀ ਮੋਬਾਈਲ ਫੋਨਾਂ ਦੀ ਭਾਰਤੀ ਬਾਜ਼ਾਰਾਂ ਵਿੱਚ ਸਰਦਾਰੀ ਕਾਇਮ ਹੋ ਚੁੱਕੀ ਹੈ। ਚਾਇਨਾ ਦੇ ਸਸਤੇ ਮੋਬਾਈਲ ਫੋਨ ਭਾਰਤੀ ਲੋਕਾਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਇਸੇ ਤਰਾਂ ਕੰਪਿਊਟਰ, ਸੋਲਰ ਪੈਨਲ, ਬਿਜਲੀ ਉਪਕਰਣ, ਸਾਈਕਲ, ਉਦਯੋਗਿਕ ਸਮਾਨ, ਪ੍ਰਿੰਟਿੰਗ ਦਾ ਸਮਾਨ, ਕ੍ਰਾਕਰੀ, ਕੱਪੜੇ, ਸਜਾਵਟੀ ਸਮਾਨ, ਫਰਨੀਚਰ, ਮੂਰਤੀਆਂ, ਰੱਖੜੀਆਂ, ਪਟਾਕੇ ਅਤੇ ਹੋਰ ਬਹੁਤ ਕੁਝ ਹੈ ਜਿਹੜਾ ਕਿ ਬਾਜ਼ਾਰ ਵਿੱਚ ਸਭ ਤੋਂ ਵੱਧ ਚੀਨ ਦਾ ਹੀ ਮਿਲ ਰਿਹਾ ਹੈ। ਫਿਰ ਜਦੋਂ ਇਸ ਤਰਾਂ ਦੀਆਂ ਜਰੂਰੀ ਵਸਤੂਆਂ ਇਸ ਮੁੱਲ ਵਿੱਚ ਹੋਰ ਕਿਤੋਂ ਮਿਲਣਗੀਆਂ ਹੀ ਨਹੀਂ ਤਾਂ ਆਮ ਲੋਕਾਂ ਕੋਲ ਦੂਸਰਾ ਰਸਤਾ ਹੀ ਕਿਹੜਾ ਹੈ ?


ਅਨਪੜ੍ਹਤਾ ਅਤੇ ਗਰੀਬੀ ਦੇ ਨਾਲ-ਨਾਲ ਜਾਗਰੂਕਤਾ ਦੀ ਕਮੀ ਵੀ ਸਸਤੇ ਚੀਨੀ ਸਮਾਨ ਦੇ ਵੱਧ ਵਿਕਣ ਦਾ ਇੱਕ ਵੱਡਾ ਕਾਰਨ ਹੈ। ਅਸੀਂ ਅਕਸਰ ਹੀ ਵੇਖਦੇ ਹਾਂ ਕਿ ਆਰਗੈਨਿਕ ਸਬਜ਼ੀਆਂ ਜਾਂ ਫਲ ਜੋ ਕਿ ਜ਼ਹਿਰ-ਰਹਿਤ ਹੋਣ ਕਾਰਨ ਆਮ ਨਾਲੋਂ ਮਹਿੰਗੇ ਹੁੰਦੇ ਹਨ, ਉਹਨਾਂ ਨੂੰ ਉਹੀ ਲੋਕ ਖਰੀਦਦੇ ਹਨ ਜਿਹੜੇ ਆਰਥਿਕ ਪੱਖੋਂ ਸੌਖੇ ਵੀ ਹੋਣ ਅਤੇ ਸਿਹਤ ਸੰਬੰਧੀ ਵੱਧ ਜਾਗਰੂਕ ਵੀ ਹੋਣ। ਪਰ ਸਾਡੇ ਦੇਸ਼ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਕਿੰਨੀ ਕੁ ਹੈ ?

ਕੁਝ ਲੋਕ ਇਹ ਸੋਚਦੇ ਹਨ ਕਿ ਭਾਰਤ ਦੀ ਸਰਕਾਰ ਚੀਨੀ ਵਸਤੂਆਂ ਉੱਤੇ ਪਾਬੰਦੀ ਕਿਉਂ ਨਹੀਂ ਲਗਾ ਦਿੰਦੀ। ਪਰ ਅਜਿਹੇ ਲੋਕ ਵਿਸ਼ਵ ਵਪਾਰ ਦੇ ਨਿਯਮਾਂ ਬਾਰੇ ਅਣਜਾਣ ਹੁੰਦੇ ਹਨ। ਦੁਨੀਆ ਦੇ ਸਾਰੇ ਵੱਡੇ ਦੇਸ਼ (ਸਮੇਤ ਭਾਰਤ ਅਤੇ ਚੀਨ) ਵਿਸ਼ਵ ਵਪਾਰ ਸੰਗਠਨ ਦੇ ਮੈਂਬਰ ਹਨ ਅਤੇ ਵਪਾਰ ਦੇ ਮਾਮਲੇ ਵਿੱਚ ਉਹਨਾਂ ਦੇ ਹੱਥ ਬੰਨ੍ਹੇ ਹੋਏ ਹਨ। ਇਹਨਾਂ ਸਾਰੇ ਦੇਸ਼ਾਂ ਨੇ ਸੰਗਠਨ ਦੇ ਸਮਝੌਤਿਆਂ ਉੱਤੇ ਦਸਤਖ਼ਤ ਕੀਤੇ ਹੋਏ ਹਨ। ਸੰਗਠਨ ਦੇ ਨਿਯਮਾਂ ਮੁਤਾਬਕ ਕੋਈ ਮੈਂਬਰ ਦੇਸ਼ ਕਿਸੇ ਵੀ ਹੋਰ ਮੈਂਬਰ ਦੇਸ਼ ਵਿੱਚ ਆਪਣਾ ਸਮਾਨ ਵੇਚ ਸਕਦਾ ਹੈ ਅਤੇ ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਭਾਰਤ ਕਿਸੇ ਹੋਰ ਦੇਸ਼ ਤੋਂ ਆਉਣ ਵਾਲੇ ਮਾਲ ਦੀਆਂ ਕੁਝ ਵਸਤੂਆਂ ਉੱਤੇ ਐਂਟੀ ਡੰਪਿੰਗ ਡਿਊਟੀ ਜ਼ਰੂਰ ਲਗਾ ਸਕਦਾ ਹੈ। ਪਰ ਇਹ ਕੰਮ ਵੀ ਇੱਕ ਹੱਦ ਅੰਦਰ ਰਹਿ ਕੇ ਹੀ ਕੀਤਾ ਜਾ ਸਕਦਾ ਹੈ। ਦੁਨੀਆ ਵਿੱਚ ਵਪਾਰ ਦਾ ਇੱਕ ਵੱਡਾ ਨੈੱਟਵਰਕ ਹੈ। ਉਸ ਨੈੱਟਵਰਕ ਵਿੱਚ ਰਹਿ ਕੇ ਅਤੇ ਦੂਜੇ ਦੇਸ਼ਾਂ ਨਾਲ ਸਹਿਯੋਗ ਕਰਕੇ ਹੀ ਵਿਸ਼ਵ ਵਪਾਰ ਵਿੱਚ ਟਿਕਿਆ ਜਾ ਸਕਦਾ ਹੈ। ਜੇਕਰ ਕੋਈ ਦੇਸ਼ ਵਿਸ਼ਵ ਵਪਾਰ ਸੰਗਠਨ ਤੋਂ ਬਾਹਰ ਹੁੰਦਾ ਹੈ ਤਾਂ ਉਸਦੇ ਵਪਾਰ ਦਾ ਸਾਰਾ ਤਾਣਾ-ਬਾਣਾ ਹੀ ਟੁੱਟ ਜਾਏਗਾ। ਇਸ ਨਾਲ ਉਸ ਨੂੰ ਹੋਰ ਵੀ ਘਾਟਾ ਸਹਿਣਾ ਪਏਗਾ।

ਚੀਨ ਦਾ ਮੁਕਾਬਲਾ ਕਰਨ ਲਈ ਇੱਕੋ-ਇੱਕ ਕਾਰਗਰ ਢੰਗ ਇਹ ਹੈ ਕਿ ਆਪਣਾ ਉਤਪਾਦਨ ਸੈਕਟਰ ਵੱਡਾ ਕਰ ਲਉ ਅਤੇ ਉਸ ਵਾਂਗੂੰ ਵੱਧ ਤੋਂ ਵੱਧ ਮਾਲ ਆਪਣੀ ਘਰੇਲੂ ਮੰਡੀ ਅਤੇ ਦੁਨੀਆ ਦੀਆਂ ਮੰਡੀਆਂ ਵਿੱਚ ਵੇਚਣਾ ਸ਼ੁਰੂ ਕਰ ਦਿਉ। ਪਰ ਇਹ ਕੰਮ ਕੋਈ ਇੱਕ ਦਿਨ ਵਿੱਚ ਨਹੀਂ ਹੋ ਜਾਣਾ। ਇਸ ਦੇ ਵਾਸਤੇ ਸਾਨੂੰ ਦੇਸ਼ ਵਿੱਚ ਕੰਮ ਸੱਭਿਆਚਾਰ ਵਿਕਸਤ ਕਰਨ ਦੀ ਲੋੜ ਹੈ। ਸਾਨੂੰ ਆਪਣੀ ਸਕੂਲੀ ਪੜ੍ਹਾਈ ਦੇ ਨਾਲ ਨਾਲ ਤਕਨੀਕੀ ਸਿਖਲਾਈ ਜ਼ਰੂਰ ਲੈਣੀ ਚਾਹੀਦੀ ਹੈ । ਚੀਨ ਵਿਚ ਹਰ ਘਰ ਇੱਕ ਫੈਕਟਰੀ ਵਾਂਗੂੰ ਕੰਮ ਕਰ ਰਿਹਾ ਹੈ। ਉਸ ਦਾ ਬੱਚਾ-ਬੱਚਾ ਉਤਪਾਦਨ ਵਿਚ ਲੱਗਾ ਹੋਇਆ ਹੈ। ਫਿਰ ਉਸੇ ਹੀ ਉਤਪਾਦਨ ਨਾਲ ਉਹ ਪੂਰੀ ਦੁਨੀਆ ਦੇ ਬਾਜ਼ਾਰਾਂ ਨੂੰ ਭਰ ਦਿੰਦਾ ਹੈ। ਯੂਰਪ ਅਤੇ ਅਮਰੀਕਾ ਦੇ ਬਾਜ਼ਾਰ ਚੀਨੀ ਵਸਤਾਂ ਨਾਲ ਨੱਕੋ-ਨੱਕ ਭਰੇ ਪਏ ਹਨ। ਪਰ ਭਾਰਤ ਮੁੱਖ ਤੌਰ ਉੱਤੇ ਕੱਚਾ ਮਾਲ ਹੀ ਬਾਹਰ ਭੇਜ ਰਿਹਾ ਹੈ ਜਿਸ ਦੀਆਂ ਕੀਮਤਾਂ ਪੂਰੀ ਦੁਨੀਆ ਵਿੱਚ ਘੱਟ ਚੱਲ ਰਹੀਆਂ ਹਨ। ਪਰ ਕਮਾਈ ਤਾਂ ਕੱਚੇ ਮਾਲ ਦੀ ਥਾਂ ਤਿਆਰ ਮਾਲ ਵੇਚ ਕੇ ਹੀ ਹੋ ਸਕਦੀ ਹੈ। ਇਹ ਉਸੇ ਤਰਾਂ ਦੀ ਗੱਲ ਹੈ ਜਿਵੇਂ ਕਿ ਕਿਸਾਨ ਦਾ ਆਲੂ (ਕੱਚਾ ਮਾਲ) ਤਾਂ ਸਸਤਾ ਵਿਕਦਾ ਹੈ ਪਰ ਉਸ ਤੋਂ ਬਣੇ ਹੋਏ ਚਿਪਸ ਪੈਕ ਹੋ ਕੇ ਮਹਿੰਗੇ ਹੋ ਜਾਂਦੇ ਹਨ। ਸਾਨੂੰ ਸਾਰਿਆਂ ਨੂੰ ਇਸ ਵਾਰ ਦੀਵਾਲੀ ਤੇ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀ ਚਾਇਨਾ ਦੇ ਬਣੇ ਹੋਏ ਪਟਾਕੇ ਨਾ ਖਰੀਦ ਕਰੀਏ, ਨਾ ਹੀ ਚਾਇਨਾ ਦੇ ਬਣੇ ਹੋਏ ਦੀਵੇ ਅਤੇ ਸਜਾਵਟੀ ਲਾਇਟਾ ਖਰੀਦ ਕਰੀਏ ।ਕੁਲ ਮਿਲਾ ਕੇ ਇਹ ਕਹਿ ਸਕਦੇ ਹਾਂ ਕਿ ਦਿਵਾਲੀ ਤੇ ਵਰਤਿਆ ਜਾਣ ਵਾਲਾ ਕੋਈ ਵੀ ਸਮਾਨ ਅਸੀ ਚਾਇਨਾ ਦਾ ਖਰੀਦ ਨਾ ਕਰਕੇ ਭਾਰਤ ਵਿੱਚ ਬਣਿਆ ਹੋਇਆ ਸਮਾਨ ਦੀਵੇ ,ਮੋਮਬੱਤੀਆਂ ਆਦਿ ਖਰੀਦ ਕਰੀਏ ਅਤੇ ਆਪਣੇ ਦੇਸ਼ ਦੀ ਕਮਾਈ ਨੂੰ ਬਾਹਰ ਕਿਸੇ ਹੋਰ ਦੇਸ਼ ਨਾ ਭੇਜੀਏ ।ਸਾਨੂੰ ਸਾਰਿਆਂ ਨੂੰ ਇਸ ਵਾਰ ਦੀਵਾਲੀ ਤੇ ਪਟਾਕੇ ਨਾ ਚਲਾ ਕੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣੀ ਚਾਹੀਦੀ ਹੈ ਅਤੇ ਆਪਣਾ ਫਰਜ਼ ਸਮਝਦੇ ਹੋਏ ਹਰ ਇਕ ਇਨਸਾਨ ਅਤੇ ਹਰ ਪਰਿਵਾਰਕ ਮੈਂਬਰ ਨੂੰ ਇਕ ਇਕ ਬੂਟਾ ਲਗਾ ਕੇ ਹਰੀ ਦੀਵਾਲੀ ਮਨਾਉਣੀ ਚਾਹੀਦੀ ਹੈ ।



# ਦਿਵਾਲੀ ’ਤੇ ਆਪਣੇ ਘਰ-ਸੰਸਾਰ ਨੂੰ ਸਜਾਵਟੀ ਮੋਮਬੱਤੀਆਂ ਨਾਲ ਰੌਸ਼ਨ ਕਰੋ


ਸਜਾਵਟੀ ਮੋਮਬੱਤੀਆਂ ਬਣਾਉਣਾ ਇਕ ਕਲਾ ਹੈ। ਇਹ ਕਲਾ ਸੁਆਣੀ ਲਈ ਪੈਸੇ ਕਮਾਉਣ ਦਾ ਸਾਧਨ ਬਣ ਸਕਦੀ ਹੈ। ਔਰਤਾਂ ਖਾਸ ਤੌਰ ‘ਤੇ ਪੇਂਡੂ ਔਰਤਾਂ ਘਰੇਲੂ ਪੱਧਰ ‘ਤੇ ਸਜਾਵਟੀ ਮੋਮਬੱਤੀਆਂ ਬਣਾ ਕੇ ਅਤੇ ਉਨ੍ਹਾਂ ਨੂੰ ਵੇਚ ਕੇ ਆਪਣੇ ਪੈਰਾਂ ‘ਤੇ ਖੜ੍ਹੀਆਂ ਹੋ ਸਕਦੀਆਂ ਹਨ ਅਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਹੋਰ ਵਧੀਆ ਢੰਗ ਨਾਲ ਕਰ ਸਕਦੀਆਂ ਹਨ।

ਸਧਾਰਨ ਮੋਮਬੱਤੀਆਂ : ਇਨ੍ਹਾਂ ਨੂੰ ਘਰ ਵਿਚ ਹੀ ਬੜਾ ਸੌਖਾ ਬਣਾਇਆ ਜਾ ਸਕਦਾ ਹੈ। ਇਨ੍ਹਾਂ ਨੂੰ ਬਣਾਉਣ ਲਈ ਹੇਠ ਲਿਖਿਆ ਸਾਮਾਨ ਲੋੜੀਂਦਾ ਹੈ : ਮੋਮ, ਸਾਧਾਰਨ ਸਾਂਚਾ, ਧਾਗਾ, ਬਰਤਨ, ਤੇਲ।

ਬਣਾਉਣ ਦੀ ਵਿਧੀ : × ਧਾਗੇ ਨੂੰ ਸਾਂਚੇ ਦੇ ਵਿਚਕਾਰ ਇਸ ਤਰ੍ਹਾਂ ਬੰਨ੍ਹੋ ਕਿ ਸਾਂਚੇ ਦੇ ਉੱਪਰਲੇ ਅਤੇ ਹੇਠਲੇ ਸਿਰੇ ਵਿਚੋਂ ਧਾਗਾ ਬਾਹਰ ਆ ਜਾਵੇ। ਫਿਰ ਹੇਠਲੇ ਸਿਰੇ ‘ਤੇ ਇਕ ਗੰਢ ਬੰਨ੍ਹ ਦਿਓ।

× ਸਾਂਚੇ ਵਿਚ ਚੰਗੀ ਤਰ੍ਹਾਂ ਤੇਲ ਮਲ ਦਿਓ, ਤਾਂ ਜੋ ਮੋਮ ਸਾਂਚੇ ਦੇ ਨਾਲ ਨਾ ਚਿੰਬੜੇ।
× ਸਾਂਚੇ ਦੇ ਸਾਰੇ ਨਟਾਂ ਨੂੰ ਚੰਗੀ ਤਰ੍ਹਾਂ ਕੱਸ ਦਿਓ, ਤਾਂ ਜੋ ਸਾਂਚਾ ਬੰਦ ਹੋ ਜਾਵੇ।
× ਮੋਮ ਨੂੰ ਬਰਤਨ ਵਿਚ ਪਾ ਕੇ ਘੱਟ ਸੇਕ ‘ਤੇ ਗਰਮ ਕਰੋ।
× ਜਦੋਂ ਮੋਮ ਪਿਘਲ ਜਾਵੇ ਤਾਂ ਇਸ ਨੂੰ ਹੌਲੀ-ਹੌਲੀ ਸਾਂਚੇ ਵਿਚ ਭਰ ਦਿਓ।
× ਸਾਂਚੇ ਨੂੰ ਠੰਢਾ ਹੋਣ ਤੱਕ ਰੱਖੋ ਅਤੇ ਧਾਗਾ ਵੀ ਕੱਟ ਦਿਓ।
× ਜਦੋਂ ਮੋਮ ਚੰਗੀ ਤਰ੍ਹਾਂ ਸੁੱਕ ਜਾਵੇ ਤਾਂ ਸਾਂਚੇ ਦੇ ਸਾਰੇ ਨਟ ਢਿੱਲੇ ਕਰ ਦਿਓ ਅਤੇ ਵਾਧੂ ਮੋਮ (ਜੋ ਕਿ ਸਾਂਚੇ ਦੇ ਬਾਹਰ ਵੀ ਆ ਜਾਂਦੀ ਹੈ) ਨੂੰ ਚਾਕੂ ਨਾਲ ਖੁਰਚ ਦਿਓ।
× ਮੋਮਬੱਤੀ ਨੂੰ ਸਾਂਚੇ ਵਿਚੋਂ ਧਿਆਨ ਨਾਲ ਕੱਢੋ ਅਤੇ ਪੂਰੀ ਤਰ੍ਹਾਂ ਸੁੱਕਣ ਤੱਕ ਸਿੱਧਾ ਹੀ ਰੱਖੋ।
× ਹੁਣ ਇਨ੍ਹਾਂ ਮੋਮਬੱਤੀਆਂ ਨੂੰ ਵੇਚਣ ਲਈ ਪੈਕ ਕਰ ਦਿਓ।

ਸਜਾਵਟੀ ਮੋਮਬੱਤੀਆਂ : ਦਿਵਾਲੀ ਵਾਲੇ ਦਿਨਾਂ ਵਿਚ ਬਾਜ਼ਾਰ ਵਿਚ ਕਈ ਤਰ੍ਹਾਂ ਦੀਆਂ ਸਜਾਵਟੀ ਮੋਮਬੱਤੀਆਂ ਦੇਖਣ ਨੂੰ ਮਿਲਦੀਆਂ ਹਨ। ਇਨ੍ਹਾਂ ਨੂੰ ਵੀ ਸਾਧਾਰਨ ਮੋਮਬੱਤੀਆਂ ਵਾਂਗ ਬਣਾਇਆ ਜਾ ਸਕਦਾ ਹੈ, ਬਸ ਫਰਕ ਸਿਰਫ ਏਨਾ ਹੈ ਕਿ ਇਨ੍ਹਾਂ ਨੂੰ ਬਣਾਉਣ ਲਈ ਵਰਤੋਂ ਵਿਚ ਆਉਣ ਵਾਲੇ ਸਾਂਚੇ ਅਲੱਗ-ਅਲੱਗ ਡਿਜ਼ਾਈਨਾਂ ਦੇ ਹੁੰਦੇ ਹਨ। ਜੈਲੀ ਵਾਲੀਆਂ ਮੋਮਬੱਤੀਆਂ : ਘਰ ਬਣਾਈਆਂ ਜੈਲੀ ਵਾਲੀਆਂ ਮੋਮਬੱਤੀਆਂ ਬਹੁਤ ਸੋਹਣੀਆਂ ਲੱਗਦੀਆਂ ਹਨ। ਦਿਵਾਲੀ ਵੇਲੇ ਇਹ ਇਕ ਚੰਗਾ ਉਪਹਾਰ ਵੀ ਬਣ ਸਕਦੀਆਂ ਹਨ। ਇਨ੍ਹਾਂ ਨੂੰ ਬਣਾਉਣ ਲਈ ਹੇਠ ਲਿਖਿਆ ਸਾਮਾਨ ਲੋੜੀਂਦਾ ਹੈ : ਜੈਲੀ ਵਾਲੀ ਮੋਮ, ਕੱਚ ਦਾ ਜਾਰ ਜਾਂ ਗਲਾਸ, ਧਾਗਾ, ਬਰਤਨ, ਰੰਗਿਆ ਹੋਇਆ ਬੁਰਾਦਾ, ਸਜਾਵਟ ਲਈ ਸਿੱਪੀਆਂ, ਪੱਥਰ ਤੇ ਰੰਗੀ ਹੋਈ ਰੇਤ ਆਦਿ।

× ਜੈਲੀ ਵਾਲੀ ਮੋਮ ਨੂੰ ਬਰਤਨ ਵਿਚ ਪਾ ਕੇ ਘੱਟ ਸੇਕ ‘ਤੇ ਗਰਮ ਕਰੋ।
× ਕੱਚ ਦੇ ਜਾਰ ਜਾਂ ਗਲਾਸ ਵਿਚ ਧਾਗਾ ਵੀ ਰੱਖ ਸਕਦੇ ਹੋ, ਨਹੀਂ ਤਾਂ ਇਹ ਮੋਮਬੱਤੀਆਂ ਬਿਨਾਂ ਧਾਗੇ ਤੋਂ ਵੀ ਬਣਾਈਆਂ ਜਾ ਸਕਦੀਆਂ ਹਨ।
× ਇਸ ਵਿਚ ਪਿਘਲੀ ਹੋਈ ਜੈਲੀ ਪਾ ਦਿਓ।
× ਇਸ ਵਿਚ ਸਿੱਪੀਆਂ, ਪੱਥਰ ਆਦਿ ਵੀ ਸਜਾਵਟ ਲਈ ਪਾ ਸਕਦੇ ਹੋ।
× ਮੋਮਬੱਤੀਆਂ ਨੂੰ ਹੋਰ ਜ਼ਿਆਦਾ ਸਜਾਵਟੀ ਬਣਾਉਣ ਲਈ ਪਹਿਲਾਂ ਗਲਾਸ ਵਿਚ ਰੰਗਿਆ ਹੋਇਆ ਬੁਰਾਦਾ ਜਾਂ ਰੇਤ ਪਾ ਕੇ ਉਸ ਉੱਪਰ ਜੈਲੀ ਪਾ ਸਕਦੇ ਹੋ।

ਇਸ ਤਰ੍ਹਾਂ ਸੁਆਣੀ ਘਰ ਬੈਠੇ ਹੀ ਵੱਖ-ਵੱਖ ਤਰ੍ਹਾਂ ਦੀਆਂ ਮੋਮਬੱਤੀਆਂ ਬਣਾ ਕੇ ਬਿਨਾਂ ਵਾਧੂ ਖਰਚੇ ਤੋਂ ਦਿਵਾਲੀ ਵੇਲੇ ਆਪਣੇ ਘਰ ਸੰਸਾਰ ਨੂੰ ਰੌਸ਼ਨ ਕਰ ਸਕਦੀ ਹੈ ਅਤੇ ਇਸ ਨੂੰ ਆਪਣੀ ਆਮਦਨ ਵਧਾਉਣ ਦਾ ਸਾਧਨ ਵੀ ਬਣਾ ਸਕਦੀ ਹੈ।




ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# ਬੁਢਾਪਾ ਆਵੇ ਹੀ ਕਿਉਂ !

- ਗੁਰਸ਼ਰਨ ਸਿੰਘ ਨਰੂਲਾ



**ਅਜੇ ਤੁਹਾਡੀਆਂ ਸਾਰੀਆਂ ਇੰਦਰੀਆਂ ਕੰਮ ਕਰਦੀਆਂ ਹਨ। ਤੁਹਾਡੀਆਂ ਅੱਖਾਂ, ਕੰਨ, ਦਿਮਾਗ਼, ਸੁੰਘਣ ਅਤੇ ਚਖਣ ਸ਼ਕਤੀਆਂ ਅਜੇ ਸਭ ਕਾਇਮ ਹਨ। ਤੁਹਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਤੁਸੀਂਈਉਨ੍ਹਾਂ ਨਾਲੋਂ ਜ਼ਿਆਦਾ ਭਾਗਾਂ ਵਾਲੇ ਹੋ, ਜੋ ਇਨ੍ਹਾਂ ਨੇਮਤਾਂ ਤੋਂ ਵੰਚਿਤ ਹਨ। ਸਿਰਫ਼ ਆਪਣੀ ਇੱਛਾ ਸ਼ਕਤੀ ਕਾਇਮ ਰੱਖੋ, ਤੁਹਾਨੂੰ ਸੁਪਨੇ ਲੈਣ ਤੋਂ ਅਜੇ ਵੀ ਕੋਈ ਨਹੀਂ ਰੋਕਦਾ। ਆਪਣੇ ਤਜਰਬੇ ਪਰਿਵਾਰ ਤੇ ਸੱਜਣਾਂ-ਮਿੱਤਰਾਂ ਨਾਲ ਸਾਂਝੇ ਕਰਨ 'ਤੇ ਵੀ ਕੋਈ ਰੋਕ ਟੋਕ ਨਹੀਂ। ਇਹ ਠੀਕ ਹੈ ਕਿ ਤੁਹਾਡੀਆਂ ਗੱਲਾਂ ਸੁਣਨ ਵਾਲੇ ਵੀ ਚਾਹੀਦੇ ਹਨ।**

ਬੁਢਾਪਾ ਸਭ 'ਤੇ ਆਉਣਾ ਹੈ। ਇਹ ਅਟੱਲ ਸਚਾਈ ਹੈ। ਇਹ ਜੀਵਨ ਦਾ ਹਿੱਸਾ ਹੈ। ਪਹਿਲਾਂ ਬਚਪਨ, ਮਾਪਿਆਂ ਦੇ ਆਸਰੇ, ਫਿਰ ਲੜਕਪਨ, ਖੇਡਣਾ-ਕੁੱਦਣਾ, ਖੁੱਲ੍ਹੇ ਸੁਪਨੇ ਲੈਣੇ, ਜਵਾਨ ਮਨ ਵਿਚ ਅਨੇਕ ਤਰੰਗਾਂ, ਰਗ ਰਗ ਵਿਚ ਜੋਸ਼। ਫਿਰ ਅਧੇੜ ਉਮਰ ਕੀਤੇ ਕੰਮਾਂ 'ਤੇ ਨਜ਼ਰਸਾਨੀ ਕਰਨ ਦਾ ਸੋਚਾਂ ਦਾ ਦੌਰ। ਕੀਤੇ ਨੂੰ ਸੰਭਾਲਣ ਦਾ ਦੌਰ। ਜ਼ਿੰਮੇਵਾਰੀਆਂ ਨਿਭਾਉਣ ਦਾ ਦੌਰ ਤੇ ਅੰਤ ਬੁਢਾਪਾ। ਬੁਢਾਪਾ ਕਦੋਂ ਸ਼ੁਰੂ ਹੋਣਾ ਹੈ, ਇਹ ਤੁਸੀਂ ਆਪ ਤੈਅ ਕਰਨਾ ਹੈ। ਇਹ ਨਿਰਸੰਦੇਹ ਜੀਵਨ ਦਾ ਆਖ਼ਰੀ ਭਾਗ ਹੈ, ਪਰ ਨਿਰਾਰਥਕ ਬਿਲਕੁਲ ਨਹੀਂ। ਇਕ ਕਥਨ ਅਨੁਸਾਰ ਇਹ ਜਵਾਨੀ ਨਾਲੋਂ ਵਾਧੇ ਵਾਲਾ ਹੈ ਕਿਉਂਕਿ ਹਰੇਕ ਬੁੱਢੇ ਆਦਮੀ ਨੇ ਜਵਾਨੀ ਤਾਂ ਵੇਖੀ ਹੈ, ਪਰ ਜਵਾਨ ਨੇ ਬੁਢਾਪਾ ਅਜੇ ਵੇਖਣਾ ਹੈ। ਉਸ ਕੋਲ ਇਹ ਅਨੁਭਵ ਅਜੇ ਨਹੀਂ ਆਇਆ।

ਇਹ ਠੀਕ ਹੈ ਕਿ ਬੁਢਾਪੇ ਵਿਚ ਕੁਝ ਅੰਗ ਢਿੱਲੇ ਪੈ ਜਾਂਦੇ ਹਨ। ਤੁਹਾਡੀ ਸਖ਼ਤ ਕੰਮ ਕਰਨ ਦੀ ਸਮਰੱਥਾ ਘਟ ਜਾਂਦੀ ਹੈ, ਪਰ ਇਸ ਦੇ ਉਲਟ ਜਿਹੜਾ ਗਿਆਨ ਅਤੇ ਸਿਆਣਪ ਤੁਸੀਂ ਗ੍ਰਹਿਣ ਕੀਤੀ ਹੈ, ਉਹ ਤੁਹਾਡੀ ਗੁਆਚ ਚੁੱਕੀ ਜਾਂ ਘਟ ਗਈ ਸਰੀਰਿਕ ਤਾਕਤ ਦਾ ਖੱਪਾ ਪੂਰਾ ਕਰਦੀ ਹੈ। ਤੁਸੀਂ ਕੱਲ੍ਹ ਨਾਲੋਂ ਅੱਜ ਜ਼ਿਆਦਾ ਸੁੱਘੜ ਤੇ ਸਿਆਣੇ ਹੋ। ਬੁੱਢੇ ਹੋ ਕੇ ਤੁਸੀਂ ਸਿਰਫ਼ ਸਰੀਰਿਕ ਬਲ ਦਾ ਕੁਝ ਭਾਗ ਹੀ ਖੋਇਆ ਹੈ। ਅਜੇ ਤੁਹਾਡੀਆਂ ਸਾਰੀਆਂ ਇੰਦਰੀਆਂ ਕੰਮ ਕਰਦੀਆਂ ਹਨ। ਤੁਹਾਡੀਆਂ ਅੱਖਾਂ, ਕੰਨ, ਦਿਮਾਗ਼, ਸੁੰਘਣ ਅਤੇ ਚਖਣ ਸ਼ਕਤੀਆਂ ਅਜੇ ਸਭ ਕਾਇਮ ਹਨ। ਤੁਹਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਤੁਸੀਂਈਉਨ੍ਹਾਂ ਨਾਲੋਂ ਜ਼ਿਆਦਾ ਭਾਗਾਂ ਵਾਲੇ ਹੋ, ਜੋ ਇਨ੍ਹਾਂ ਨੇਮਤਾਂ ਤੋਂ ਵੰਚਿਤ ਹਨ। ਸਿਰਫ਼ ਆਪਣੀ ਇੱਛਾ ਸ਼ਕਤੀ ਕਾਇਮ ਰੱਖੋ, ਤੁਹਾਨੂੰ ਸੁਪਨੇ ਲੈਣ ਤੋਂ ਅਜੇ ਵੀ ਕੋਈ ਨਹੀਂ ਰੋਕਦਾ। ਆਪਣੇ ਤਜਰਬੇ ਪਰਿਵਾਰ ਤੇ ਸੱਜਣਾਂ-ਮਿੱਤਰਾਂ ਨਾਲ ਸਾਂਝੇ ਕਰਨ 'ਤੇ ਵੀ ਕੋਈ ਰੋਕ ਟੋਕ ਨਹੀਂ। ਇਹ ਠੀਕ ਹੈ ਕਿ ਤੁਹਾਡੀਆਂ ਗੱਲਾਂ ਸੁਣਨ ਵਾਲੇ ਵੀ ਚਾਹੀਦੇ ਹਨ। ਜੇ ਤੁਸੀਂ ਉਨ੍ਹਾਂ ਦੀਆਂ ਸੁਣਦੇ ਹੋ ਤਾਂ ਉਹ ਤੁਹਾਡੀਆਂ ਵੀ ਜ਼ਰੂਰ ਸੁਣਨਗੇ। ਇਸ ਤਰ੍ਹਾਂ ਕਰਦੇ ਰਹੋਗੇ ਤਾਂ ਢਹਿੰਦੀਆਂ ਕਲਾਂ ਵਿਚ ਨਹੀਂ ਜਾਓਗੇ। ਮੌਤ ਦਾ ਡਰ ਨਹੀਂ ਸਤਾਏਗਾ। ਸਦਾ ਪ੍ਰਸੰਨ-ਚਿੱਤ ਰਹੋਗੇ। ਲੰਮੀ ਉਮਰ ਤਕ ਜਿਓਗੇ। ਬੁਢਾਪਾ ਤਾਂ ਇਸਤਰੀਆਂ 'ਤੇ ਵੀ ਆਉਂਦਾ ਹੈ, ਪਰ ਉਨ੍ਹਾਂ ਕੋਲ ਗੱਲਾਂ ਸੁਣਨ ਵਾਲੇ ਬਹੁਤ ਹੁੰਦੇ ਹਨ। ਪਰਿਵਾਰ ਅਤੇ ਗਲੀ ਮੁਹੱਲੇ ਦੇ ਲੋਕ ਹੁੰਦੇ ਹਨ। ਦੂਜਾ ਗੁਣ ਜੋ ਉਨ੍ਹਾਂ ਦੇ ਹੱਕ ਵਿਚ ਜਾਂਦਾ ਹੈ, ਉਹ ਹੈ ਉਨ੍ਹਾਂ ਦਾ ਕੰਮ ਵਿਚ ਮਗਨ ਰਹਿਣਾ। ਉਨ੍ਹਾਂ ਕੋਲ ਘਰੇਲੂ ਕੰਮ ਦੀ ਘਾਟ ਨਹੀਂਈਹੁੰਦੀ। ਉਨ੍ਹਾਂ ਦਾ ਕੰਮ ਉਨ੍ਹਾਂ ਨੂੰ ਨਿਰਾਸ਼ਤਾ ਦੀਆਂ ਗੱਲਾਂ ਸੋਚਣ ਦੀ ਵਿਹਲ ਨਹੀਂ ਦਿੰਦਾ। ਕੰਮ ਦਾ ਰੁਝੇਵਾਂ ਜੀਵਨ ਨੂੰ ਸੰਤੁਲਨ ਰੱਖਣ ਲਈ ਅਤਿ ਜ਼ਰੂਰੀ ਹੈ। ਮਰਦ ਵੀ ਜੇ ਆਪਣੇ ਰੁਝੇਵੇਂ ਦਾ ਪ੍ਰਬੰਧ ਕਰ ਲੈਣ ਤਾਂ ਯਕੀਨੀ ਸਵੈਮਾਣ ਨਾਲ ਜਿਉਣਗੇ ਅਤੇ ਖਿੜੇ ਰਹਿਣਗੇ। ਇਸ ਰੁਝੇਵੇਂ ਲਈ ਉਨ੍ਹਾਂ ਦੇ ਸ਼ੌਕ ਸਹਾਈ ਹੋ ਸਕਦੇ ਹਨ। ਕਿਤਾਬਾਂ ਪੜ੍ਹਨਾ ਬੜਾ ਵਧੀਆ ਸ਼ੌਕ ਹੈ। ਚੰਗੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਨ ਨਾਲ ਮਨ ਦਾ ਖ਼ਜ਼ਾਨਾ ਖਾਲੀ ਨਹੀਂ ਹੁੰਦਾ, ਸਦਾ ਭਰਪੂਰ ਰਹਿੰਦਾ ਹੈ। ਇਹ ਅਮੀਰੀ ਤੁਹਾਨੂੰ ਆਪਣੇ ਅਤੇ ਦੂਜੇ ਸਾਥੀਆਂ ਨਾਲ ਸਾਂਝੀ ਕਰਨ 'ਤੇ ਸਵੈਮਾਣ ਬਖ਼ਸ਼ਦੀ ਹੈ। ਤੁਹਾਡੀ ਗੱਲ ਸੁਣੀ ਜਾਂਦੀ ਹੈ। ਇਹ ਬੇਸ਼ਕੀਮਤੀ ਗੱਲ ਹੈ। ਜੇ ਤੁਹਾਨੂੰ ਲਿਖਣ ਦਾ ਸ਼ੌਕ ਹੈ ਤਾਂ ਇਹ ਉਮਰ ਤੁਹਾਨੂੰ ਖੁੱਲ੍ਹਾ ਮੌਕਾ ਪ੍ਰਦਾਨ ਕਰਦੀ ਹੈ। ਖੁੱਲ੍ਹ ਕੇ ਲਿਖੋ। ਇਹ ਵੇਖਣ ਵਿਚ ਆਇਆ ਹੈ ਕਿ ਲੇਖਕ ਤੇ ਚਿੰਤਕ ਲੰਮੀ ਉਮਰ ਭੋਗਦੇ ਹਨ। ਬਾਗ਼ਬਾਨੀ, ਪੌਦਿਆਂ ਦੀ ਦੇਖ-ਭਾਲ ਕਰਨਾ, ਉਨ੍ਹਾਂ ਨੂੰ ਛਾਂਗਣਾ ਤੇ ਪਾਣੀ ਦੇਣਾ ਸ਼ੌਕ ਹੈ। ਸਿਆਣੇ ਲੋਕ ਫੁੱਲਾਂ ਨਾਲ ਗੱਲਾਂ ਕਰਦੇ ਹਨ। ਜੇ ਇਹ ਸ਼ੌਕ ਜਵਾਨੀ ਵੇਲੇ ਤੋਂ ਹੈ ਤਾਂ ਬਹੁਤ ਚੰਗੀ ਗੱਲ ਹੈ, ਵੱਡੀ ਉਮਰ ਵਿਚ ਵੀ ਇਸ ਨੂੰ ਅਪਣਾਇਆ ਜਾ ਸਕਦਾ ਹੈ। ਜਿਹੜੇ ਲੋਕ ਆਰਥਿਕ ਪੱਖ ਤੋਂ ਅਮੀਰ ਹਨ, ਉਨ੍ਹਾਂ ਨੇ ਕਲੱਬ ਜੁਆਇਨ ਕੀਤੇ ਹੋਏ ਹਨ। ਲਗਪਗ ਸਾਰੇ ਸ਼ਹਿਰਾਂ ਵਿਚ ਸੀਨੀਅਰ ਸਿਟੀਜ਼ਨ ਕਲੱਬ ਹਨ। ਉਨ੍ਹਾਂ ਵਿਚ ਜਾਣਾ ਚੰਗਾ ਕਦਮ ਹੈ। ਇਕ ਦੂਜੇ ਨਾਲ ਮਿਲ ਬੈਠ ਕੇ ਦੁਖ-ਸੁਖ ਸਾਂਝੇ ਹੋ ਜਾਂਦੇ ਹਨ। ਮਨ ਹੌਲਾ ਹੋ ਜਾਂਦਾ ਹੈ। ਬਾਹਰਲੇ ਮੁਲਕਾਂ ਵਿਚ ਤਾਂ ਅਜਿਹੇ ਪ੍ਰਬੰਧ ਹਨ ਕਿ ਕਲੱਬ ਵਾਲੇ ਤੁਹਾਨੂੰ ਘਰ ਤੋਂ ਹੀ ਕਲੱਬ ਤਕ ਲੈ ਜਾਂਦੇ ਹਨ। ਭਾਰਤ ਵਿਚ ਵੀ ਕਈ ਸ਼ਹਿਰਾਂ ਵਿਚ ਅਜਿਹੇ ਪ੍ਰਬੰਧ ਜ਼ਰੂਰ ਹੋਣਗੇ। ਇਨ੍ਹਾਂ ਦਾ ਫਾਇਦਾ ਉਠਾਓ। ਕੋਈ ਨਵੀਂ ਭਾਸ਼ਾ ਸਿੱਖਣੀ ਜਾਂ ਕੋਈ ਹੋਰ ਹੁਨਰ ਨੂੰ ਸਿੱਖਣਾ ਜਾਂ ਵਿਕਸਤ ਕਰਨਾ ਵੀ ਸੰਭਵ ਹੈ। ਸਿਰਫ਼ ਤੁਹਾਡੀ ਇੱਛਾ ਸ਼ਕਤੀ ਤੇ ਆਤਮ ਬਲ ਹੋਣਾ ਚਾਹੀਦਾ ਹੈ। ਮੇਰੇ ਇਕ ਨੇਵੀ ਤੋਂ ਸੇਵਾ ਮੁਕਤ ਮਿੱਤਰ, ਜੋ ਮੇਰੀ ਉਮਰ (ਭਾਵ 78 ਸਾਲ) ਦੇ ਹਨ, ਨੇ ਇਸ ਉਮਰ ਵਿਚ ਫਰੈਂਚ ਦਾ ਡਿਪਲੋਮਾ ਪ੍ਰਾਪਤ ਕੀਤਾ ਹੈ, ਤਬਲਾ ਵਜਾਉਣਾ ਸਿੱਖਿਆ ਹੈ ਤੇ ਕੰਪਿਊਟਰ 'ਤੇ ਪੰਜਾਬੀ ਦੀ ਟਾਈਪਿੰਗ ਕਰਨੀ ਸਿੱਖੀ ਹੈ। ਇਹ ਸਭ ਉਸਨੇ ਸਿਰਫ਼ ਘਰ ਬੈਠੇ ਹੀ ਕੀਤਾ ਹੈ। ਤਬਲਾ ਵਜਾਉਣ ਲਈ ਉਸ ਨੇ ਇਕ ਤਬਲਾ ਮਾਸਟਰ ਤੋਂ ਸਿਖਲਾਈ ਜ਼ਰੂਰ ਲਈ ਹੈ, ਜੋ ਉਸ ਨੂੰ ਘਰ ਸਿਖਾਉਣ ਆਉਂਦਾ ਸੀ। ਹੁਣ ਉਹ ਆਪਣੀਆਂ ਲਿਖਤਾਂ ਆਪ ਟਾਈਪ ਕਰਦਾ ਹੈ। ਉਸ ਨੂੰ ਪੰਜਾਬੀ, ਅੰਗਰੇਜ਼ੀ, ਹਿੰਦੀ, ਉਰਦੂ ਤੇ ਉੜੀਆ ਭਾਸ਼ਾਵਾਂ ਦਾ ਗਿਆਨ ਪਹਿਲਾਂ ਹੀ ਸੀ, ਹੁਣ ਉਸ ਨੇ ਬੰਗਾਲੀ ਭਾਸ਼ਾ ਆਪਣੀ ਨੂੰਹ ਕੋਲੋਂ ਸਿੱਖ ਲਈ ਹੈ। ਇਹ ਕਰਾਮਾਤ ਸਾਰੀ ਸ਼ੌਕਾਂ ਦੀ ਹੈ। ਇਸ ਲਈ ਆਪਣੇ ਸ਼ੌਕ ਵਧਾਓ।

ਜੇ ਤੁਸੀਂ ਪੜ੍ਹੇ ਲਿਖੇ ਹੋ ਤਾਂ ਤੁਸੀਂ ਗਲੀ-ਮੁਹੱਲੇ ਦੇ ਬੱਚਿਆਂ ਨੂੰ ਮੁਫ਼ਤ ਟਿਊਸ਼ਨ ਦੇ ਸਕਦੇ ਹੋ। ਇਸ ਨਾਲ ਤੁਹਾਡਾ ਮਨ ਲੱਗਾ ਰਹੇਗਾ ਅਤੇ ਬੱਚਿਆਂ ਦਾ ਭਲਾ ਹੋ ਜਾਏਗਾ। 'ਪ੍ਰੀਤਲੜੀ' ਦੇ ਬਾਨੀ ਗੁਰਬਖ਼ਸ਼ ਸਿੰਘ ਦਾ ਇਕ ਲੇਖ ਪੜ੍ਹਿਆ ਸੀ, ਜਿਸ ਵਿਚ ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਘਰੋਂ ਬਾਹਰ ਨਿਕਲੋ, ਤੁਹਾਨੂੰ ਕੋਈ ਰਾਹ ਪੁੱਛਣ ਵਾਲਾ ਮਿਲ ਜਾਏਗਾ। ਕਿਸੇ ਹਸਪਤਾਲ ਦੇ ਬਾਹਰ ਖੜ੍ਹੇ ਹੋ ਜਾਓ ਤੇ ਅਣਜਾਨ ਰਾਹੀਆਂ ਨੂੰ ਗਾਇਡੈਂਸ ਦਿਓ। ਜੇ ਇਹ ਮੁਮਕਿਨ ਨਹੀਂ ਤਾਂ ਤੁਸੀਂ ਪਤਨੀ ਦੀ ਸਬਜ਼ੀ ਕੱਟਣ ਵਿਚ ਸਹਾਇਤਾ ਕਰ ਸਕਦੇ ਹੋ। ਮੰਤਵ ਤਾਂ ਸਿਰਫ਼ ਇਹ ਹੈ ਕਿ ਆਪਣੇ ਆਪ ਨੂੰ ਮਸਰੂਫ਼ ਰੱਖੋ। ਕੰਮ ਦੀ ਚੋਣ ਤੁਹਾਡੀ ਆਪਣੀ ਮਰਜ਼ੀ 'ਤੇ ਨਿਰਭਰ ਕਰਦੀ ਹੈ।ਵਡੇਰੀ ਉਮਰ ਦੇ ਫਾਇਦੇ ਹੀ ਫਾਇਦੇ ਹਨ। ਤੁਹਾਡੇ ਦੁਆਲੇ, ਪੋਤੇ, ਪੋਤੀਆਂ ਖੇਡਦੇ ਹਨ। ਉਨ੍ਹਾਂ ਦੀਆਂ ਪਿਆਰੀਆਂ ਕਿਲਕਾਰੀਆਂ ਸੁਣੋ। ਉਨ੍ਹਾਂ ਦੀ ਤੋਤਲੀ ਜ਼ੁਬਾਨ ਦੀਆਂ ਫਰਮਾਇਸ਼ਾਂ ਪੂਰੀਆਂ ਕਰੋ। ਉਹ ਤੁਹਾਡੇ ਸਜੀਵ ਖਿਡਾਉਣੇ ਹਨ। ਆਪਣੇ ਆਪ ਨੂੰ ਚਿੰਤਾ ਮੁਕਤ ਰੱਖੋ। ਹਮੇਸ਼ਾਂ ਆਪਣੇ ਮਨ ਦੀਆਂ ਤਰੰਗਾਂ ਨੂੰ ਜਵਾਨ ਰੱਖੋ। ਸੁਸਤੀ ਦਾ ਜੀਵਨ ਤਿਆਗੋ। ਇਕ ਥਾਂ 'ਤੇ ਬੈਠੇ ਨਾ ਰਹੋ, ਤੁਰੋ-ਫਿਰੋ। ਆਪਣੀ ਸਮਰੱਥਾ ਮੁਤਾਬਿਕ ਕਸਰਤ ਕਰੋ। ਨਹੀਂ ਤਾਂ ਜਿੰਨੀ ਹੋ ਸਕੇ ਸੈਰ ਕਰੋ। ਜੇ ਬੈਠਣਾ ਹੈ ਤਾਂ ਇਕ-ਅੱਧਾ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਕੋਲ ਰੱਖੋ ਅਤੇ ਉਸ ਨੂੰ ਨਿਰੰਤਰ ਪੜ੍ਹਦੇ ਰਹੋ। ਵਕਤ ਸੋਹਣਾ ਬੀਤ ਜਾਵੇਗਾ। ਹਰ ਸਵੇਰ ਉੱਠਣ ਤੋਂ ਬਾਅਦ ਹਫੀਜ਼ ਜਲੰਧਰੀ ਦੀ ਕਵਿਤਾ ਨੂੰ ਦੁਹਰਾਉਂਦਿਆਂ ਬੋਲੋ: ਅਭੀ ਤੋਂ ਮੈਂ ਜਵਾਨ ਹੂੰ।




- ਹਰਦੇਵ ਚੌਹਾਨ

ਕਿਸੇ ਛੋਟੇ ਜਿਹੇ ਬੱਚੇ ਨੂੰ ਪੁੱਛਿਆ ਜਾਵੇ ਕਿ ਉਹ ਵੱਡਾ ਹੋ ਕੇ ਕੀ ਬਣਨਾ ਚਾਹੁੰਦਾ ਹੈ ? ਜਵਾਬ 'ਚ ਉਹ ਬੱਚਾ ਆਪਣਾ ਸਿਰ ਸੁੱਟ ਕੇ ਧਿਆਨ ਨੀਵਾਂ ਕਰ ਲਵੇਗਾ। ਇਸ ਦੇ ਉਲਟ ਸੁਲਝੇ ਹੋਏ ਬਾਹਰਲੇ ਮੁਲਕਾਂ ਦੇ ਛੋਟੇ-ਛੋਟੇ ਬੱਚੇ ਵੀ ਆਪਣੇ ਜੀਵਨ ਦਾ ਨਿਸ਼ਾਨਾ ਮਿੱਥ ਚੁੱਕੇ ਹੁੰਦੇ ਹਨ। ਉਹ ਅਧਿਆਪਕ, ਡਾਕਟਰ, ਫਿਲਮਸਾਜ਼, ਐਨੀਮੇਟਰ, ਪੁਲਿਸ ਅਫਸਰ ਤੇ ਪਾਇਲਟ ਆਦਿ ਬਣਨ ਲਈ ਲੋੜੀਂਦੀ ਪੜ੍ਹਾਈ ਸ਼ੁਰੂ ਕਰ ਕੇ ਅੰਤ ਨੂੰ ਆਪਣਾ ਮਨਚਾਹਿਆ ਜੀਵਨ ਟੀਚਾ ਪ੍ਰਾਪਤ ਕਰ ਲੈਂਦੇ ਹਨ।

ਮਾਂ-ਬਾਪ ਤੇ ਮੌਜੂਦਾ ਵਾਤਾਵਰਨ ਬੱਚੇ ਦੀਆਂ ਆਦਤਾਂ ਸੁਆਰਨ ਤੇ ਵਿਗਾੜਨ 'ਚ ਬੜੇ ਸਹਾਈ ਹੁੰਦੇ ਹਨ। ਦੇਖੋ-ਦੇਖੀ ਇਕ ਸ਼ਰਾਬੀ ਪਿਓ ਦਾ ਬੱਚਾ ਪਾਣੀ ਵੀ ਸ਼ਰਾਬ ਵਾਂਗ ਪੀਂਦਾ ਹੈ, ਉਹ ਸ਼ਰਾਬੀਆਂ ਵਾਂਗ ਜ਼ੀਮਨ 'ਤੇ ਲਿਟਦਾ ਹੈ। ਮਾਂ-ਬਾਪ ਉਸ ਦੀ ਐਕਟਿੰਗ ਵੇਖ ਕੇ ਖ਼ੁਸ਼ ਹੁੰਦੇ ਹਨ। ਬੱਚੇ ਨੇ ਇਹ ਸਾਰਾ ਕੁਝ ਆਪਣੇ ਬਾਪ ਤੋਂ ਸਿੱਖਿਆ ਹੁੰਦਾ ਹੈ। ਇਸ ਲਈ ਉਹ ਸ਼ਰਾਬੀਆਂ ਵਾਲੇ ਖੇਖਣ ਕਰਦਾ ਹੈ। ਬੱਚਾ ਤਾਂ ਬੱਚਾ ਹੁੰਦਾ ਹੈ। ਉਸ ਨੂੰ ਜ਼ਹਿਰ ਵਰਗੀ ਸ਼ਰਾਬ ਦੇ ਭਿਆਨਕ ਨਤੀਜਿਆਂ ਦਾ ਪਤਾ ਨਹੀਂ ਹੁੰਦਾ। ਉਸ ਨੂੰ ਪਤਾ ਨਹੀਂ ਹੁੰਦਾ ਕਿ ਸ਼ਰਾਬ ਪੀਣ ਨਾਲ ਘਰਾਂ ਦੇ ਘਰ ਬਰਬਾਦ ਹੋ ਜਾਂਦੇ ਹਨ। ਜੇ ਬੱਚੇ ਨੂੰ ਸਮਝਾਇਆ ਜਾਵੇ ਕਿ ਗੰਦ 'ਚ ਲਿਟਣ ਵਾਲੇ ਸੂਰ ਤੇ ਸ਼ਰਾਬੀ 'ਚ ਕੋਈ ਖ਼ਾਸ ਫ਼ਰਕ ਨਹੀਂ ਹੁੰਦਾ ਤਾਂ ਬੱਚਾ ਆਪਣੇ ਬਚਪਨ 'ਚ ਹੀ ਸ਼ਰਾਬੀਪੁਣੇ ਨੂੰ ਹਮੇਸ਼ਾਲਈ ਤਿਆਗ ਸਕਦਾ ਹੈ।

ਘਰ-ਘਰ 'ਚ ਸਮਾਰਟਫੋਨ, ਟੀਵੀ ਤੇ ਲੈਪਟਾਪ ਆ ਗਏ ਹਨ। ਬੱਚੇ ਪੜ੍ਹਾਈ ਨਾਲੋਂ ਜ਼ਿਆਦਾ ਇਨ੍ਹਾਂ ਉਪਕਰਨਾਂ ਨੂੰ ਜ਼ਰੂਰੀ ਸਮਝਣ ਲੱਗ ਪਏ ਹਨ। ਉਹ ਲੱਚਰ ਸਮੱਗਰੀ, ਡਰਾਮੇ, ਮਾਰੂ ਖੇਡਾਂ ਤੇ ਫਿਲਮਾਂ ਨੂੰ ਬੜੇ ਗਹੁ ਨਾਲ ਦੇਖਦੇ ਹਨ। ਸਿਗਰਟ ਪੀਂਦੇ ਹੀਰੋ ਤੋਂ ਪ੍ਰਭਾਵਿਤ ਹੋ ਕੇ ਉਹ ਵੀ ਖ਼ਾਲੀ ਕਾਗਜ਼ ਦੀ ਸਿਗਰਟ ਸੁਲਘਾ ਕੇ ਪੀਂਦੇ ਹਨ। ਉਹ ਨਕਲੀ ਧੂੰਏ ਦੇ ਗੁਬਾਰੇ ਬਣਾਉਦੇ ਹਨ ਤੇ ਬੜੇ ਖ਼ੁਸ਼ ਹੁੰਦੇ ਹਨ। ਕਾਗ਼ਜ਼ ਦੀ ਸਿਗਰਟ ਤੋਂ ਬਾਅਦ ਉਹ ਸੱਚਮੁੱਚ ਦੀ ਸਿਗਰਟ ਪੀਣਾ ਲੋਚਦੇ ਹਨ। ਇਧਰੋਂ-ਉਧਰੋਂ ਪੈਸੇ ਚੁਰਾ ਕੇ ਉਹ ਚੋਰੀ ਛਿਪੇ ਸਿਗਰਟ, ਬੀੜੀ ਪੀਂਦੇ ਹਨ। ਉਨ੍ਹਾਂ ਵਿਚਾਰਿਆਂ ਨੂੰ ਸਿਗਰਟ, ਬੀੜੀ ਤੇ ਹੋਰ ਨਸ਼ਿਆਂ ਦੇ ਮਾਰੂ ਨਤੀਜਿਆਂ ਦਾ ਗਿਆਨ ਨਹੀਂ ਹੁੰਦਾ। ਸਿਗਰਟ ਤੇ ਹੋਰ ਨਸ਼ੇ ਸਾਡੇ ਸਾਹ-ਪ੍ਰਬੰਧ ਨੂੰ ਤਹਿਸ-ਨਹਿਸ ਕਰ ਦਿੰਦੇ ਹਨ। ਸਾਹ-ਰੋਗ, ਫੇਫੜਿਆਂ ਦਾ ਕੈਂਸਰ ਤੇ ਦੰਦਾਂ ਦਾ ਖ਼ਰਾਬ ਹੋਣਾ ਤੰਬਾਕੂ ਪੀਣ ਦਾ ਹੀ ਸਿੱਟਾ ਹੁੰਦਾ ਹੈ। ਘਰ 'ਚ ਮਾਪੇ, ਸਕੂਲ 'ਚ ਅਧਿਆਪਕ ਤੇ ਸਮਾਜ 'ਚ ਵੱਡ-ਵਡੇਰੇ ਜੇ ਚਾਹੁਣ ਤਾਂ ਬੱਚਿਆਂ ਨੂੰ ਇਹ ਸਾਰਾ ਕੁਝ ਬੜੀ ਆਸਾਨੀ ਨਾਲ ਸਮਝਾ ਸਕਦੇ ਹਨ।

ਬੱਚੇ ਮਾੜੀਆਂ ਆਦਤਾਂ ਦੇ ਨਾਲ-ਨਾਲ ਚੰਗੀਆਂ ਆਦਤਾਂ ਦਾ ਪ੍ਰਗਟਾਵਾ ਵੀ ਕਰਦੇ ਹਨ। ਬਿਮਾਰ ਮਾਂ ਦੇ ਕੋਲ ਬੈਠਾ ਹੋਇਆ ਇਕ ਬੱਚਾ ਤੀਲੇ ਦਾ ਟੀਕਾ ਬਣਾ ਕੇ ਆਪਣੀ ਮਾਂ ਨੂੰ ਲਗਾਉਂਦਾ ਹੈ। ਇਹ ਵਿਹਾਰ ਬੱਚੇ ਦੀਆਂ ਡਾਕਟਰ ਬਣਨ ਵਾਲੀਆਂ ਰੁਚੀਆਂ ਨੂੰ ਪ੍ਰਗਟਾਉਂਦਾ ਹੈ। ਅਜਿਹੇ ਬੱਚੇ ਨੂੰ ਸਿਹਤ ਵਿਗਿਆਨ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਇਕ ਦਿਨ ਉਹ ਜ਼ਰੂਰ ਡਾਕਟਰ ਬਣ ਸਕਦਾ ਹੈ।

ਘਰ 'ਚ ਪੜ੍ਹਾਈ-ਲਿਖਾਈ ਦਾ ਮਾਹੌਲ ਬੱਚੇ ਨੂੰ ਸਿਆਣਾ ਬਣਨ ਦੀ ਪ੍ਰੇਰਨਾ ਦਿੰਦਾ ਹੈ। ਅਜਿਹੇ ਘਰ 'ਚ ਛੋਟਾ ਜਿਹਾ ਬੱਚਾ ਨਿੱਕੀ ਜਿਹੀ ਸੋਟੀ ਫੜ ਕੇ ਆਪਣੇ ਵੱਡੇ ਭਰਾ ਨੂੰ ਹੋਮਵਰਕ ਕਰਨ ਲਈ ਕਹਿੰਦਾ ਹੈ। ਸੁੱਤੀ ਹੋਈ ਭੈਣ ਨੂੰ ਜਗਾਉਣ ਵਾਲਾ ਕੋਈ ਬੱਚਾ ਜਦੋਂ ਇਹ ਕਹਿੰਦਾ ਹੈ ਕਿ ਦੀਦੀ! ਘੜੀ ਦਾ ਅਲਾਰਮ ਵੱਜ ਚੁੱਕਾ ਹੈ, ਸਕੂਲ ਜਾਣ ਦੀ ਤਿਆਰੀ ਕਰ ਤਾਂ ਉਹ ਬੱਚਾ ਸਮੇਂ ਦੀ ਮਹਾਨਤਾ ਨੂੰ ਸਮਝਣ ਦੇ ਕਾਬਲ ਹੁੰਦਾ ਹੈ। ਅਜਿਹੇ ਬੱਚੇ ਸੁਚੱਜੀ ਅਗਵਾਈ ਨਾਲ ਇਕ ਦਿਨ ਸਮੇਂ ਦੇ ਪਾਬੰਦ ਹੋ ਕੇ ਮਹਾਨ ਨਾਗਰਿਕ ਬਣਨ ਦੇ ਯੋਗ ਹੋ ਜਾਂਦੇ ਹਨ।

ਕਈ ਬੱਚੇ, ਰੋਟੀਆਂ ਪਕਾ ਰਹੀ ਅੰਮੀ ਕੋਲੋਂ ਆਟਾ ਲੈ ਕੇ ਗੱਡੀ ਦਾ ਇੰਜਣ ਬਣਾਉਂਦੇ ਹਨ। ਅਜਿਹੇ ਬੱਚੇ ਮਸ਼ੀਨਰੀ ਵੱਲ ਰੁਚਿਤ ਹੁੰਦੇ ਹਨ। ਇਨ੍ਹਾਂ ਬੱਚਿਆਂ ਨੂੰ ਕਲਪੁਰਜ਼ੇ ਤੇ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਇਹ ਬੱਚੇ ਅੱਗੇ ਚੱਲ ਕੇ ਇੰਜੀਨੀਅਰ ਬਣ ਸਕਦੇ ਹਨ।

ਛੋਟੇ ਬੱਚੇ ਆਪਣੇ ਵੱਡੇ ਭੈਣ-ਭਰਾਵਾਂ ਦੇ ਬਸਤਿਆਂ ਵਿਚੋਂ ਪੈੱਨ-ਪੈਨਸਿਲਾਂ ਕੱਢ ਕੇ ਆਪਣੀ ਕਲਾ ਦੀ ਰੁਚੀ ਦਾ ਪ੍ਰਗਟਾਵਾ ਕਰਨ ਲਈ ਕੰਧਾਂ, ਫਰਸ਼, ਸਿਰਹਾਣੇ ਤੇ ਚਾਦਰਾਂ 'ਤੇ ਇੱਲ-ਬਤੌੜੇ ਝਰੀਟ ਦਿੰਦੇ ਹਨ। ਅਜਿਹਾ ਕਰਨ 'ਤੇ ਮਾਂ-ਪਿਓ ਬੱਚਿਆਂ ਨੂੰ ਪਿਆਰਨ, ਦੁਲਾਰਨ ਦੀ ਥਾਂ ਝਿੜਕਦੇ ਹਨ। ਇਸ ਵਰਤਾਰੇ ਨਾਲ ਬੱਚਿਆਂ ਦੇ ਕੋਮਲ ਮਨਾਂ 'ਚ ਡਰ ਪੈਂਦਾ ਹੋ ਜਾਂਦਾ ਹੈ। ਇਸ ਦੇ ਉਲਟ ਕੰਧਾਂ, ਕੱਪੜਿਆਂ 'ਤੇ ਲਕੀਰਾਂ ਮਾਰਨ ਵਾਲੇ ਬੱਚੇ ਨੂੰ ਇਕ ਸਲੇਟ ਜਾਂ ਕਾਪੀ ਤੇ ਰੰਗੀਨ ਪੈਨਸਿਲ ਲੈ ਦਿਓ। ਫੇਰ ਦੇਖੋ, ਉਹ ਬੱਚਾ ਚਾਈਂ-ਚਾਈਂ ਕਿਵੇਂ ਲਿਖਣਾ-ਪੜ੍ਹਨਾ ਸਿਖਦਾ ਹੈ ਤੇ ਕਿਵੇਂ ਆਪਣੇ ਅੰਦਰ ਲੁਕੀ ਕਲਾ ਨੂੰ ਨਿਖ਼ਾਰਨ ਲਈ ਯਤਨਸ਼ੀਲ ਹੁੰਦਾ ਹੈ। ਸ਼ੁਰੂ ਤੋਂ ਹੀ ਲਿਖਣ-ਪੜ੍ਹਨ ਵਲ ਰੁਚਿਤ ਕੀਤੇ ਹੋਏ ਬੱਚੇ ਹੀ ਅੱਗੇ ਚੱਲ ਕੇ ਦੇਸ਼ ਦੀ ਉਸਾਰੀ ਕਰਨ ਲਈ ਵਧ-ਚੜ੍ਹ ਕੇ ਹਿੱਸੇਦਾਰ ਬਣਦੇ ਹਨ।

ਰਾਕੇਟ, ਮਿਜ਼ਾਈਲਾਂ ਤੇ ਸੈਟੇਲਾਈਟਾਂ 'ਚ ਪਹਿਲਾਂ ਤੋਂ ਹੀ ਨਿਸ਼ਚਿਤ ਸਮਾਂ ਸਾਰਣੀ ਵਾਲੇ ਯੰਤਰ ਤੇ ਕਲਪੁਰਜ਼ੇ ਫਿੱਟ ਕਰ ਦਿੱਤੇ ਜਾਂਦੇ ਹਨ, ਜੋ ਅਜਿਹੇ ਯੰਤਰਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਵਿਚ ਸਹਾਈ ਹੁੰਦੇ ਹਨ। ਕੀ ਮਜ਼ਾਲ ਇਹ ਮਸ਼ੀਨਾਂ ਆਪਣੇ ਮਿੱਥੇ ਹੋਏ ਨਿਸ਼ਾਨੇ ਤੋਂ ਰਤੀ ਭਰ ਵੀ ਇਧਰ-ਉਧਰ ਹੋ ਜਾਣ। ਇਨ੍ਹਾਂ ਮਸ਼ੀਨਾਂ ਵਾਂਗ ਅੱਜ ਦੇ ਬੱਚੇ ਤੇ ਕੱਲ੍ਹ ਦੇ ਵਾਰਿਸਾਂ ਨੂੰ ਚੰਗੇਰੇ ਵਾਤਾਵਰਨ 'ਚ ਸੁਚੱਜੀਆਂ ਆਦਤਾਂ ਸਿਖਾ ਕੇ ਬੜ ਸਿਆਣੇ ਤੇ ਜ਼ਿੰਮੇਵਾਰ ਮਨੁੱਖ ਵੀ ਬਣਾਇਆ ਜਾ ਸਕਦਾ ਹੈ। ਆਪਣੇ ਜੀਵਨ ਦੇ ਨਿਸ਼ਾਨੇ ਪ੍ਰਤੀ ਸੁਚੇਤ ਬੱਚੇ ਕਦਮ-ਬ-ਕਦਮ ਆਪਣੀ ਮਿੱਥੀ ਹੋਈ ਮੰਜ਼ਿਲ 'ਤੇ ਪਹੁੰਚ ਹੀ ਜਾਂਦੇ ਹਨ।



# ਬੱਚਿਆਂ ਨੂੰ ਸਹਿਣਸ਼ੀਲ ਕਿਵੇਂ ਬਣਾਈਏ ?

- ਬਲਜਿੰਦਰ ਮਾਨ

**ਬੱਚਿਆਂ ਪ੍ਰਤੀ ਸਰਕਾਰਾਂ ਨੇ ਕਦੀ ਸੁਹਿਰਦਤਾ ਨਾਲ ਕਾਰਜ ਨਹੀਂ ਕੀਤੇ, ਕਿਉਂਕਿ ਉਹ ਵੋਟਰ ਨਹੀਂ ਹਨ। ਅੱਜ ਦੇ ਬੱਚਿਆਂ ਕੋਲ ਕਿਸੇ ਦੀ ਗੱਲ ਸੁਣਨ ਦੀ ਹਿੰਮਤ ਨਹੀਂ ਰਹੀ। ਸ਼ਾਇਦ ਸਾਡੇ ਘਰਾਂ 'ਚ ਅਜਿਹਾ ਮਾਹੌਲ ਨਹੀਂ ਰਿਹਾ। ਸਭ ਆਪੋ-ਆਪਣੀ ਕਹਿਣ ਤੇ ਮਰਜ਼ੀ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਜੇ ਅਸੀਂ ਖ਼ੁਦ ਵੱਡਿਆਂ ਦੀ ਗੱਲ ਗੌਰ ਨਾਲ ਸੁਣੀਏ ਤਾਂ ਬੱਚਿਆਂ 'ਚ ਵੀ ਅਜਿਹੇ ਗੁਣ ਪੈਦਾ ਹੋ ਸਕਦੇ ਹਨ। ਕਾਰਨ ਸਪਸ਼ਟ ਹੈ ਕਿ ਮਾਪੇ ਉਨ੍ਹਾਂ ਦੀ ਹਰ ਖਾਹਿਸ਼ ਬਿਨਾਂ ਲੋੜ ਪੂਰੀ ਕਰੀ ਜਾ ਰਹੇ ਹਨ।**

ਬੱਚਾ ਕੁਦਰਤ ਦੀ ਸਭ ਤੋਂ ਵੱਡੀ ਕਰਾਮਾਤ ਹੈ। ਇਸ ਕਰਾਮਾਤ 'ਚ ਹੀ ਸਾਰੇ ਸੰਸਾਰ ਦਾ ਭਵਿੱਖ ਛੁਪਿਆ ਹੋਇਐ। ਇਸ ਲਈ ਸਭ ਤੋਂ ਮਹੱਤਵਪੂਰਨ ਬੱਚਾ ਹੈ, ਜਿਸ ਪ੍ਰਤੀ ਸਾਨੂੰ ਬਹੁਤ ਚੇਤੰਨ ਹੋਣ ਦੀ ਲੋੜ ਹੈ। ਮਨੋਵਿਗਿਆਨੀਆਂ ਅਨੁਸਾਰ ਬੱਚੇ ਦੀ ਸ਼ਖ਼ਸੀਅਤ ਦੇ ਨਿਰਮਾਣ 'ਚ ਜੱਦ ਅਤੇ ਵਾਤਾਵਰਨ ਹਿੱਸਾ ਪਾਉਂਦੇ ਹਨ। ਜੱਦੀ ਪ੍ਰਭਾਵ ਨੂੰ ਚੰਗੇ ਵਾਤਾਵਰਨ ਨਾਲ ਬਦਲਿਆ ਜਾ ਸਕਦਾ ਹੈ।ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਅਸੀਂ ਬੱਚਿਆਂ ਵੱਲ ਜ਼ਿਆਦਾ ਧਿਆਨ ਨਹੀਂ ਦੇ ਰਹੇ। ਕੰਮਕਾਜੀ ਮਾਪੇ ਰੋਟੀ-ਰੋਜ਼ੀ ਦੇ ਚੱਕਰ 'ਚ ਬੱਚਿਆਂ ਨੂੰ ਇਕੱਲੇ ਛੱਡ ਕੇ ਨੈੱਟ ਜਾਂ ਟੀਵੀ ਦੇ ਹਵਾਲੇ ਕਰ ਰਹੇ ਹਨ, ਜਦਕਿ ਇਨ੍ਹਾਂ ਸਾਧਨਾਂ ਦੀ ਵਰਤੋਂ ਸੁਚੱਜੇ ਢੰਗ ਨਾਲ ਕਰਨ ਦੀ ਲੋੜ ਹੈ। ਬੱਚਾ ਤਾਂ ਮਾਸੂਮ ਹੈ, ਉਸ ਦੀ ਮਾਸੂਮੀਅਤ ਦਾ ਲਾਭ ਉਠਾ ਕੇ ਵਪਾਰੀ ਲੋਕ ਉਸ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਉਹ ਉਸ ਨੂੰ ਉਸ ਪਾਸੇ ਲਈ ਜਾ ਰਹੇ ਹਨ, ਜਿਸ ਪਾਸੇ ਨਹੀਂ ਜਾਣਾ ਚਾਹੀਦਾ। ਨੈੱਟ ਦੇ ਨਕਾਰਾਤਮਕ ਪ੍ਰਭਾਵ ਇੰਨੇ ਡੂੰਘੇ ਹੋ ਗਏ ਹਨ ਕਿ ਬਹੁਤ ਸਾਰੇ ਬੱਚੇ ਵਿਕਾਸ ਦੀ ਥਾਂ ਪਤਨ ਵੱਲ ਜਾ ਰਹੇ ਹਨ। ਸਿੰਗਲ ਪਰਿਵਾਰਕ ਸਿਸਟਮ 'ਚ ਬੱਚੇ ਨੂੰ ਦਾਦੀ-ਨਾਨੀ ਦਾ ਲਾਡ ਨਹੀਂ ਮਿਲ ਰਿਹਾ ਤੇ ਨਾ ਉਹ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ, ਜਿਨ੍ਹਾਂ ਨਾਲ ਉਸ ਦੇ ਜੀਵਨ 'ਚ ਨਿਖ਼ਾਰ ਆਉਣਾ ਹੁੰਦਾ ਹੈ। ਸਿਰਫ਼ ਨੌਕਰਾਂ ਤੇ ਨੌਕਰਾਣੀਆਂ ਦੇ ਹੱਥਾਂ 'ਚ ਉਨ੍ਹਾਂ ਦਾ ਪਾਲਣ ਪੋਸ਼ਣ ਹੋ ਰਿਹਾ ਹੈ। ਹਾਈ-ਫਾਈ ਸੁਸਾਇਟੀ 'ਚ ਤਾਂ ਬੱਚਿਆਂ ਦੀ ਕਈ-ਕਈ ਦਿਨ ਮਾਪਿਆਂ ਨਾਲ ਮੁਲਾਕਾਤ ਨਹੀਂ ਹੁੰਦੀ। ਉਹ ਨੌਕਰੀ ਤੇ ਬਿਜ਼ਨਸ ਦੇ ਚੱਕਰ 'ਚ ਆਪਣਾ ਨਿੱਜੀ ਸੰਸਾਰ ਭੁੱਲੀ ਫਿਰਦੇ ਹਨ। ਮਾਡਰਨ ਜ਼ਮਾਨੇ ਦੀ ਖੁੱਲ੍ਹੀ ਖੇਡ ਨੇ ਵੀ ਬਾਲ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ। ਅੱਜ-ਕੱਲ੍ਹ ਸਾਡਾ ਬੱਚਿਆਂ ਨਾਲੋਂ ਨਾਤਾ ਟੁੱਟ ਰਿਹਾ ਹੈ। ਆਪਸੀ ਸੰਵਾਦ ਦੀ ਕਮੀ ਕਾਰਨ ਬੱਚੇ ਕੁਰਾਹੇ ਪੈ ਰਹੇ ਹਨ। ਪਿੰਡਾਂ 'ਚ ਵੀ ਹੁਣ ਬੱਚਿਆਂ ਨੂੰ ਬੋਹੜਾਂ ਹੇਠ ਜਾਂ ਹੋਰ ਸਾਂਝੀਆਂ ਥਾਵਾਂ 'ਤੇ ਵੱਡਿਆਂ ਦੀ ਸੰਗਤ ਨਸੀਬ ਨਹੀਂ ਹੋ ਰਹੀ। ਇਸੇ ਕਰਕੇ ਉਹ ਵੱਡਿਆਂ ਦਾ ਆਦਰ ਭੁੱਲ ਰਹੇ ਹਨ। ਬੱਚਿਆਂ ਦਾ ਭਵਿੱਖ ਸ਼ਿੰਗਾਰਨ 'ਚ ਪੁਸਤਕਾਂ ਦੀ ਭੂਮਿਕਾ ਬੜੀ ਅਹਿਮ ਹੈ। ਲੋੜ ਹੈ ਉਨ੍ਹਾਂ ਦੇ ਹੱਥਾਂ 'ਚ ਰੋਚਕ ਤੇ ਉਮਰ ਅਨੁਸਾਰ ਪੁਸਤਕਾਂ ਫੜਾਉਣ ਦੀ, ਜਿਨ੍ਹਾਂ ਨਾਲ ਉਨ੍ਹਾਂ ਅੰਦਰ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਹੋ ਸਕੇ।

ਬੱਚਿਆਂ ਦੀ ਸੰਗਤ ਵੱਲ ਹਰ ਮਾਪੇ ਨੂੰ ਖ਼ਾਸ ਧਿਆਨ ਦੇਣ ਦੀ ਲੋੜ ਹੈ। ਬੱਚਿਆਂ ਪ੍ਰਤੀ ਸਰਕਾਰਾਂ ਨੇ ਕਦੀ ਸੁਹਿਰਦਤਾ ਨਾਲ ਕਾਰਜ ਨਹੀਂ ਕੀਤੇ, ਕਿਉਂਕਿ ਉਹ ਵੋਟਰ ਨਹੀਂ ਹਨ। ਅੱਜ ਦੇ ਬੱਚਿਆਂ ਕੋਲ ਕਿਸੇ ਦੀ ਗੱਲ ਸੁਣਨ ਦੀ ਹਿੰਮਤ ਨਹੀਂ ਰਹੀ। ਸ਼ਾਇਦ ਸਾਡੇ ਘਰਾਂ 'ਚ ਅਜਿਹਾ ਮਾਹੌਲ ਨਹੀਂ ਰਿਹਾ। ਸਭ ਆਪੋ-ਆਪਣੀ ਕਹਿਣ ਤੇ ਮਰਜ਼ੀ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਜੇ ਅਸੀਂ ਖ਼ੁਦ ਵੱਡਿਆਂ ਦੀ ਗੱਲ ਗੌਰ ਨਾਲ ਸੁਣੀਏ ਤਾਂ ਬੱਚਿਆਂ 'ਚ ਵੀ ਅਜਿਹੇ ਗੁਣ ਪੈਦਾ ਹੋ ਸਕਦੇ ਹਨ। ਕਾਰਨ ਸਪਸ਼ਟ ਹੈ ਕਿ ਮਾਪੇ ਉਨ੍ਹਾਂ ਦੀ ਹਰ ਖਾਹਿਸ਼ ਬਿਨਾਂ ਲੋੜ ਪੂਰੀ ਕਰੀ ਜਾ ਰਹੇ ਹਨ। ਜਦੋਂ ਉਨ੍ਹਾਂ ਦੀ ਹਰ ਗੱਲ ਘਰ 'ਚ ਮੰਨੀ ਜਾਂਦੀ ਹੈ ਤਾਂ ਉਹ ਮਨ-ਮਰਜ਼ੀ ਦੇ ਆਦੀ ਹੋ ਜਾਂਦੇ ਹਨ, ਜਿਸ ਕਰਕੇ ਕਿਸੇ ਦੀ ਕਹੀ ਗੱਲ ਉਨ੍ਹਾਂ ਨੂੰ ਝੱਟ ਚੁੱਭਦੀ ਹੈ ਤੇ ਉਹ ਗੁੱਸੇ 'ਚ ਆ ਕੇ ਮਾੜਾ ਚੰਗਾ ਕਰ ਬੈਠਦੇ ਹਨ। ਅਜਿਹੀਆਂ ਮਾੜੀਆਂ ਸਥਿਤੀਆਂ ਤੋਂ ਬਚਣ ਲਈ ਮਾਪਿਆਂ ਨੂੰ ਇਹ ਗੱਲ ਹਰ ਹਾਲ ਘਰ ਦੇ ਮਾਹੌਲ 'ਚ ਪੈਦਾ ਕਰਨੀ ਪਵੇਗੀ ਕਿ ਉਹ ਵੱਡਿਆਂ ਦੀ ਗੱਲ ਨੂੰ ਸੁਣਨ ਦਾ ਆਦੀ ਬਣਨ।ਅੱਜ ਮਾਪਿਆਂ ਅੱਗੇ ਸਭ ਤੋਂ ਵੱਡੀ ਸਮੱਸਿਆ ਹੈ ਬੱਚੇ ਨੂੰ ਸਹਿਣਸ਼ੀਲ ਬਣਾਉਣ ਦੀ। ਇਹ ਤਦ ਹੀ ਸੰਭਵ ਹੈ, ਜੇ ਮਾਪਿਆਂ ਨੇ ਉਸ ਨੂੰ ਸੁਣਨ ਦੀ ਆਦਤ ਸਿਖਾਈ ਹੋਵੇਗੀ। ਜੇ ਘਰ 'ਚ ਬੱਚੇ ਦੀ ਮਰਜ਼ੀ ਚੱਲਦੀ ਹੈ, ਫਿਰ ਤਾਂ ਕੋਈ ਗੱਲ ਕਹਿਣ ਤੋਂ ਪਹਿਲਾਂ ਸੌ ਵਾਰ ਵਿਚਾਰਨਾ ਹੋਵੇਗਾ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਬੱਚਾ ਤੇ ਰੰਬਾ ਚੰਡੇ ਹੋਏ ਹੀ ਠੀਕ ਰਹਿੰਦੇ ਹਨ। ਇਹ ਤੱਥ ਸਦੀਆਂ ਪੁਰਾਣਾ ਹੋ ਕੇ ਅੱਜ ਵੀ ਸੱਚਾ ਹੈ।

ਅਜੋਕੀ ਪੀੜ੍ਹੀ ਦੇ ਬੱਚਿਆਂ ਨੂੰ ਨੈੱਟ ਦੇ ਮਾਇਆ ਜਾਲ ਤੋਂ ਬਚਾਉਣ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਸੁਚੇਤ ਹੋ ਕੇ ਕਾਰਜ ਕਰਨ ਦੀ ਲੋੜ ਹੈ। ਇਸ ਲਈ ਸਭ ਤੋਂ ਪਹਿਲਾ ਕਦਮ ਉਨ੍ਹਾਂ ਦੇ ਮਨ 'ਚ ਬਾਲ ਉਮਰੇ ਰਚਨਾਤਮਕ ਕਾਰਜਾਂ ਪ੍ਰਤੀ ਰੁਚੀ ਪੈਦਾ ਕਰਨ ਲਈ ਨਰੋਈਆਂ ਬਾਲ ਪੁਸਤਕਾਂ ਦੇਣੀਆਂ ਹੋਣਗੀਆਂ। ਨੈਤਿਕਤਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲਾਂ 'ਚ ਪੁਸਤਕ ਲੰਗਰ ਸ਼ੁਰੂ ਕਰਕੇ ਸ਼ਲਾਘਾਯੋਗ ਕਦਮ ਚੁੱਕਿਆ ਹੈ। ਆਓ, ਆਪਾਂ ਸਾਰੇ ਨਰੋਈਆਂ ਤੇ ਰੋਚਕ ਪੁਸਤਕਾਂ ਨੂੰ ਸਾਥੀ ਬਣਾ ਕੇ ਬਾਲ ਮਨਾਂ ਅੰਦਰ ਉੱਚੇ ਵਿਚਾਰ ਤੇ ਸਹਿਣਸ਼ੀਲਤਾ ਵਰਗੇ ਗੁਣ ਭਰੀਏ। ਸਾਡੇ ਘਰਾਂ 'ਚ ਵੱਡਿਆਂ ਦਾ ਆਦਰ ਹੋਣਾ ਬਹੁਤ ਜ਼ਰੂਰੀ ਹੈ, ਜਿੱਥੋਂ ਬੱਚਿਆਂ ਨੇ ਸੰਸਕਾਰੀ ਬਣਨਾ ਹੈ।



# ਧਾਰਨਾ ਹੋਵੇ ਚੰਗੇ ਵਿਹਾਰ ਦੀ

ਚੰਗਾ ਵਿਹਾਰ ਨਾਰੀ ਦੇ ਸੱਭਿਆ ਹੋਣ ਦਾ ਉਹ ਆਈਨਾ ਹੈ, ਜਿਸ ਵਿਚੀਂ ਸਮਾਜ ਨੂੰ ਉਸ ਦੀ ਮਨਮੋਹਕ ਦਿਖ ਦੇ ਦਰਸ਼ਨ ਹੁੰਦੇ ਹਨ। ਇਕ ਕੁਸ਼ਲ ਮਹਿਲਾ ਦਾ ਸਮਾਜ ਵਿਚ ਵਧੇਰੇ ਮਾਣ ਹੁੰਦਾ ਹੈ। ਸ਼ਿਸ਼ਟਾਚਾਰ ਅਤੇ ਵਿਹਾਰ ਕੁਸ਼ਲਤਾ ਇਕ ਅਜਿਹਾ ਜਾਦੂ ਹੈ, ਜਿਸ ਨਾਲ ਲੋਕ ਆਪਣੇ-ਆਪ ਤੁਹਾਡੇ ਵੱਲ ਖਿੱਚੇ ਚਲੇ ਆਉਂਦੇ ਹਨ। ਤੁਹਾਡਾ ਵਿਹਾਰ ਦੂਜੇ ਨੂੰ ਅਡੰਬਰ ਨਹੀਂ ਲਗਣਾ ਚਾਹੀਦਾ, ਸਗੋਂ ਇਹ ਸੁਭਾਵਿਕ ਨਜ਼ਰ ਆਉਣਾ ਚਾਹੀਦਾ ਹੈ। ਜੇਕਰ ਵਿਹਾਰ ਕੁਸ਼ਲਤਾ ਸਥਾਈ ਹੋਵੇ ਤਾਂ ਲੋਕ ਤੁਹਾਡੀ ਪਿੱਠ ਪਿੱਛੇ ਵੀ ਤਾਰੀਫ ਕਰਦੇ ਨਹੀਂ ਥੱਕਦੇ। ਵਿਹਾਰ ਕੁਸ਼ਲਤਾ ਤਾਂ ਤੁਹਾਡੀ ਸਰੀਰਕ ਸੁੰਦਰਤਾ ਦੀ ਕਮੀ ਨੂੰ ਵੀ ਦੂਰ ਕਰ ਦਿੰਦੀ ਹੈ। ਦਰਅਸਲ ਉਹੀ ਸਭ ਤੋਂ ਵੱਧ ਸੁੰਦਰ ਹੁੰਦਾ ਹੈ ਜੋ ਆਪਣੇ ਸ਼ਿਸ਼ਟ ਵਿਹਾਰ ਰਾਹੀਂ ਦੂਜਿਆਂ ਦੇ ਦਿਲਾਂ ਉੱਪਰ ਜਿੱਤ ਹਾਸਲ ਕਰਨ ਦੇ ਸਮਰੱਥ ਹੁੰਦਾ ਹੈ। ਬਿਨਾਂ ਵਿਹਾਰ ਕੁਸ਼ਲਤਾ ਦੇ ਸਰੀਰਕ ਸੁੰਦਰਤਾ ਦਾ ਕੋਈ ਮੁੱਲ ਨਹੀਂ ਹੁੰਦਾ। ਵਿਹਾਰ ਕੁਸ਼ਲਤਾ ਦਾ ਖੇਤਰ ਅਸੀਮਤ ਹੈ। ਇਸ ਦੀ ਲੋੜ ਜੀਵਨ ਦੇ ਹਰ ਖੇਤਰ ਵਿਚ ਅਤੇ ਹਰ ਮੋੜ 'ਤੇ ਹੁੰਦੀ ਹੈ।

**ਗੱਲ ਕਰਨੀ ਵੀ ਇਕ ਕਲਾ**

ਗੱਲ ਕਰਨੀ ਵੀ ਇਕ ਕਲਾ ਹੁੰਦੀ ਹੈ। ਇਹ ਇਕ ਅਹਿਮ ਸਵਾਲ ਹੈ ਕਿ ਤੁਸੀਂ ਆਪਣੇ ਤੋਂ ਛੋਟੇ, ਵੱਡੇ ਅਤੇ ਆਪਣੇ ਬਰਾਬਰ ਵਾਲਿਆਂ ਨਾਲ ਕਿਸ ਤਰੀਕੇ ਨਾਲ ਗੱਲ ਕਰਦੇ ਹੋ? ਸ਼ਿਸ਼ਟਾਚਾਰ ਤਾਂ ਇਹੀ ਕਹਿੰਦਾ ਹੈ ਕਿ ਸਾਹਮਣੇ ਵਾਲਾ ਵਿਅਕਤੀ ਤੁਹਾਡੇ ਤੋਂ ਉਮਰ ਵਿਚ ਭਾਵੇਂ ਛੋਟਾ ਹੈ ਜਾਂ ਵੱਡਾ, ਤੁਹਾਨੂੰ ਉਸ ਨੂੰ 'ਤੁਸੀਂ' ਕਹਿ ਕੇ ਸੰਬੋਧਨ ਕਰਨਾ ਚਾਹੀਦਾ ਹੈ। ਵੱਡਿਆਂ ਨਾਲ ਆਦਰਪੂਰਨ ਢੰਗ ਨਾਲ ਬੋਲਣਾ ਅਤੇ ਵਿਹਾਰ ਕਰਨਾ ਚਾਹੀਦਾ ਹੈ। ਤੁਹਾਡੀ ਆਵਾਜ਼ ਉਸ ਵਿਅਕਤੀ ਤੱਕ ਹੀ ਪਹੁੰਚਣੀ ਚਾਹੀਦੀ ਹੈ, ਜਿਸ ਨੂੰ ਤੁਸੀਂ ਗੱਲ ਸੁਣਾਉਣੀ ਚਾਹੁੰਦੇ ਹੋ। ਉੱਚੀ ਬੋਲਣਾ ਜਾਂ ਚੀਕ-ਚੀਕ ਕੇ ਬੋਲਣਾ ਸ਼ਿਸ਼ਟਾਚਾਰ ਦੇ ਖਿਲਾਫ ਹੈ। ਜੇਕਰ ਤੁਸੀਂ ਸ਼ਿਸ਼ਟਾਚਾਰ ਦੇ ਮੁਤਾਬਿਕ ਕਿਸੇ ਨਾਲ ਗੱਲ ਕਰੋਗੇ ਤਾਂ ਤੁਹਾਡੀ ਗੱਲ ਦਾ ਸਾਹਮਣੇ ਵਾਲੇ ਦੇ ਮਨ ਉੱਪਰ ਸਥਾਈ ਪ੍ਰਭਾਵ ਪਵੇਗਾ।

**ਸਮਾਰੋਹ ਵਿਚ ਵਿਹਾਰ**

ਜੇਕਰ ਤੁਸੀਂ ਕਿਸੇ ਸਮਾਰੋਹ ਵਿਚ ਸ਼ਿਰਕਤ ਕਰਦੇ ਹੋ ਤਾਂ ਵੀ ਤੁਹਾਨੂੰ ਸ਼ਿਸ਼ਟਾਚਾਰ ਦਾ ਧਿਆਨ ਰੱਖਣਾ ਚਾਹੀਦਾ ਹੈ। ਕਿਵੇਂ ਉਠਣਾ-ਬੈਠਣਾ ਚਾਹੀਦਾ ਹੈ, ਕਿਸ ਤਰ੍ਹਾਂ ਖਾਣਾ-ਪੀਣਾ ਚਾਹੀਦਾ ਹੈ, ਇਨ੍ਹਾਂ ਸਭ ਵਿਚ ਸ਼ਿਸ਼ਟਤਾ ਵਰਤਣੀ ਚਾਹੀਦੀ ਹੈ। ਪਾਰਟੀ ਵਿਚ ਜਾਣ ਸਮੇਂ ਕੁਝ ਔਰਤਾਂ ਖਾਣ-ਪੀਣ ਵਾਲੀਆਂ ਚੀਜ਼ਾਂ 'ਤੇ ਟੁੱਟ ਕੇ ਪੈ ਜਾਂਦੀਆਂ ਹਨ, ਜਿਵੇਂ ਕਿ ਉਨ੍ਹਾਂ ਨੇ ਕਈ ਦਿਨਾਂ ਤੋਂ ਕੁਝ ਖਾਧਾ-ਪੀਤਾ ਹੀ ਨਾ ਹੋਵੇ।

ਜੇਕਰ ਖਾਣਾ, ਖਾਣੇ ਦੀ ਮੇਜ਼ ਉੱਪਰ ਬੈਠ ਕੇ ਖਾਧਾ ਜਾ ਰਿਹਾ ਹੈ ਤਾਂ ਸ਼ਿਸ਼ਟਾਚਾਰ ਦੀ ਲੋੜ ਹੋਰ ਵੀ ਵਧ ਜਾਂਦੀ ਹੈ। ਛੋਟੀ-ਛੋਟੀ ਅਤੇ ਵੱਡੀਆਂ-ਵੱਡੀਆਂ ਬੁਰਕੀਆਂ ਮੂੰਹ 'ਚ ਪਾਉਣੀਆਂ ਸ਼ਿਸ਼ਟਾਚਾਰ ਦੇ ਵਿਰੁੱਧ ਹੈ। ਜੇਕਰ ਤੁਸੀਂ ਖਾਣ ਬੈਠੇ ਦੂਜੇ ਵਿਅਕਤੀਆਂ ਨਾਲੋਂ ਪਹਿਲਾਂ ਖਾਣਾ ਖਾ ਲੈਂਦੇ ਹੋ ਤਾਂ ਵੀ ਤੁਹਾਨੂੰ ਉਨ੍ਹਾਂ ਦੇ ਉਠਣ ਤੱਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

**ਸਲੀਕੇ ਨਾਲ ਰਹਿਣਾ ਤੇ ਕੱਪੜੇ ਪਹਿਨਣਾ**

ਸਲੀਕੇ ਨਾਲ ਰਹਿਣਾ ਅਤੇ ਕੱਪੜੇ ਪਹਿਨਣਾ ਵੀ ਸ਼ਿਸ਼ਟਾਚਾਰ ਦਾ ਇਕ ਜ਼ਰੂਰੀ ਅੰਗ ਹੈ। ਜੇਕਰ ਔਰਤਾਂ ਇਸ ਤਰ੍ਹਾਂ ਦੇ ਵਸਤਰ ਪਹਿਨ ਲੈਣ, ਜਿਸ ਵਿਚੀਂ ਸਰੀਰ ਦੇ ਅੰਗ ਨਜ਼ਰ ਆਉਂਦੇ ਹੋਣ ਤਾਂ ਇਹ ਵੀ ਕੋਈ ਚੰਗੀ ਗੱਲ ਨਹੀਂ ਹੈ। ਬਿਨਾਂ ਅੰਗ-ਦਿਖਾਵੇ ਦੇ ਵੀ ਸ਼ਾਲੀਨਤਾ ਨਾਲ ਰਿਹਾ ਜਾ ਸਕਦਾ ਹੈ। ਕੁਝ ਅਜਿਹੀਆਂ ਗੱਲਾਂ ਹੁੰਦੀਆਂ ਹਨ, ਜਿਨ੍ਹਾਂ ਵੱਲ ਸਾਡਾ ਧਿਆਨ ਨਹੀਂ ਜਾਂਦਾ ਪਰ ਉਨ੍ਹਾਂ ਗੱਲਾਂ ਦਾ ਵੀ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ। ਦੂਜੇ ਲੋਕਾਂ ਦੇ ਸਾਹਮਣੇ ਮੂੰਹ ਅੱਡ ਕੇ ਉਬਾਸੀ ਲੈਣਾ, ਜ਼ੋਰ-ਜ਼ੋਰ ਦੀ ਹੱਸਣਾ, ਛਿੱਕ ਮਾਰਨਾ, ਦੰਦ ਕੱਢ-ਕੱਢ ਕੇ ਹੱਸਣਾ ਸ਼ਿਸ਼ਟਤਾ ਦਾ ਸਬੂਤ ਨਹੀਂ ਹੈ।

ਇਹ ਮੰਨਿਆ ਜਾ ਸਕਦਾ ਹੈ ਕਿ ਉਬਾਸੀ, ਖੰਘ, ਛਿੱਕ ਜਾਂ ਹਾਸਾ ਰੋਕਣਾ ਆਪਣੇ ਵੱਸ ਵਿਚ ਨਹੀਂ ਹੁੰਦਾ ਪਰ ਘੱਟੋ-ਘੱਟ ਸ਼ਿਸ਼ਟਤਾ ਦਾ ਤਾਂ ਧਿਆਨ ਰੱਖਿਆ ਹੀ ਜਾਣਾ ਚਾਹੀਦਾ ਹੈ। ਖੰਘਦੇ, ਛਿੱਕ ਮਾਰਦੇ ਹੋਏ ਜਾਂ ਉਬਾਸੀ ਲੈਂਦੇ ਸਮੇਂ ਮੂੰਹ 'ਤੇ ਹੱਥ ਜਾਂ ਰੁਮਾਲ ਰੱਖ ਕੇ ਸ਼ਿਸ਼ਟਾਚਾਰ ਦਾ ਸਬੂਤ ਤਾਂ ਦਿੱਤਾ ਜਾ ਸਕਦਾ ਹੈ।

ਆਪਣੇ ਆਨੰਦ ਲਈ ਦੂਜਿਆਂ ਨੂੰ ਤੰਗੀ ਦੇਣਾ ਵੀ ਸ਼ਿਸ਼ਟਾਚਾਰ ਦੇ ਵਿਰੁੱਧ ਹੈ। ਆਪਣਾ ਰੇਡੀਓ, ਟੇਪ ਰਿਕਾਰਡਰ, ਟੀ. ਵੀ. ਏਨਾ ਉੱਚੀ ਨਹੀਂ ਲਗਾਉਣਾ ਚਾਹੀਦਾ ਕਿ ਆਲੇ-ਦੁਆਲੇ ਰਹਿਣ ਵਾਲਿਆਂ ਨੂੰ ਤਕਲੀਫ ਪਹੁੰਚੇ। ਜੇਕਰ ਤੁਹਾਡੇ ਵਿਚ ਸ਼ਾਲੀਨਤਾ ਅਤੇ ਸ਼ਿਸ਼ਟਾਚਾਰ ਨਹੀਂ ਹੈ ਤਾਂ ਇਸ ਨੂੰ ਅਪਣਾਉਣਾ ਚਾਹੀਦਾ ਹੈ ਤੇ ਇਸ ਨੂੰ ਆਪਣੇ ਸੁਭਾਅ ਦਾ ਅਨਿਖੜਵਾਂ ਅੰਗ ਬਣਾਉਣਾ ਚਾਹੀਦਾ ਹੈ। ਇਹ ਆਦਤ ਸਾਰੀ ਜ਼ਿੰਦਗੀ ਕੰਮ ਆਉਂਦੀ ਹੈ।



**ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਪਛਾਣੋ।ਮੁਸ਼ਕਲਾਂ ਨਾਲ ਲੋਹਾ ਲੈ ਕੇ ਹੀ ਮਨੁੱਖ ਦਾ ਚਰਿੱਤਰ ਚਮਕਦਾ ਹੈ। ਮੁਸ਼ਕਲਾਂ ਨਾਲ ਲੜਨ ਨਾਲ ਹੀ ਮਨੁੱਖ 'ਚ ਸ਼ਕਤੀ ਦਾ ਸੰਚਾਰ ਹੁੰਦਾ ਹੈ ਜਿਸ ਦੇ ਬਲਬੂਤੇ ਉਹ ਸਫਲਤਾ ਹਾਸਲ ਕਰਦਾ ਹੈ। ਸਮੱਸਿਆਵਾਂ ਵੇਲੇ ਯਾਦ ਰੱਖੋ ਕਿ ਜਿਵੇਂ ਸਰਦੀਆਂ ਵਿਚ ਧੁੰਦ ਸੂਰਜ ਦੀ ਰੋਸ਼ਨੀ ਦੇ ਰਾਹ 'ਚ ਵੱਡੀ ਰੁਕਾਵਟ ਬਣਦੀ ਹੈ**

# ਸਮੱਸਿਆਵਾਂ ਤੋਂ ਡਰ ਕਾਹਦਾ?

- ਕੈਲਾਸ਼ ਚੰਦਰ ਸ਼ਰਮਾ,
98774-66607

ਮਨੁੱਖੀ ਜੀਵਨ ਇਕ ਬੰਸਰੀ ਵਾਂਗ ਹੈ ਜਿਸ 'ਚ ਰੁਕਾਵਟਾਂ ਰੂਪੀ ਕਿੰਨੇ ਹੀ ਛੇਕ ਹਨ। ਜ਼ਿੰਦਗੀ ਕਿਸੇ ਦੀ ਵੀ ਕਦੇ ਸਿੱਧੀ ਨਹੀਂ ਚੱਲਦੀ। ਇਸ ਦੀਆਂ ਸੜਕਾਂ 'ਤੇ ਸਮੱਸਿਆਵਾਂ ਦੇ ਖੱਡੇ ਆਉਣੇ ਲਾਜ਼ਮੀ ਹਨ। ਨਹੀਂ ਤਾਂ ਇਹ ਰਾਹੀ ਨੂੰ ਬੇਪਰਵਾਹ ਅਤੇ ਅਵੇਸਲਾ ਬਣਾ ਦਿੰਦੀਆਂ ਹਨ। ਕਈ ਵਾਰ ਇਹ ਸਮੱਸਿਆਵਾਂ ਸਾਡੇ ਰਾਹਾਂ ਵਿਚ ਹਿੱਕ ਤਾਣ ਕੇ ਖਲੋ ਜਾਂਦੀਆਂ ਹਨ ਅਤੇ ਅਜਿਹਾ ਵਾਰ ਕਰਦੀਆਂ ਹਨ ਜੋ ਮਨੁੱਖ ਦੀ ਕਲਪਨਾ ਤੋਂ ਵੀ ਬਾਹਰ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦੀ ਭੀੜ ਵਿੱਚੋਂ ਕੇਵਲ ਉਹੀ ਇਨਸਾਨ ਅੱਗੇ ਨਿਕਲਦੇ ਹਨ ਜੋ ਇਨ੍ਹਾਂ ਨਾਲ ਮੱਥਾ ਲਾਉਂਦੇ ਹਨ। ਜਿਸ ਨੂੰ ਇਨ੍ਹਾਂ ਨੂੰ ਪਾਰ ਕਰਨਾ ਆ ਗਿਆ ਸਮਝੋ ਉਸ ਨੂੰ ਜਿਊਣਾ ਆ ਗਿਆ। ਜ਼ਿੰਦਗੀ ਦੀਆਂ ਸਮੱਸਿਆਵਾਂ ਆਸਾਨ, ਮੁਸ਼ਕਲ ਅਤੇ ਕਈ ਅਸੰਭਵ ਹੁੰਦੀਆਂ ਹਨ। ਜਿਨ੍ਹਾਂ ਵਿਅਕਤੀਆਂ ਨੂੰ ਅਸੰਭਵ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਲੋਕ ਸਾਰੀ ਉਮਰ ਯਾਦ ਕਰਦੇ ਹਨ।

ਜ਼ਿੰਦਗੀ 'ਚ ਆਉਣ ਵਾਲੀਆਂ ਸਮੱਸਿਆਵਾਂ ਦਾ ਪ੍ਰਭਾਵ ਸਾਡੇ 'ਤੇ ਜ਼ਰੂਰ ਪੈਂਦਾ ਹੈ ਪਰ ਮਹੱਤਵਪੂਰਨ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਕਿਸ ਰੂਪ ਵਿਚ ਲੈਂਦੇ ਹਾਂ। ਸਿਆਣੇ ਕਹਿੰਦੇ ਹਨ ਕਿ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਚਾਹ ਦੇ ਕੱਪ ਵਿਚ ਜੰਮੀ ਮਲਾਈ ਦੀ ਤਰ੍ਹਾਂ ਹੁੰਦੀਆਂ ਹਨ ਅਤੇ ਕਾਮਯਾਬ ਉਹੀ ਹੁੰਦੇ ਹਨ ਜਿਨ੍ਹਾਂ ਨੂੰ ਫੂਕ ਮਾਰ ਕੇ ਮਲਾਈ ਨੂੰ ਪਰ੍ਹਾਂ ਹਟਾ ਕੇ ਚਾਹ ਪੀਣਾ ਆਉਂਦਾ ਹੈ। ਸਮੱਸਿਆਵਾਂ ਆਉਣ 'ਤੇ ਨਿਰਾਸ਼ ਜਾਂ ਬੇਚੈਨ ਨਾ ਹੋਵੋ ਬਲਕਿ ਇਨ੍ਹਾਂ ਸਾਹਮਣੇ ਡਟਣ ਲਈ ਤਿਆਰ ਰਹੋ ਕਿਉਂਕਿ ਨਿਰਾਸ਼ਾ ਵਾਲੇ ਜੀਵਨ ਵਿਚ ਕਦੇ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ। ਜਿਸ ਜੀਵਨ ਵਿਚ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ ਉਸ ਦਾ ਵਿਕਾਸ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ। ਇਸ ਲਈ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਕਦੇ ਨਾ ਡਰੋ। ਇਹ ਤਾਂ ਉਸ ਬੈਗ ਵਾਂਗ ਹੁੰਦੀਆਂ ਹਨ ਜਿਸ ਵਿਚ ਕਪਾਹ ਭਰੀ ਹੁੰਦੀ ਹੈ।ਉਨ੍ਹਾਂ ਲੋਕਾਂ ਨੂੰ ਇਹ ਬੈਗ ਭਾਰਾ ਲੱਗਦਾ ਹੈ ਜੋ ਇਸ ਨੂੰ ਕੇਵਲ ਵੇਖਦੇ ਹਨ ਪਰ ਉਨ੍ਹਾਂ ਨੂੰ ਹਲਕਾ ਜੋ ਇਸ ਨੂੰ ਚੁੱਕਦੇ ਹਨ। ਦੁਨੀਆਂ ਦੀ ਕੋਈ ਵੀ ਪਰੇਸ਼ਾਨੀ ਤੁਹਾਡੀ ਹਿੰਮਤ ਤੋਂ ਵੱਡੀ ਨਹੀਂ ਹੈ।ਯਾਦ ਰੱਖੋ ਦੁਨੀਆਂ ਦੀਆਂ ਸਾਰੀਆਂ ਸ਼ਕਤੀਆਂ ਤੁਹਾਡੇ ਅੰਦਰ ਮੌਜੂਦ ਹਨ ਪਰ ਮੁਸ਼ਕਲ ਇਹ ਹੈ ਕਿ ਆਮ ਜ਼ਿੰਦਗੀ ਗੁਜ਼ਾਰਦੇ ਸਮੇਂ ਅਸੀਂ ਕਦੇ ਆਤਮ-ਚਿੰਤਨ ਨਹੀਂ ਕਰਦੇ ਜਿਸ ਦੇ ਸਿੱਟੇ ਵਜੋਂ ਜੀਵਨ ਵਿਚ ਮੁਸ਼ਕਲ ਆਈ ਨਹੀਂ ਕਿ ਭਵਿੱਖ ਦੀ ਚਿੰਤਾ ਵਿਚ ਸੋਚ-ਸੋਚ ਕੇ ਮਨੁੱਖ ਤਨੋ-ਮਨੋਂ ਕਮਜ਼ੋਰ ਹੁੰਦਾ ਜਾਂਦਾ ਹੈ। ਸਮੱਸਿਆਵਾਂ ਤਾਂ ਇੱਕ ਕੱਪੜੇ ਧੋਣ ਵਾਲੀ ਮਸ਼ੀਨ ਵਾਂਗ ਹੁੰਦੀਆਂ ਹਨ ਜੋ ਸਾਨੂੰ ਇੱਧਰ-ਉਧਰ ਹਿਲਾਉਂਦੀਆਂ ਹਨ ਅਤੇ ਅੰਤ ਵਿਚ ਅਸੀਂ ਚਮਕਦਾਰ ਅਤੇ ਪਹਿਲਾਂ ਨਾਲੋਂ ਵੀ ਸਾਫ ਹੋ ਕੇ ਨਿਕਲਦੇ ਹਾਂ। ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਪਛਾਣੋ।ਮੁਸ਼ਕਲਾਂ ਨਾਲ ਲੋਹਾ ਲੈ ਕੇ ਹੀ ਮਨੁੱਖ ਦਾ ਚਰਿੱਤਰ ਚਮਕਦਾ ਹੈ। ਮੁਸ਼ਕਲਾਂ ਨਾਲ ਲੜਨ ਨਾਲ ਹੀ ਮਨੁੱਖ 'ਚ ਸ਼ਕਤੀ ਦਾ ਸੰਚਾਰ ਹੁੰਦਾ ਹੈ ਜਿਸ ਦੇ ਬਲਬੂਤੇ ਉਹ ਸਫਲਤਾ ਹਾਸਲ ਕਰਦਾ ਹੈ। ਸਮੱਸਿਆਵਾਂ ਵੇਲੇ ਯਾਦ ਰੱਖੋ ਕਿ ਜਿਵੇਂ ਸਰਦੀਆਂ ਵਿਚ ਧੁੰਦ ਸੂਰਜ ਦੀ ਰੋਸ਼ਨੀ ਦੇ ਰਾਹ 'ਚ ਵੱਡੀ ਰੁਕਾਵਟ ਬਣਦੀ ਹੈ ਪਰ ਸੂਰਜ ਇਸ ਨੂੰ ਮੇਟ ਕੇ ਆਪਣੀ ਲੋਅ ਧਰਤੀ ਤੱਕ ਲੈ ਆਉਂਦਾ ਹੈ, ਉਸੇ ਤਰ੍ਹਾਂ ਆਤਮ-ਚਿੰਤਨ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਦੇ ਹੋਏ ਅੱਗੇ ਵਧੋ, ਇਹ ਤੁਹਾਡੇ ਲਈ ਰਾਹ ਖਾਲੀ ਕਰੀ ਜਾਣਗੀਆਂ। ਜਦੋਂ ਕੁਦਰਤ ਨੇ ਸਾਨੂੰ ਚਮਕਾਉਣਾ ਹੋਵੇ ਤਾਂ ਸਾਡਾ ਦਾਖਲਾ ਉਹ ਮੁਸੀਬਤਾਂ ਦੇ ਸਕੂਲ ਵਿਚ ਕਰਵਾ ਦਿੰਦੀ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ: ਚੱਲਣ ਦੀ ਕੋਸ਼ਿਸ਼ ਤਾਂ ਕਰੋ, ਦਿਸ਼ਾਏਂ ਬਹੁਤ ਨੇ। ਰਾਸਤੇ ਮੇਂ ਬਿਖਰੇ ਕਾਂਟੋਂ ਸੇ ਨਾ ਡਰੋ, ਤੁਮਹਾਰੇ ਸਾਥ ਦੁਆਏਂ ਬਹੁਤ ਹੈਂ। ਸਮੱਸਿਆਵਾਂ ਜ਼ਿਆਦਾਤਰ ਸਾਡੀ ਗੈਰਜ਼ਿੰਮੇਵਾਰੀ ਦਾ ਨਤੀਜਾ ਹੁੰਦੀਆਂ ਹਨ।ਉਹ ਕੰਮ ਜੋ ਸਾਨੂੰ ਉਸ ਸਮੇਂ ਕਰਨੇ ਚਾਹੀਦੇ ਸਨ ਜਦੋਂ ਉਨ੍ਹਾਂ ਦਾ ਵਕਤ ਸੀ ਨਹੀਂ ਕੀਤੇ, ਉਹ ਅੱਗੇ ਚੱਲ ਕੇ ਸਮੱਸਿਆਵਾਂ ਬਣ ਗਏ। ਬਹੁਤੇ ਵਾਰ ਸਮੱਸਿਆਵਾਂ ਸਾਡੇ ਆਪਣੇ ਵਿਵਹਾਰ ਦੀ ਹੀ ਦੇਣ ਹੁੰਦੀਆਂ ਹਨ। ਜੋ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਉਸ ਦਾ ਜੀਵਨ ਸੰਕਟਾਂ ਵਿੱਚ ਘਿਰ ਜਾਂਦਾ ਹੈ। ਨਿਯਮਾਂ ਦੀ ਪਾਲਣਾ ਨਾ ਕਰਨ ਵਾਲਾ ਮਨੁੱਖ ਅਨੁਸ਼ਾਸਨ ਗੁਆ ਬੈਠਦਾ ਹੈ ਜਿਸ ਕਰਕੇ ਉਸ ਦਾ ਜੀਵਨ ਚੁਣੌਤੀਆਂ ਵਿਚ ਫਸ ਜਾਂਦਾ ਹੈ। ਜਦੋਂ ਵਿਅਕਤੀ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਹੋਇਆ ਆਪਣੀਆਂ ਅੰਦਰਲੀਆਂ ਅਤੇ ਬਾਹਰਲੀਆਂ ਅੱਖਾਂ ਗੁਆ ਲੈਂਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਅਕਤੀ ਦਾ ਦੂਹਰਾ ਆਚਰਣ ਵੀ ਸਾਡੀਆਂ ਸਮੱਸਿਆਵਾਂ ਦੀ ਜੜ੍ਹ ਹੈ। ਦੋਗਲੀ ਜ਼ਿੰਦਗੀ ਜਿਊਣ ਵਾਲੇ ਅਜਿਹੇ ਵਿਅਕਤੀ ਦੀ ਅੰਤਰ-ਆਤਮਾ ਉਸ ਨੂੰ ਹਰ ਵੇਲੇ ਦੁਰਕਾਰਦੀ ਰਹਿੰਦੀ ਹੈ ਜਿਸ ਕਾਰਨ ਉਸ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਦਾ ਕੋਈ ਹੱਲ ਨਹੀਂ ਲੱਭਦਾ।ਸਾਡੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਵੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਬਣਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਤੈਰਣਾ ਸਿੱਖਣਾ ਹੈ ਤਾਂ ਪਾਣੀ ਵਿਚ ਉਤਰਨਾ ਹੀ ਪਵੇਗਾ।

ਅਸੀਂ ਜੀਵਨ ਵਿਚ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਉਨ੍ਹਾਂ ਵਿਚ ਹੀ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ ਜਿਸ ਕਾਰਨ ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਵੀ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ। ਇਹ ਠੀਕ ਹੈ ਕਿ ਜਿਵੇਂ ਸਾਗਰ ਲਹਿਰਾਂ ਤੋਂ ਬਿਨਾ ਨਹੀਂ ਹੁੰਦਾ, ਓਵੇਂ ਜ਼ਿੰਦਗੀ ਵੀ ਤਕਲੀਫਾਂ, ਮੁਸ਼ਕਿਲਾਂ ਤੋਂ ਬਿਨਾ ਨਹੀਂ ਹੁੰਦੀ। ਸਤਰੰਗੀ ਪੀਂਘ ਬਣਾਉਣ ਲਈ ਮੀਂਹ ਅਤੇ ਧੁੱਪ ਦੋਵਾਂ ਦਾ ਹੋਣਾ ਜ਼ਰੂਰੀ ਹੈ ਪਰ ਸਮੱਸਿਆਵਾਂ ਕੋਈ ਇੰਨੀਆਂ ਤਾਕਤਵਰ ਨਹੀਂ ਹੁੰਦੀਆਂ ਜਿੰਨੀਆਂ ਅਸੀਂ ਉਨ੍ਹਾਂ ਨੂੰ ਸਮਝ ਲੈਂਦੇ ਹਾਂ।ਕਦੇ ਸੁਣਿਆ ਹੈ ਕਿ 'ਅੰਧੇਰੋਂ ਨੇ ਸੁਬਹ ਨਾ ਹੋਣੇ ਦੀ ਹੋ'।ਕਾਮਯਾਬੀ ਦਾ ਜਨੂੰਨ ਹੋਣਾ ਚਾਹੀਦਾ ਹੈ ਮੁਸ਼ਕਿਲਾਂ ਦੀ ਕੀ ਔਕਾਤ ਹੈ ਕਿ ਤੁਹਾਡਾ ਰਾਹ ਰੋਕ ਸਕਣ।ਜੇਕਰ ਜ਼ਿੰਦਗੀ ਦੇ ਉਤਰਾਵਾਂ ਨੂੰ ਸਬਰ ਨਾਲ ਸਹਿਣ ਕਰ ਲਿਆ ਜਾਵੇ ਤਾਂ ਸਮੱਸਿਆਵਾਂ ਨੂੰ ਸਲਝਾਉਣ ਵਿਚ ਵੀ ਆਨੰਦ ਮਿਲਦਾ ਹੈ। ਜ਼ਿੰਮੇਵਾਰ ਬਣਨ ਅਤੇ ਸਮਝ ਕੇ ਫੈਸਲੇ ਕਰਨ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰੀਏ। ਕੋਈ ਸਾਡੇ ਮਸਲੇ ਹੱਲ ਨਹੀਂ ਕਰੇਗਾ ਐਵੇਂ ਅਵੇਸਲੇ ਹੀ ਦਰਿਆ ਦੇ ਕਿਨਾਰੇ ਬੈਠ ਕੇ ਪਿਆਸੇ ਨਾ ਮਰੀਏ। ਦੁਨੀਆਂ ਦੀ ਸਭ ਤੋਂ ਵਧੀਆ ਕਿਤਾਬ ਅਸੀਂ ਖ਼ੁਦ ਹਾਂ। ਖ਼ੁਦ ਨੂੰ ਸਮਝ ਲਓ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਜਾਵੇਗਾ।ਜ਼ਿੰਦਗੀ ਦੀ ਗੁਣਾਤਮਕਤਾ ਓਨੀ ਦੇਰ ਨਹੀਂ ਸੁਧਰਦੀ ਜਿੰਨੀ ਦੇਰ ਤੱਕ ਸਾਡੇ ਵਿਚਾਰ ਅਤੇ ਸਾਡੇ ਸੋਚਣ ਦੇ ਤਰੀਕੇ ਨਹੀਂ ਸੁਧਰਦੇ। ਜਦੋਂ ਜੀਵਨ ਵਿਚ ਸਮੱਸਿਆਵਾਂ ਆਉਣ ਤਾਂ ਬੇਚੈਨ ਹੋਣ ਦੀ ਬਜਾਏ ਸ਼ਾਂਤ ਰਹਿ ਕੇ ਵਿਚਾਰ ਕਰੋ ਹੱਲ ਜ਼ਰੂਰ ਨਿਕਲੇਗਾ।

ਸਿਆਣੇ ਕਹਿੰਦੇ ਹਨ ਕਿ ਹਰ ਸਮੱਸਿਆ ਵਿਚ ਕੋਈ ਦਿਲਚਸਪ ਗੱਲ ਲੁਕੀ ਹੁੰਦੀ ਹੈ।ਮਜ਼ਾ ਇਸ ਵਿਚ ਹੈ ਕਿ ਅਸੀਂ ਉਸ ਨੂੰ ਲੱਭ ਲਈਏ। ਇਕ ਪ੍ਰੇਰਕ ਦੇ ਦੱਸਣ ਅਨੁਸਾਰ ਹਰ ਸਮੱਸਿਆ ਵਿਚ ਇਕ ਕਮਜ਼ੋਰ ਜਗ੍ਹਾ ਹੁੰਦੀ ਹੈ।ਇਹ ਤੁਹਾਡੇ ਵੱਲ ਵੇਖ ਕੇ ਲੁਕਣਮੀਟੀ ਖੇਡਣ ਲਈ ਬੁਲਾ ਰਹੀ ਹੁੰਦੀ ਹੈ। ਇਸ ਨੂੰ ਲੱਭ ਲੈਣ ਨਾਲ ਸਮੱਸਿਆ ਤਾਂ ਹੱਲ ਹੋ ਹੀ ਜਾਵੇਗੀ ਨਾਲ ਹੀ ਇਸ ਵਿਚੋਂ ਇੱਕ ਅਨੋਖੀ ਚੀਜ਼ ਵੀ ਨਿਕਲ ਕੇ ਆਉਂਦੀ ਹੈ ਜੋ ਜੀਵਨ ਵਿਚ ਸਾਡੇ ਕਦਮ ਅੱਗੇ ਤੋਂ ਅੱਗੇ ਵਧਾਉਣ ਲਈ ਲਾਹੇਵੰਦ ਹੁੰਦੀ ਹੈ। ਇਸ ਲਈ ਗਹਿਰਾਈ ਨਾਲ ਵਿਚਾਰ ਕਰਦੇ ਹੋਏ ਇਨ੍ਹਾਂ ਦਾ ਹੱਲ ਲਭੋ ਕਿਉਂਕਿ ਲਾਜਵਾਬ ਮੋਤੀ ਕਦੇ ਕਿਨਾਰਿਆਂ ਤੋਂ ਨਹੀਂ ਮਿਲਦੇ।ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰੋਗੇ ਹਰ ਪਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਮਿਲੇਗਾ।

# ਕਰੋ ਘਰ ਦਾ ਖਿਆਲ

- ਕਰੰਟ ਤੋਂ ਬਚਣ ਲਈ ਜੇ ਘਰ ਵਿਚ ਅਰਥਿੰਗ ਨਾ ਹੋਵੇ ਤਾਂ ਸਭ ਤੋਂ ਪਹਿਲਾਂ ਉਸ ਦਾ ਪ੍ਰਬੰਧ ਕਰੋ।
- ਘਰ ਦੇ ਰੰਗ, ਖਾਸ ਕਰਕੇ ਘਰ ਦੇ ਬਾਹਰਲੇ ਪਾਸੇ ਵਾਟਰਪਰੂਫ ਰੰਗ ਕਰਵਾਓ।
- ਜੇ ਬਾਹਰ ਬਾਲਕੋਨੀ ਆਦਿ ਵਿਚ ਮਾਰਬਲ ਲੱਗਾ ਹੈ ਤਾਂ ਉਸ ਦੀ ਸਫਾਈ 'ਤੇ ਵਿਸ਼ੇਸ਼ ਧਿਆਨ ਦਿਓ। ਮਾਰਬਲ ਦਾ ਰੰਗ ਬਦਲ ਸਕਦਾ ਹੈ। ਜੇ ਟਾਇਲਾਂ ਲੱਗੀਆਂ ਹਨ ਤਾਂ ਟੁੱਟੀਆਂ ਟਾਇਲਾਂ ਨੂੰ ਬਦਲਵਾ ਲਓ, ਨਹੀਂ ਤਾਂ ਪਾਣੀ ਟੁੱਟੀਆਂ ਟਾਇਲਾਂ ਵਿਚ ਜਮ੍ਹਾਂ ਹੋ ਸਕਦਾ ਹੈ, ਜੋ ਬਾਕੀ ਟਾਇਲਾਂ ਲਈ ਵੀ ਨੁਕਸਾਨਦੇਹ ਹੋ ਸਕਦਾ ਹੈ।
- ਘਰ ਵਿਚ ਕੋਈ ਟੁੱਟਿਆ ਡੱਬਾ, ਗਮਲਾ ਅਜਿਹਾ ਨਾ ਹੋਵੇ, ਜਿਸ ਵਿਚ ਪਾਣੀ ਰੁਕਿਆ ਰਹੇ ਅਤੇ ਉਥੇ ਡੇਂਗੂ ਦੇ ਮੱਛਰ ਆਪਣਾ ਘਰ ਬਣਾ ਲੈਣ।
- ਘਰ ਵਿਚ ਸਵਿੱਚ, ਤਾਰਾਂ, ਪਲੱਗ ਜੇ ਠੀਕ ਨਾ ਹੋਣ ਤਾਂ ਪਹਿਲਾਂ ਹੀ ਠੀਕ ਕਰਵਾ ਲਓ।
- ਘਰ ਵਿਚ ਕਿਤੇ ਕੋਈ ਸੁਰਾਖ ਦਿਖਾਈ ਦੇਵੇ ਤਾਂ ਤੁਰੰਤ ਸੀਮੈਂਟ ਨਾਲ ਉਸ ਨੂੰ ਭਰਵਾ ਲਓ ਤਾਂ ਕਿ ਬਰਸਾਤੀ ਕੀੜੇ ਨਾ ਆ ਸਕਣ।
- ਜੇ ਘਰ ਵਿਚ ਗਲੀਚਾ ਵਿਛਿਆ ਹੋਵੇ ਤਾਂ ਉਸ ਨੂੰ ਬਰਸਾਤਾਂ ਤੋਂ ਪਹਿਲਾਂ ਇਕੱਠਾ ਕਰਕੇ ਪਲਾਸਟਿਕ ਦੀ ਸ਼ੀਟ ਨਾਲ ਢਕ ਦਿਓ ਤਾਂ ਕਿ ਨਮੀ ਨਾ ਆ ਸਕੇ।



- ਜੇ ਤੁਹਾਡੇ ਘਰ ਲੈਦਰ ਸੋਫਾ ਹੈ ਤਾਂ ਹਰ 15 ਦਿਨਾਂ ਬਾਅਦ ਕਵਰ ਨੂੰ ਸੁੱਕੇ ਕੱਪੜੇ ਨਾਲ ਚੰਗੀ ਤਰ੍ਹਾਂ ਸਾਫ਼ ਕਰੋ।
- ਪਰਦਿਆਂ ਨੂੰ ਮੋੜ ਕੇ ਡੋਰੀ ਨਾਲ ਬੰਨ੍ਹ ਦਿਓ। ਧੂੜ-ਮਿੱਟੀ ਜੰਮਣ 'ਤੇ ਉਨ੍ਹਾਂ ਨੂੰ ਵੈਕਿਊਮ ਕਲੀਨਰ ਨਾਲ ਸਾਫ਼ ਕਰੋ। ਬਰਸਾਤਾਂ ਵਿਚ ਪਰਦੇ ਧੋਣ 'ਤੇ ਉਨ੍ਹਾਂ ਨੂੰ ਸੁਕਾਉਣਾ ਮੁਸ਼ਕਿਲ ਹੁੰਦਾ ਹੈ।
- ਜੁੱਤੀਆਂ ਵਿਚ ਅਖ਼ਬਾਰ ਤੁੰਨ ਦਿਓ ਤਾਂ ਕਿ ਨਮੀ ਤੋਂ ਬਚੀਆਂ ਰਹਿਣ। ਗਿੱਲੀ ਜੁੱਤੀ ਪਹਿਨਣ ਨਾਲ ਪੈਰਾਂ ਵਿਚ ਸੰਕ੍ਰਮਣ ਹੋ ਸਕਦਾ ਹੈ।
- ਜੁੱਤੀਆਂ ਵਾਲੇ ਰੈਕ ਵਿਚ ਘੱਟ ਪਾਵਰ ਵਾਲਾ ਬਲਬ ਲਗਾਓ, ਜਿਸ ਨਾਲ ਉਸ ਵਿਚ ਨਮੀ ਨਹੀਂ ਰਹੇਗੀ।
- ਕੂਲਰ ਦਾ ਪਾਣੀ ਹਫਤੇ ਵਿਚ ਇਕ ਵਾਰ ਕੱਢ ਕੇ, ਸਾਫ਼ ਕਰਕੇ ਉਸ ਵਿਚ ਮਿੱਟੀ ਦਾ ਤੇਲ ਜਾਂ ਤਾਰਪੀਨ ਦਾ ਤੇਲ ਪਾਓ ਤਾਂ ਕਿ ਮੱਛਰ ਨਾ ਪਣਪ ਸਕੇ।

✤ ਗੁਰਮੀਤ ਸਿੰਘ ਪਲਾਹੀ




> **ਵਾਹਨਾਂ ਵਿੱਚ ਵਿਕਰੀ ਵਿੱਚ ਆਈ ਰੁਕਾਵਟ ਕਾਰਨ ਪਿਛਲੇ ਤਿੰਨ ਮਹੀਨਿਆਂ ਵਿੱਚ ਸਥਾਨਕ ਡੀਲਰਾਂ ਨੇ ਦੇਸ਼ ਭਰ ਵਿੱਚ ਲਗਭਗ ਦੋ ਲੱਖ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾ ਦਿੱਤਾ**

# ਕੀ ਭਾਰਤ ‘ਚ ਰਹਿੰਦਾ ਆਮ ਆਦਮੀ ਕਦੇ ਆਪਣੇ ਸੁਪਨੇ ਪੂਰੇ ਕਰ ਸਕੇਗਾ?

15 ਅਗਸਤ 1947 ਨੂੰ ਦੇਸ਼ ਭਾਰਤ ਆਜ਼ਾਦ ਹੋਇਆ। ਅੱਜ ਬਹੱਤਰ ਵਰ੍ਹੇ ਆਜ਼ਾਦੀ ਦੇ ਪੂਰੇ ਹੋ ਗਏ ਹਨ। ਸਦੀ ਦਾ ਲਗਭਗ ਤਿੰਨ ਚੌਥਾਈ ਹਿੱਸਾ ਪੂਰਾ ਕਰ ਲਿਆ ਹੈ ਭਾਰਤ ਨੇ। ਇਹਨਾਂ ਵਰ੍ਹਿਆਂ ਵਿੱਚ ਦੇਸ਼ ਦੇ ਬੁਨਿਆਦੀ ਢਾਂਚੇ ਵਿੱਚ ਤਬਦੀਲੀ ਵੇਖਣ ਨੂੰ ਮਿਲੀ ਹੈ। ਗਗਨ ਚੁੰਬੀ ਇਮਾਰਤਾਂ, ਵੱਡੇ-ਵੱਡੇ ਪੁਲ, ਸੜਕਾਂ, ਮਾਲਜ਼, ਸੁੰਦਰ ਰਿਹਾਇਸ਼ੀ ਕਲੋਨੀਆਂ ਭਾਰਤ ਦੇ ਇੱਕ ਰੰਗ ਦੀ ਤਸਵੀਰ ਪੇਸ਼ ਕਰ ਰਹੀਆਂ ਹਨ। ਸਰਕਾਰ ਵਲੋਂ ਦੁਨੀਆ ਦੀਆਂ ਵੱਡੀਆਂ ਅਰਥ-ਵਿਵਸਥਾ ਵਿੱਚ ਭਾਰਤ ਦਾ ਨਾਮ ਸ਼ਾਮਲ ਕਰਨ ਲਈ ਭਰਪੂਰ ਯਤਨ ਹੋ ਰਹੇ ਹਨ। ਦੇਸ਼ ਨੂੰ ਸੁਰੱਖਿਆ ਪੱਖੋਂ ਮਜ਼ਬੂਤ ਕਰਨ ਲਈ ਕਾਫੀ ਕੁਝ ਕੀਤਾ ਜਾ ਰਿਹਾ ਹੈ। ਇੰਨੇ ਵਰ੍ਹਿਆਂ ਦੀ ਆਜ਼ਾਦੀ ਯਾਤਰਾ ਵਿੱਚ ਆਮ ਆਦਮੀ ਅਲੋਪ ਹੁੰਦਾ ਜਾ ਰਿਹਾ ਹੈ, ਭਾਵੇਂ ਕਿ ਆਮ ਆਦਮੀ ਦੇ ਨਾਮ ਉੱਤੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਬਹੁਤ ਕੁਝ ਕਰਨ ਦਾ ਦਾਅਵਾ ਕੀਤਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸਭ ਲਈ ਭੋਜਨ ਕਾਨੂੰਨ ਪਾਸ ਹੋਣ ਦੇ ਬਾਵਜੂਦ ਵੀ 19 ਕਰੋੜ ਦੇਸ਼ ਵਾਸੀਆਂ ਨੂੰ ਦਿਨ ਵਿੱਚ ਇੱਕ ਡੰਗ ਦਾ ਭੋਜਨ ਕਿਉਂ ਨਹੀਂ ਨਸੀਬ ਹੁੰਦਾ ਹੈ? ਲਗਭਗ ਅੱਧੀ ਅਬਾਦੀ ਕੋਲ ਘਰਾਂ ਵਿੱਚ ਪੱਕੇ ਪਖਾਨੇ ਨਹੀਂ। ਦੇਸ਼ ਦੇ ਸਭਨਾਂ ਪਿੰਡਾਂ ਵਿੱਚ ਬਿਜਲੀ ਸਪਲਾਈ ਪਹੁੰਚਾਉਣ ਦੀ ਗੱਲ ਸਰਕਾਰਾਂ ਕਰਦੀਆਂ ਹਨ, ਪਰ ਪਿੰਡਾਂ ਦੀ ‘ਇੱਕ ਭਾਰੀ ਗਿਣਤੀ’ ਦੇ ਕੱਚੇ ਘਰਾਂ ਵਿੱਚ ਬਿਜਲੀ ਨਹੀਂ ਪਹੁੰਚੀ। ਸਿੱਖਿਆ, ਸਿਹਤ ਸੇਵਾਵਾਂ ਪਹੁੰਚਾਉਣ ਦੀ ਗੱਲ ਤਾਂ ਦੂਰ ਦੀ ਗੱਲ ਹੈ। ਸਰਕਾਰਾਂ ਸਬਸਿਡੀਆਂ ਐਲਾਨ ਕੇ ਆਮ ਲੋਕਾਂ ਨੂੰ ਖੁਸ਼ ਕਰਦੀਆਂ ਹਨ, ਉਹਨਾਂ ਲਈ ਨਿੱਤ ਨਵੀਆਂ ਸਕੀਮ ਬਣਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਹ ਸਕੀਮਾਂ ਉਹਨਾਂ ਤੱਕ ਪਹੁੰਚਦੀਆਂ ਵੀ ਹਨ? ਅਸਲ ਵਿੱਚ ਦੇਸ਼ ਕਰਜ਼ਾਈ ਹੋਇਆ ਪਿਆ ਹੈ, ਇਸਦੀ ਅਰਥ-ਵਿਵਸਥਾ ਚਰਮਰਾਈ ਹੋਈ ਹੈ, ਪ੍ਰਬੰਧਕੀ ਢਾਂਚਾ ਅਤੇ ਸਰਕਾਰੀ ਮਸ਼ੀਨਰੀ ਆਪਹੁਦਰੀ ਹੋ ਚੁੱਕੀ ਹੈ ਤੇ ਆਮ ਆਦਮੀ ਦੇਸ਼ ਵਿੱਚ ਨੁਕਰੇ ਲਗਾ ਦਿੱਤਾ ਗਿਆ ਹੈ। ਜੂਨ ਦੇ ਮਹੀਨੇ ਕੋਲਾ, ਕੱਚਾ ਤੇਲ, ਕੁਦਰਤੀ ਗੈਸ, ਖਾਦ, ਲੋਹਾ, ਸੀਮਿੰਟ, ਬਿਜਲੀ ਅਤੇ ਰੀਫਾਈਨਰੀ ਉਤਪਾਦ ਜਿਹੇ ਅੱਠ ਬੁਨਿਆਦੀ ਉਦਯੋਗਾਂ ਦੀ ਵਿਕਾਸ ਦਰ ਸਿਰਫ 0.2 ਫੀਸਦੀ ਰਹੀ, ਜੋ ਪਿਛਲੇ ਚਾਰ ਸਾਲਾਂ ਵਿੱਚ ਸਭ ਤੋਂ ਹੇਠਲੇ ਪੱਧਰ ‘ਤੇ ਹੈ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਾਡੀ ਅਰਥ-ਵਿਵਸਥਾ ਦੀ ਬੁਨਿਆਦੀ ਹਾਲਤ ਤਰਸਯੋਗ ਹੈ। ਕੈਗ ਦੀ ਰਿਪੋਰਟ ਦੱਸਦੀ ਹੈ ਕਿ ਮੌਜੂਦਾ ਵਿੱਤ ਵਰ੍ਹੇ ਦੀ ਪਹਿਲੀ ਤਿਮਾਹੀ ਵਿੱਚ ਸਾਡੇ ਦੇਸ਼ ਦੇ ਖਜ਼ਾਨੇ ਵਿੱਚ ਸਿਰਫ਼ 1.4 ਫੀਸਦੀ ਵਾਧਾ ਹੀ ਵੇਖਣ ਨੂੰ ਮਿਲਿਆ, ਜਦਕਿ ਬਜਟ ਵਿੱਚ 18.3 ਫੀਸਦੀ ਵਾਧੇ ਦਾ ਨਿਸ਼ਾਨਾ ਮਿਥਿਆ ਗਿਆ ਸੀ। ਅੰਤਰਰਾਸ਼ਟਰੀ ਰੇਟਿੰਗ ਏਜੰਸੀ ਕਿਰਿਸਿਲ ਨੇ ਭਾਰਤ ਦੇ ਆਰਥਿਕ ਵਿਕਾਸ ਦੀ ਦਰ ਦਾ ਅਨੁਮਾਨ 7.1 ਫੀਸਦੀ ਤੋਂ ਘਟਾ ਕੇ 6.9 ਕਰ ਦਿੱਤਾ ਹੈ। ਸਿੱਟਾ ਦੇਸ਼ ਦੇ ਉਦਯੋਗਪਤੀ ਤੇ ਵਿਦੇਸ਼ੀ ਨਿਵੇਸ਼ਕ ਭਾਰਤ ਵਿੱਚ ਨਿਵੇਸ਼ ਕਰਨ ਤੋਂ ਮੂੰਹ ਮੋੜ ਰਹੇ ਹਨ ਅਤੇ ਨਵੇਂ ਨਿਵੇਸ਼ ਤੋਂ ਕੰਨੀ ਕਤਰਾ ਰਹੇ ਹਨ। ਦੇਸ਼ ਵਿੱਚ ਆਟੋਮੋਬਾਇਲ ਖੇਤਰ ਦੀ ਹਾਲਤ ਜੁਲਾਈ ਵਿੱਚ ਹੋਰ ਖਰਾਬ ਹੋ ਗਈ ਅਤੇ ਛੋਟੀਆਂ ਗੱਡੀਆਂ ਦੀ ਵਿਕਰੀ ਵਿੱਚ ਗਿਰਾਵਟ ਆਈ। ਇਸ ਸਾਲ ਰੋਜ਼ਗਾਰ ਵਿੱਚ ਭਾਰੀ ਕਟੌਤੀ ਆਏਗੀ। ਵਾਹਨਾਂ ਵਿੱਚ ਵਿਕਰੀ ਵਿੱਚ ਆਈ ਰੁਕਾਵਟ ਕਾਰਨ ਪਿਛਲੇ ਤਿੰਨ ਮਹੀਨਿਆਂ ਵਿੱਚ ਸਥਾਨਕ ਡੀਲਰਾਂ ਨੇ ਦੇਸ਼ ਭਰ ਵਿੱਚ ਲਗਭਗ ਦੋ ਲੱਖ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਹੈ। ਨੌਕਰੀਆਂ ਵਿੱਚ ਕੱਟ-ਵੱਢ ਦਾ ਇਹ ਦੌਰ ਜੂਨ-ਜੁਲਾਈ ਵਿੱਚ ਵੀ ਜਾਰੀ ਰਿਹਾ ਹੈ। ਦੇਸ਼ ਵਿੱਚ 15,000 ਡੀਲਰ ਹਨ, ਜਿਹੜੇ 26 ਹਜ਼ਾਰ ਸ਼ੋਅ-ਰੂਮ ਚਲਾਉਂਦੇ ਹਨ, ਜਿਹਨਾਂ ਵਿੱਚ 25 ਲੱਖ ਨੂੰ ਸਿੱਧੇ ਤੌਰ ‘ਤੇ ਅਤੇ 25 ਲੱਖ ਨੂੰ ਅਸਿੱਧੇ ਤੌਰ ‘ਤੇ ਰੁਜ਼ਗਾਰ ਮਿਲਿਆ ਹੋਇਆ ਹੈ। ਪਿਛਲੇ 18 ਮਹੀਨਿਆਂ ਵਿੱਚ 271 ਸ਼ਹਿਰਾਂ ਵਿੱਚ 286 ਸ਼ੋਅ-ਰੂਮ ਬੰਦ ਹੋ ਚੁੱਕੇ ਹਨ ਜਿਹਨਾਂ ਵਿੱਚ 32,000 ਲੋਕ ਬੇਰੁਜ਼ਗਾਰ ਹੋ ਗਏ ਹਨ। ਪਿਛਲੇ ਇੱਕ ਮਹੀਨੇ ਵਿੱਚ ਨਿਵੇਸ਼ਕਾਂ ਨੂੰ ਲਗਭਗ 15 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਜੋ ਵਿਸ਼ਵ ਪੱਧਰ ‘ਤੇ ਭਾਰਤੀ ਸ਼ੇਅਰ ਬਜ਼ਾਰ ਵਿੱਚ ਸਭ ਤੋਂ ਖਰਾਬ ਪ੍ਰਦਰਸ਼ਨ ਗਿਣਿਆ ਜਾ ਰਿਹਾ ਹੈ। ਇਹੋ ਜਿਹਿਆਂ ਹਾਲਤਾਂ ਵਿੱਚ ਨਿਵੇਸ਼ ਕਿਵੇਂ ਹੋਏਗਾ? ਦੇਸ਼ ਦੀ ਆਰਥਿਕ ਵਿਵਸਥਾ ਵਿੱਚ ਇਹ ਮੰਦੀ ਆਖ਼ਿਰ ਕਿਉਂ ਆ ਰਹੀ ਹੈ? ਅਰਥ-ਵਿਵਸਥਾ ਵਿੱਚ ਸੁਸਤੀ ਦਾ ਮੁੱਖ ਕਾਰਨ ਪ੍ਰਾਪਤ ਸਾਧਨਾਂ ਦੇ ਭੈੜੇ ਪ੍ਰਬੰਧ ਕਾਰਨ ਹੁੰਦਾ ਹੈ। ਕੇਂਦਰ ਸਰਕਾਰ ਦਾ ਖਰਚ 10.4 ਲੱਖ ਕਰੋੜ ਤੋਂ ਵੱਧ ਕੇ 24.5 ਲੱਖ ਕਰੋੜ ਹੋ ਗਿਆ ਹੈ। ਰਿਜ਼ਰਵ ਬੈਂਕ ਅਨੁਸਾਰ 2009 ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਦਾ ਖ਼ਰਚ 18.5 ਲੱਖ ਕਰੋੜ ਸੀ ਜੋ ਕਿ 2019 ਵਿੱਚ ਇਹ ਵਧਕੇ 53.6 ਲੱਖ ਕਰੋੜ ਹੋ ਗਿਆ ਹੈ। ਸਾਲ 2018-19 ਵਿੱਚ ਖਜ਼ਾਨੇ ਵਿੱਚ 22.71 ਲੱਖ ਕਰੋੜ ਰੁਪਏ ਆਉਣ ਦਾ ਅੰਦਾਜ਼ਾ ਸੀ ਜੋ ਆਮ ਤੋਂ 1.91 ਲੱਖ ਕਰੋੜ ਰੁਪਏ ਘੱਟ ਆਇਆ ਹੈ। ਇਹ ਸਥਿਤੀ ਸਰਕਾਰੀ ਪ੍ਰਬੰਧ, ਜਿਸ ਵਿੱਚ ਵੱਡੀ ਟੈਕਸ ਚੋਰੀ ਵੀ ਸ਼ਾਮਲ ਹੈ, ਕਾਰਨ ਵੀ ਹੋਈ ਅਤੇ ਦੇਸ਼ ਦੇ ਭੈੜੇ ਹਫੜਾ-ਤਫੜੀ ਵਾਲੇ ਮਾਹੌਲ ਕਾਰਨ ਵੀ। ਆਰਥਿਕ ਦਬਾਅ ਅਤੇ ਕਰਜ਼ਾ ਨਾ ਚੁਕਾਏ ਜਾਣ ਕਾਰਨ ਖੁਦਕੁਸ਼ੀਆਂ ਦਾ ਦਬਾਅ ਵਧ ਰਿਹਾ ਹੈ। ਇਹ ਖੁਦਕੁਸ਼ੀਆਂ ਖੇਤੀ ਸੰਕਟ ਕਾਰਨ, ਖੇਤੀ ਖੇਤਰ ਦੇ ਕਿਸਾਨ ਅਤੇ ਕਾਮੇ ਹੀ ਨਹੀਂ ਕਰ ਰਹੇ ਸਗੋਂ ਛੋਟੇ ਉਦਯੋਗਪਤੀ ਵੀ ਇਸ ਰਾਹੇ ਤੁਰਨ ਲਈ ਮਜਬੂਰ ਹੋਏ ਹਨ। ਕੈਫੇ ਕਾਫੀ ਡੇ ਦੀ ਕੰਪਨੀ ਦੇ ਮਾਲਕ ਜੇ ਬੀ ਸਿਧਾਰਥ ਦੀ ਖੁਦਕੁਸ਼ੀ ਦੀ ਖ਼ਬਰ ਨੇ ਇਸ ਕਠੋਰ ਸੱਚ ਨੂੰ ਸਾਹਮਣੇ ਲਿਆ ਦਿੱਤਾ ਹੈ ਕਿ ਛੋਟੇ ਉਦਯੋਗੀਆਂ ਨੂੰ ਆਪਣਾ ਕਾਰੋਬਾਰ ਆਪਣੇ ਬਲਬੂਤੇ ‘ਤੇ ਕਰਨਾ ਪੈਂਦਾ ਹੈ ਅਤੇ ਜਦੋਂ ਉਹਨਾਂ ਦੀ ਕੋਈ ਬਾਂਹ ਨਹੀਂ ਫੜਦਾ, ਉਹ ਮੂਧੇ ਮੂੰਹ ਡਿੱਗਦੇ ਹਨ। ਉੱਤਰ ਪ੍ਰਦੇਸ਼ ਦੇ 36 ਵਰ੍ਹਿਆਂ ਦੇ ਗੰਨਾ ਕਿਸਾਨ ਰਮਨ ਸਿੰਘ ਦੇ ਸਾਹਮਣੇ ਆਪਣਾ ਪੂਰਾ ਜੀਵਨ ਪਿਆ ਸੀ। ਉਸਦੇ ਦੋ ਬੱਚੇ ਸਨ। ਬੁੱਢੇ ਮਾਂ-ਪਿਉ ਸੀ, ਪਤਨੀ ਸੀ। ਪਰ ਦੋ ਸਾਲ ਉਸਦੀ ਫ਼ਸਲ ਖਰਾਬ ਹੋ ਗਈ। ਭਾਰੀ ਆਰਥਿਕ ਨੁਕਸਾਨ ਹੋਇਆ। ਫ਼ਸਲ ਦੀ ਕੀਮਤ ਘੱਟ ਮਿਲੀ, ਜੋ ਉਹਦੇ ਖਰਚੇ ਵੀ ਪੂਰੇ ਨਾ ਕਰ ਸਕੀ। ਉਸਨੇ ਆਪਣੇ ਆਪ ਨੂੰ ਹੀ ਨਹੀਂ, ਸਾਰੇ ਪਰਿਵਾਰ ਨੂੰ ਹੀ ਮਾਰ ਦਿੱਤਾ। ਉੱਤਰ ਪ੍ਰਦੇਸ਼ ਦਾ ‘ਰਮਨ’ ਇੱਕ ਨਹੀਂ, ਇਹ ਦੇਸ਼ ਦੇ ਹਰ ਹਿੱਸੇ ਦੀ ਕਿਸਾਨ-ਕਹਾਣੀ ਬਣ ਚੁੱਕਾ ਹੈ। ਜਦ ਕਿਸਾਨ ਇਹੋ ਜਿਹਾ ‘ਅੱਤਵਾਦੀ’ ਕਦਮ ਚੁੱਕਣ ਲਈ ਮਜਬੂਰ ਹੋ ਬੈਠਦਾ ਹੈ ਤਾਂ ਸਮਝੋ ਉਹ ਆਰਥਿਕ ਪੱਖੋਂ ਟੁੱਟਿਆ ਹੋਇਆ ਹੈ, ਉਸਦੀ ਕੋਈ ਬਾਂਹ ਫੜਨ ਵਾਲਾ ਨਹੀਂ ਹੈ, ਨਾ ਸਮਾਜ, ਨਾ ਸਰਕਾਰ! ਛੋਟੇ ਉਦਮੀਆਂ, ਜਿਹਨਾਂ ਵਿੱਚ ਕਿਸਾਨ ਵੀ ਸ਼ਾਮਲ ਹਨ, ਪ੍ਰਤੀ ਸਰਕਾਰਾਂ ਦਾ ਰਵੱਈਆ ਸਦਾ ਹੀ ਨਿਰਾਸ਼ਾਵਾਦੀ ਰਿਹਾ ਹੈ। ਸਰਕਾਰਾਂ ਅਤੇ ਮੁੱਖ ਧਾਰਾ ਦਾ ਮੀਡੀਆ ਤਾਂ ਕਿਸਾਨਾਂ ਨੂੰ ਉੱਦਮੀ ਜਾਂ ਕਾਰੋਬਾਰੀ ਹੀ ਨਹੀਂ ਮੰਨਦਾ। ਉਂਜ ਵੀ ਸਰਕਾਰਾਂ ਨੇ ਇਹਨਾਂ ਦੇ ਭਲੇ ਲਈ ਕਦੇ ਪਹਿਲਕਦਮੀ ਨਹੀਂ ਕੀਤੀ। ਡਾ. ਸਵਾਮੀਨਾਥਨ ਦੀ ਰਿਪੋਰਟ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਕੁਝ ਕੁ ਵੱਧ ਮੁਨਾਫਾ ਦੇਣ ਦੀ ਗੱਲ ਕਰਦੀ ਹੈ, ਉਸਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਹੋਇਆ ਹੈ। ਸਰਕਾਰੀ ਫ਼ਸਲ ਬੀਮਾ ਯੋਜਨਾਵਾਂ ਇਹੋ ਜਿਹੀਆਂ ਨਕਾਰਾ ਹਨ, ਜੋ ਕਿਸਾਨਾਂ ਨਾਲੋਂ ਵਧ ਬੀਮਾ ਕੰਪਨੀਆਂ ਦਾ ਢਿੱਡ ਭਰਦੀਆਂ ਹਨ। ਕੀ ਇਹ ਸਾਡੀਆਂ ਸਰਕਾਰਾਂ ਦੀ ਆਰਥਿਕ ਵਿਵਸਥਾ ਦੀ ਅਸਫਲਤਾ ਹੀ ਨਹੀਂ ਹੈ ਕਿ ਨੌਜਵਾਨ ਉੱਦਮੀ ਅਤੇ ਕਿਸਾਨ ਉੱਦਮੀ ਖੁਦਕੁਸ਼ੀ ਕਰਨ ਜਿਹਾ ਭਿਆਨਕ ਕਦਮ ਉਠਾਉਣ ਲਈ ਮਜਬੂਰ ਹੋ ਰਹੇ ਹਨ। ਹੁਣ ਦੇ ਸਾਲਾਂ ਵਿੱਚ ਕਿਸਾਨ ਖੁਦਕੁਸ਼ੀਆਂ ਦਾ ਵਰਤਾਰਾ ਵਧਿਆ ਹੈ, ਖੁਦਕੁਸ਼ੀ ਘਟਨਾਵਾਂ ਵਧੀਆਂ ਹਨ। 2016 ਦੀ ਨੋਟਬੰਦੀ ਦੇ ਬਾਅਦ ਇੱਕ ਅਲੱਗ ਜਿਹਾ ਮੋੜ ਇਹਨਾਂ ਘਟਨਾਵਾਂ ਨੇ ਕੱਟਿਆ ਹੈ, ਜਦ ਨੋਟਬੰਦੀ ਦੇ ਕਾਰਨ ਫਸਲਾਂ ਦੀ ਕੀਮਤ ਬੁਰੀ ਤਰ੍ਹਾਂ ਪ੍ਰਭਾਵਤ ਹੋਈ। ਕਈ ਛੋਟੇ ਕਿਸਾਨਾਂ ਨੂੰ ਜਾਂ ਤਾਂ ਆਪਣੀ ਫ਼ਸਲ ਘੱਟ ਕੀਮਤ ਤੇ ਵੇਚਣੀ ਪਈ ਜਾਂ ਜਦੋਂ ਇਹ ਫ਼ਸਲ ਨਾ ਵਿਕੀ ਤਾਂ ਵਿਅਰਥ ਗਈ ਜਾਂ ਖਰਾਬ ਹੋ ਗਈ ਤਾਂ ਸਥਿਤੀ ਇਹੋ ਜਿਹੀ ਬਣੀ ਕਿ ਕਿਸਾਨ ਕੋਲ ਅਗਲੀ ਫ਼ਸਲ ਬੀਜਣ ਲਈ ਪੈਸੇ ਦੀ ਕਮੀ ਆਈ। ਸਰਕਾਰ ਨੇ ਜੀ.ਐੱਸ.ਟੀ. ਅਧੀਨ ਇੱਕ ਦੇਸ਼ ਇੱਕ ਟੈਕਸ ਦੀ ਗੱਲ ਤਾਂ ਕਰ ਦਿੱਤੀ, ਇਸਦਾ ਬਹੁਤਾ ਅਸਰ ਛੋਟੇ ਕਾਰੋਬਾਰੀਆਂ ਉੱਤੇ ਪਿਆ। ਉਹਨਾਂ ਵਿੱਚੋਂ ਕੁਝ ਲੋਕਾਂ ਨੂੰ ਆਪਣਾ ਕਾਰੋਬਾਰ ਸਮੇਟਣਾ ਪਿਆ। ਕਈਆਂ ਨੂੰ ਹੋਰ ਥਾਵਾਂ ਉੱਤੇ ਨਿਗੁਣੀਆਂ ਤਨਖਾਹਾਂ ਉੱਤੇ ਨੌਕਰੀਆਂ ਤੱਕ ਕਰਨੀਆਂ ਪਈਆਂ। ਕਈਆਂ ਨੇ ਖੁਦਕੁਸ਼ੀਆਂ ਦਾ ਰਾਹ ਅਪਣਾਇਆ। ਪਰ ਇਹੋ ਜਿਹੀਆਂ ਮੌਤਾਂ ਉੱਤੇ ਸਮਾਜ ਅਤੇ ਸਰਕਾਰ ਦੀ ਉਦਾਸੀਨਤਾ ਵੇਖੋ ਕਿ ਉਹਨਾਂ ਨੇ ਇਹਨਾਂ ਮੌਤਾਂ ਦੀ ਪਰਵਾਹ ਹੀ ਨਹੀਂ ਕੀਤੀ। ਕਿਸਾਨ ਅਤੇ ਛੋਟੇ ਕਾਰੋਬਾਰੀਏ ਇਸ ਸਮੇਂ ਕਠਿਨ ਅਤੇ ਤਣਾਅ ਭਰੀਆਂ ਹਾਲਤਾਂ ਵਿੱਚ ਜੀਉ ਰਹੇ ਹਨ। ਉਹਨਾਂ ਦੇ ਸਾਹਮਣੇ ਵੱਡੀਆਂ ਚਣੌਤੀਆਂ ਹਨ। ਬਦਲਦੇ ਕਾਰੋਬਾਰੀ ਮਾਹੌਲ ਅਤੇ ਵਿਕਾਸ ਦੇ ਦਬਾਅ ਕਾਰਨ ਉਹਨਾਂ ਦੀਆਂ ਮੁਸ਼ਕਲਾਂ ਵਧ ਰਹੀਆਂ ਹਨ। ਦੇਸ਼ ਦੀ ਆਰਥਿਕ ਵਿਵਸਥਾ ਦੀਆਂ ਭੈੜੀਆਂ ਨੀਤੀਆਂ ਦਾ ਹੀ ਸਿੱਟਾ ਹੈ ਕਿ ਵੱਡੇ ਉਦਯੋਗਪਤੀਆਂ ਦੇ ਵੱਡੇ ਕਰਜ਼ੇ ਵੱਟੇ-ਖਾਤੇ ਪਾ ਦਿੱਤੇ ਜਾਂਦੇ ਹਨ, ਉਹਨਾਂ ਨੂੰ ਖਰਾਬ ਕਰਜ਼ੇ ਗਰਦਾਨ ਕੇ ਮੁਆਫ਼ ਕਰ ਦਿੱਤਾ ਜਾਂਦਾ ਹੈ, ਪਰ ਛੋਟੇ ਕਾਰੋਬਾਰੀਆਂ ਅਤੇ ਕਿਸਾਨਾਂ ਦੇ ਹਜ਼ਾਰਾਂ ਦੇ ਕਰਜ਼ਿਆਂ ਨੂੰ ਮੁਆਫ਼ ਕਰਨ ਲੱਗਿਆ ਹੀਲ-ਹੁੱਜਤ ਕੀਤੀ ਜਾਂਦੀ ਹੈ ਅਤੇ ਬਹੁਤੀ ਵੇਰ ਇਹਨਾਂ ਕਰਜ਼ਿਆਂ ਕਾਰਨ ਉਹਨਾਂ ਨੂੰ ਜੇਲ ਦੀ ਯਾਤਰਾ ਤੱਕ ਕਰਵਾ ਦਿੱਤੀ ਜਾਂਦੀ ਹੈ। ਅਸਲ ਵਿੱਚ ਗਲਤ ਅਤੇ ਮਨੋਂ ਨਾ ਕੀਤੇ ਜਾਣ ਵਾਲੇ ਸੁਧਾਰਾਂ ਕਾਰਨ ਦੇਸ਼ ਵਿੱਚ ਕਾਰੋਬਾਰੀ ਮਾਹੌਲ ਦਿਨ-ਪ੍ਰਤੀ ਵਿਗੜਦਾ ਜਾ ਰਿਹਾ ਹੈ। ਕੇਂਦਰ ਸਰਕਾਰ ਵਲੋਂ ਵੋਟਾਂ ਵਟੋਰਨ ਲਈ ਦਿੱਤੀ ਜਾ ਰਹੀ ਸਬਸਿਡੀ ਜਾਂ ਸਹੂਲਤਾਂ ਵੱਖ-ਵੱਖ ਖੇਤਰਾਂ ਨੂੰ ਘੁਣ ਵਾਂਗ ਖਾ ਰਹੀ ਹੈ। ਦੇਸ਼ ਦੀ ਭੈੜੀ ਅਰਥ-ਵਿਵਸਥਾ, ਆਮ ਆਦਮੀ ਲਈ ਲਗਾਤਾਰ ਬੁਰੀ ਪੈ ਰਹੀ ਹੈ, ਜਿਹੜਾ ਇਸਦੇ ਸਿੱਟੇ ਵਜੋਂ ਰੁਜ਼ਗਾਰ ਤੋਂ ਬਾਂਝਾ ਹੋ ਰਿਹਾ, ਨਿੱਤ ਪ੍ਰਤੀ ਕਰਜ਼ਾਈ ਹੋ ਰਿਹਾ ਹੈ ਅਤੇ ਜਿਸਨੂੰ ਆਪਣੀਆਂ ਘੱਟੋ-ਘੱਟ ਜੀਊਣ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਦੇਸ਼ ਦਾ ਹਰ ਨਾਗਰਿਕ ਭੈੜੇ ਪ੍ਰਬੰਧ ਅਤੇ ਸਿਆਸਤਦਾਨਾਂ ਦੀ ਖ਼ਰਚੀਲੀ ਰਾਜਾ ਸ਼ਾਹੀ ਰਾਜ-ਪ੍ਰਣਾਲੀ ਕਾਰਨ 74000 ਰੁਪਏ ਪ੍ਰਤੀ ਵਿਅਕਤੀ ਦੇ ਕਰਜ਼ੇ ਹੇਠ ਡੁਬਿਆ ਹੈ। ਇਹ ਉਸ ਸਿਰ ਰਾਜ ਪ੍ਰਬੰਧ ਦਾ ਕਰਜ਼ਾ ਹੈ, ਉਸਦਾ ਜ਼ਿੰਦਗੀ ਜੀਊਣ ਲਈ ਲਿਆ ਨਿੱਜੀ ਕਰਜ਼ਾ ਉਸ ਤੋਂ ਵੱਖਰਾ ਹੈ। ਦੇਸ਼ ਦੀਆਂ ਸੂਬਾ ਸਰਕਾਰਾਂ ਅਤੇ ਕੇਂਦਰੀ ਸਰਕਾਰ 2019 ਤੱਕ 97 ਲੱਖ ਕਰੋੜ ਦੇ ਕਰਜ਼ੇ ਹੇਠ ਹਨ। ਇਹ ਕਰਜ਼ਾ ਪਿਛਲੇ 5 ਸਾਲਾਂ ਵਿੱਚ 49 ਫੀਸਦੀ ਵਧਿਆ ਹੈ। ਦੇਸ਼ ਸਿਰ ਚੜ੍ਹੇ ਕਰਜ਼ੇ ਦੇ ਇਸ ਹਿੱਸੇ ਵਜੋਂ ਆਮ ਆਦਮੀ ਨੂੰ ਕੀ ਮਿਲਦਾ ਹੈ? ਘਰ ਵਿੱਚ ਕੋਈ ਛੱਤ? ਘਰ ਵਿੱਚ ਕਿਸੇ ਜੀਅ ਨੂੰ ਨੌਕਰੀ? ਦੋ ਡੰਗ ਰੋਟੀ? ਸਿੱਖਿਆ ਦੀ ਕੋਈ ਸਹੂਲਤ? ਸਿਹਤ ਦੀ ਕੋਈ ਸਹੂਲਤ? ਸਮਾਜਿਕ ਸੁਰੱਖਿਆ ਲਈ ਕੋਈ ਰਕਮ? ਕੋਈ ਕੱਪੜਾ-ਲੱਤਾ? ਕੁਝ ਵੀ ਨਹੀਂ, ਜੇ ਕੁਝ ਆਮ ਆਦਮੀ ਨੂੰ ਮਿਲ ਰਿਹਾ ਹੈ ਤਾਂ ਭੁੱਖ, ਗਰੀਬੀ, ਗੰਦਾ ਵਾਤਾਵਰਨ, ਔਲਾਦ ਲਈ ਅਨਪੜ੍ਹਤਾ ਅਤੇ ਛੱਤ ਦੇ ਨਾਮ ਉੱਤੇ ਖੁਲ੍ਹਾ ਆਕਾਸ਼। ਕੀ ਮਿਲੀਅਨ, ਟ੍ਰਿਲਿਅਨ ਅਰਥ-ਵਿਵਸਥਾ ਬਣਨ ਜਾ ਰਹੇ ਦੇਸ਼ ਨੂੰ ਆਮ ਆਦਮੀ ਵੱਲ ਝਾਤੀ ਮਾਰਨ ਦੀ ਲੋੜ ਨਹੀਂ?





# ਅਲੋਪ ਹੋਏ ਟੱਪਾ ਨੁਮਾ ਲੋਕ ਗੀਤ

✿ ਗੁਰਸ਼ਰਨ ਕੌਰ ਮੋਗਾ

**ਜੇਕਰ ਮੇਲਣਾਂ ਦੇ ਪਿੰਡ ਦੀ ਕੁੜੀ ਵਿਆਹ ਵਾਲੇ ਪਿੰਡ ਕਿਸੇ ਘਰ ਵਿਆਹੀ ਹੁੰਦੀ ਤਾਂ ਉਹ ਉਸ ਕੁੜੀ ਨੂੰ ਵਿਆਹ ਵਾਲੇ ਘਰੋਂ ਕੁੱਝ ਮਠਿਆਈ ਜਿਸਨੂੰ 'ਪੱਤਲ' ਕਿਹਾ ਜਾਂਦਾ ਸੀ, ਦੇ ਕੇ ਆਉਂਦੀਆ ਅਤੇ ਗਾਉਂਦੀਆਂ:ਰਗ ਵੱਢ ਘੋਟਣਾ ਬਣਾ ਦਾਰੀਏ**<br>
**ਸਾਡੇ ਆਉਂਦੀਆਂ ਦੇ**<br>
**ਸਾਡੇ ਆਉਂਦੀਆਂ ਦੇ ਸ਼ਗਨ ਮਨਾ ਦਾਰੀਏ**



ਪਿਛਲੇ ਸਮੇਂ ਪਿੰਡਾਂ ਦੇ ਰੀਤੀ ਰਿਵਾਜ ਸਾਂਝੇ ਤੌਰ 'ਤੇ ਹੀ ਮਨਾਏ ਜਾਂਦੇ ਸਨ। ਸਾਡੇ ਮਾਲਵੇ ਵਿੱਚ ਵੀ ਇਸ ਤਰ੍ਹਾਂ ਹੀ ਹੁੰਦਾ ਸੀ। ਕਿਸੇ ਦੇ ਘਰ ਲੜਕਾ ਪੈਦਾ ਹੁੰਦਾ, ਕਿਸੇ ਦੇ ਮੁੰਡੇ ਦਾ ਮੰਗਣਾ ਹੁੰਦਾ, ਕਿਸੇ ਦੇ ਮੁੰਡੇ ਜਾਂ ਕੁੜੀ ਦਾ ਵਿਆਹ ਹੁੰਦਾ ਤਾਂ ਉਸ ਪਿੱਛੋਂ ਪਿੰਡ ਵਿੱਚ ਮਠਿਆਈ ਵੰਡੀ ਜਾਂਦੀ ਜਿਸਨੂੰ ਘਰ ਸੰਭਾਲਣਾ ਕਿਹਾ ਜਾਂਦਾ ਸੀ। ਸ਼ਰੀਕੇ ਦੀਆਂ ਕੁੜੀਆਂ ਇਕੱਠੀਆਂ ਹੋ ਕੇ ਇਹ ਮਠਿਆਈ ਜਾਂ ਭਾਜੀ ਵੰਡਦੀਆਂ ਸਨ। ਨਾਲ ਦੀ ਨਾਲ ਉਹ ਟੱਪੇ ਨੁਮਾ ਗੀਤ ਵੀ ਗਾਉਂਦੀਆਂ ਸਨ।

ਪੱਕੀ ਸੜਕ 'ਤੇ ਫੀਤਾ<br>
ਬਈ ਮੈਂ ਘਰ ਮਾਪਿਆਂ ਦੇ<br>
ਦੁੱਧ ਸੋਨੇ ਦੇ ਕੌਲ ਵਿੱਚ ਪੀਤਾ

ਉਹ ਕੁੜੀਆਂ ਘੱਟ ਪੜ੍ਹੀਆਂ ਲਿਖੀਆਂ ਹੁੰਦੀਆਂ, ਪਰ ਗੀਤ ਬੜੇ ਕਮਾਲ ਦੇ ਗਾਉਂਦੀਆਂ:

ਸ਼ਿੰਦਰ ਭਾਬੀ ਗੁੜ ਦੀ ਡਲੀ<br>
ਚਾਹ ਦੀ ਪੱਤੀ ਵਿੱਚ ਦੁੱਧ ਬੱਤਖਾਂ ਦਾ ਪਾ ਦੇ<br>
ਨੀਂ ਅਸੀਂ ਕਿਹੜਾ ਰੋਜ਼ ਆਉਣਾ<br>
ਸਾਨੂੰ ਚਾਹ ਦੀ ਘੁੱਟ ਪਿਆ ਦੇ

ਉਨ੍ਹਾਂ ਦੇ ਬੋਲ ਬੜੇ ਹੀ ਮਿੱਠੇ ਅਤੇ ਦਿਲ ਨੂੰ ਛੂਹ ਲੈਣ ਵਾਲੇ ਹੁੰਦੇ ਸਨ। ਕਦੇ ਹਾਸਾ ਵੀ ਆਉਣਾ ਕਿ ਇਨ੍ਹਾਂ ਵਿੱਚੋਂ ਕਿਹੜੀ ਸੋਨੇ ਦੇ ਕੌਲੇ ਵਿੱਚ ਦੁੱਧ ਪੀਂਦੀ ਹੈ ਜਾਂ ਬੱਤਖਾਂ ਦਾ ਦੁੱਧ ਭਾਬੀ ਕਿੱਥੋਂ ਲੈ ਕੇ ਆਵੇਗੀ ? ਗੀਤ ਗਾਉਂਦੀਆਂ ਕੁੜੀਆਂ ਗੁੱਸੇ ਵਿੱਚ ਕਹਿੰਦੀਆਂ: 'ਇਨ੍ਹਾਂ ਪੜ੍ਹੀਆਂ ਲਿਖੀਆਂ ਦਾ ਦਿਮਾਗ਼ ਖ਼ਰਾਬ ਈ ਹੁੰਦਾ, ਸਾਰਾ ਤਾਂ ਕਿਤਾਬਾਂ ਖਾ ਗਈਆਂ।' ਅਸੀਂ ਹੱਸ ਛੱਡਣਾ, ਪਰ ਇਨ੍ਹਾਂ ਗੀਤਾਂ ਨਾਲ ਬੜਾ ਹੀ ਮਨ ਖ਼ੁਸ਼ ਹੁੰਦਾ ਅਤੇ ਇਹ ਗੀਤ ਉਦੋਂ ਤੋਂ ਹੀ ਮੇਰੇ ਜ਼ਿਹਨ ਵਿੱਚ ਬੈਠੇ ਹੋਏ ਹਨ। ਇਹ ਗੀਤ ਨਾ ਤਾਂ ਟੱਪਿਆਂ ਦੀ ਤਰ੍ਹਾਂ ਗਾਏ ਜਾਂਦੇ ਹਨ ਅਤੇ ਨਾ ਹੀ ਵੱਡੇ ਹੇਕ ਵਾਲੇ ਗੀਤਾਂ ਦੀ ਤਰ੍ਹਾਂ ਗਾਏ ਜਾਂਦੇ ਹਨ। ਇਹ ਇਨ੍ਹਾਂ ਦਾ ਵਿਚਕਾਰਲਾ ਰੂਪ ਹੈ ਅਤੇ ਇਨ੍ਹਾਂ ਦੇ ਗਾਉਣ ਦਾ ਵੀ ਖ਼ਾਸ ਢੰਗ ਹੈ। ਪਹਿਲੀ ਲਾਈਨ ਲਮਕਾ ਕੇ ਗਾਈ ਜਾਂਦੀ ਹੈ ਅਤੇ ਦੂਜੀ ਲਾਈਨ ਦੇ ਅੱਗੇ ਕੋਈ ਯੋਜਕ ਜਿਵੇਂ 'ਬਈ' ਜਾਂ 'ਨੀਂ' ਆਦਿ ਲਾ ਕੇ ਗਾਇਆ ਜਾਂਦਾ ਹੈ। ਫਿਰ ਤੀਜੀ ਲਾਈਨ ਗਾਈ ਜਾਂਦੀ ਹੈ ਅਤੇ ਦੂਜੀ ਲਾਈਨ ਦੁਹਰਾਈ ਜਾਂਦੀ ਹੈ। ਇਸ ਤਰ੍ਹਾਂ ਇਹ ਗੀਤ ਪੂਰਾ ਹੁੰਦਾ ਹੈ। ਗੀਤ ਗਾਉਣ ਵਾਲੀਆਂ ਕੁੜੀਆਂ ਥਾਂ ਤੇ ਮੌਕਾ ਦੇਖ ਕੇ ਗੀਤ ਛੋਹਦੀਆਂ, ਜੇਕਰ ਨੇੜੇ ਮੁੰਡੇ ਖੜ੍ਹੇ ਹੁੰਦੇ ਤਾਂ ਉਹ ਗਾਉਂਦੀਆਂ:

× ਚੁੱਕ ਲਿਆ ਸੜਕ ਤੋਂ ਫੀਤਾ<br>
ਵੇ ਮੈਂ ਕੀ ਤੈਨੂੰ ਬੋਲੀ ਵੀਰਨਾ<br>
ਕਿਹੜੀ ਗੱਲ ਤੋਂ ਸੰਧਾਰਾ ਬੰਦ ਕੀਤਾ।

ਜੇਕਰ ਸੱਥ ਕੋਲੋਂ ਲੰਘਦੀਆਂ ਤਾਂ ਉਹ ਗਾਉਂਦੀਆਂ:

ਰੱਤੜਾ ਪਲੰਘ ਰੰਗੀਲੇ ਪਾਵੇ<br>
ਨੀਂ ਵੀਰ ਘਰ ਪੁੱਤ ਜੰਮਿਆ<br>
ਬਾਪੂ ਮੱਝੀਆਂ ਦੇ ਸੰਗਲ ਫੜਾਵੇ।

× ਚੁੱਕ ਚਰਖਾ ਪਰ੍ਹਾਂ ਕਰ ਪੀੜ੍ਹੀ<br>
ਬਈ ਆਪੇ ਮਾਪੇ ਦਾਜ ਦੇਣਗੇ<br>
ਜਿਹੜੇ ਹੋਣਗੇ ਦੁੱਖਾਂ ਦੇ ਸੀਰੀ

ਕਦੀ ਕਦੀ ਉਹ ਵੈਰਾਗਮਈ ਧੁਨ ਵਿੱਚ ਗਾਉਣ ਲੱਗ ਜਾਂਦੀਆਂ:

ਸੱਜਰੇ ਗੁੜ ਦੀ ਭੇਲੀ<br>
ਭੈਣਾਂ ਨੂੰ ਭਾਈ ਨਿੱਤ ਮਿਲਦੇ<br>
ਕਦੇ ਵਿੱਛੜੀ ਨਾ ਮਿਲਦੀ ਸਹੇਲੀ

ਉਦੋਂ ਪਿੰਡ ਵਿੱਚ ਆਇਆ ਨਾਨਕਾ ਮੇਲ ਬੜੀਆਂ ਰੌਣਕਾਂ ਲਾਉਂਦਾ ਸੀ। ਮੇਲਣਾਂ ਦੇ ਗਾਏ ਗੀਤ ਵੀ ਬਹੁਤ ਰੌਚਕ ਹੁੰਦੇ ਸਨ। ਕਿਸੇ ਘਰ ਮੂਹਰੇ ਬੈਠੇ ਬਜ਼ੁਰਗ ਨੂੰ ਦੇਖ ਕੇ ਤੋੜਾ ਝਾੜਦੀਆਂ। ਬਜ਼ੁਰਗ ਵਿਚਾਰਾ ਬੁੜ ਬੁੜ ਕਰਦਾ ਅੰਦਰ ਚਲਿਆ ਜਾਂਦਾ ਅਤੇ ਮੇਲਣਾਂ ਹੱਸ ਹੱਸ ਦੂਹਰੀਆਂ ਹੋ ਜਾਂਦੀਆਂ। ਫਿਰ ਉਹ ਕਿਸੇ ਬਾਣੀਏ ਦੀ ਹੱਟੀ ਮੱਲ ਬਹਿੰਦੀਆਂ। ਇੱਕ ਦੋ ਚੀਜ਼ਾਂ ਸਾਬਣ, ਨਹੁੰ ਪਾਲਿਸ਼ ਆਦਿ ਲੈ ਕੇ ਰਾਹ ਪੈ ਜਾਂਦੀਆਂ ਅਤੇ ਗੀਤ ਗਾਉਂਦੀਆਂ:

ਸੂਤ ਦੇ ਮੰਜੇ 'ਤੇ ਵਿਛਾਈਆਂ<br>
ਨੀਂ ਇੱਥੋਂ ਦੇ ਮਲੰਗ ਬਾਣੀਏ<br>
ਸਾਨੂੰ ਜੰਗ ਹਰੜਾਂ ਨਾ ਥਿਆਈਆਂ

ਉਦੋਂ ਔਰਤਾਂ ਬਾਰਾਤ ਨਹੀਂ ਜਾਂਦੀਆਂ ਸਨ। ਉਹ ਵਿਆਹ ਵਾਲੇ ਘਰ ਵਿੱਚ ਤੇ ਪਿੰਡ ਵਿੱਚ ਸਾਧ ਸਾਧਣੀਆਂ ਦੇ ਭੇਸ ਧਾਰ ਕੇ ਜੀਅ ਖ਼ੁਸ਼ ਕਰ ਲੈਂਦੀਆਂ ਸਨ। ਰਾਤ ਨੂੰ ਜਾਗੋ ਕੱਢ ਕੇ ਲੋਕਾਂ ਦੇ ਪਰਨਾਲੇ ਪੁੱਟ ਕੇ ਅਤੇ ਅਮਲੀਆਂ ਦੀਆਂ ਮੰਜੀਆਂ ਟੇਢੀਆਂ ਕਰ ਕੇ ਧਮੱਚੜ ਪੁੱਟਦੀਆਂ ਹੋਈਆਂ ਦਰਸ਼ਕਾਂ ਨੂੰ ਦੇਖ ਕੇ ਮੱਛਰ ਜਾਂਦੀਆਂ:

ਖਲੋਤੀ ਕੁੜੀ ਦੇ ਚੀਕਣੀ ਮਿੱਟੀ ਦੇ ਹਾਰੇ<br>
ਬਈ ਦੁੱਧ ਦਾ ਗਲਾਸ ਡੁੱਲ੍ਹ ਗਿਆ<br>
ਸਾਰਾ ਟੱਬਰ ਚਿੰਘਿਆੜਾਂ ਮਾਰੇ

ਉਸ ਸਮੇਂ ਰਿਵਾਜ ਸੀ ਕਿ ਜੇਕਰ ਮੇਲਣਾਂ ਦੇ ਪਿੰਡ ਦੀ ਕੁੜੀ ਵਿਆਹ ਵਾਲੇ ਪਿੰਡ ਕਿਸੇ ਘਰ ਵਿਆਹੀ ਹੁੰਦੀ ਤਾਂ ਉਹ ਉਸ ਕੁੜੀ ਨੂੰ ਵਿਆਹ ਵਾਲੇ ਘਰੋਂ ਕੁੱਝ ਮਠਿਆਈ ਜਿਸਨੂੰ 'ਪੱਤਲ' ਕਿਹਾ ਜਾਂਦਾ ਸੀ, ਦੇ ਕੇ ਆਉਂਦੀਆ ਅਤੇ ਗਾਉਂਦੀਆਂ:

ਰਗ ਵੱਢ ਘੋਟਣਾ ਬਣਾ ਦਾਰੀਏ<br>
ਸਾਡੇ ਆਉਂਦੀਆਂ ਦੇ<br>
ਸਾਡੇ ਆਉਂਦੀਆਂ ਦੇ ਸ਼ਗਨ ਮਨਾ ਦਾਰੀਏ

ਗੱਲ ਕੀ ਇੱਕ ਘਰ ਦੀ ਖ਼ੁਸ਼ੀ ਵਿੱਚ ਸਾਰਾ ਪਿੰਡ ਸ਼ਾਮਿਲ ਹੁੰਦਾ ਸੀ। ਅੱਜ ਕੱਲ੍ਹ ਪਿੰਡਾਂ ਵਿੱਚੋਂ ਸਾਰੀਆਂ ਰੌਣਕਾਂ ਗਾਇਬ ਹੋ ਗਈਆਂ ਹਨ। ਇਹ ਟੱਪੇ ਨੁਮਾ ਗੀਤ ਅਲੋਪ ਹੋ ਗਏ ਹਨ। ਪੈਲੇਸਾਂ ਦੇ ਵਿਆਹਾਂ ਨੇ ਸੱਭਿਆਚਾਰ ਨੂੰ ਬਹੁਤ ਖੋਰਾ ਲਾਇਆ ਹੈ। ਹੁਣ ਕਿਸੇ ਪਿੰਡ ਦੇ ਘਰੋਂ ਸਪੀਕਰ ਵਿੱਚੋਂ ਇਹ ਆਵਾਜ਼ ਨਹੀਂ ਆਉਂਦੀ, 'ਫਲਾਣਾ ਸਿਹੁੰ ਦੇ ਮੁੰਡੇ ਦੇ ਮੰਗਣੇ ਦੀ ਰੋਪਣਾ ਪੈਣ ਲੱਗੀ ਹੈ, ਸਾਰੇ ਮਾਈ ਭਾਈ ਵੇਲੇ ਸਿਰ ਪਹੁੰਚ ਜਾਵੋ।' ਨਾ ਹੀ ਕੁੜੀਆਂ ਗਾਉਂਦੀਆਂ ਹਨ:

ਸੋਨੇ ਦੀ ਕਨਸ ਬਣੀ ਝਾਲਰ ਲੱਗੀਆਂ ਚੁਫੇਰੇ<br>
ਮੰਗਣੇ ਦੀ ਬਣਤ ਬਣੀ ਮੇਰੇ ਬਾਬਲ ਦੇ ਵਿਹੜੇ

ਮੰਗਣੇ ਦੀ ਥਾਂ 'ਤੇ ਹੁਣ 'ਰਿੰਗ ਸੈਰੇਮਨੀ' ਕੀਤੀ ਜਾਂਦੀ ਹੈ ਅਤੇ ਡੀ.ਜੇ. ਦੇ ਸ਼ੋਰ ਵਿੱਚ ਨੱਚ ਟੱਪ ਕੇ ਸਾਰ ਲਿਆ ਜਾਂਦਾ ਹੈ। ਵਿਆਹ ਪੈਲੇਸ ਵਿੱਚ ਹੋ ਜਾਂਦਾ ਹੈ ਅਤੇ ਸਾਰੇ ਪ੍ਰਾਹੁਣੇ ਉੱਥੇ ਹੀ ਪਹੁੰਚਦੇ ਹਨ। ਸਾਧ ਸਾਧਣੀਆਂ ਦੀ ਕਲਾ ਖ਼ਤਮ ਹੋ ਚੁੱਕੀ ਹੈ। ਜਾਗੋ ਵੀ ਬਿਜਲੀ ਦੇ ਬੱਲਬ ਜਗਾ ਕੇ ਹੀ ਕੱਢੀ ਜਾਂਦੀ ਹੈ। ਸਭ ਕੁੱਝ ਬਦਲ ਗਿਆ ਹੈ। ਸ਼ਾਇਦ ਸਾਡੇ ਪਿੰਡ ਵਿੱਚ ਮਾਘੀ ਵਾਲੇ ਦਿਨ ਲੱਗਦੇ ਮੇਲੇ ਵਿੱਚ ਮੇਰੀ ਮਰਹੂਮ ਬੀਬੀ ਅਤੇ ਤਾਈ ਦੀ ਜੋੜੀ ਵਾਂਗ ਘੱਗਰੇ ਪਾ ਕੇ ਜਾਂਦੀਆਂ ਤੇ ਗੀਤ darshak1234ਗਾਉਂਦੀਆਂ ਔਰਤਾਂ ਇਹ ਗੀਤ ਹੁਣ ਵੀ ਗਾਉਂਦੀਆਂ ਹੋਣ:

ਕੱਚੀ ਕੰਧ 'ਤੇ ਘੂਕਦੀ ਊਰੀ<br>
ਬਈ ਮਿੱਟੀ ਕੱਢ ਬਾਬੇ ਦੀ<br>
ਤੇਰੀ ਕਰੂਗਾ ਤ੍ਰਿਸ਼ਨਾ ਪੂਰੀ।

# ਸਬਜ਼ੀ ਦੇ ਬੇਕਾਰ ਹਿੱਸੇ ਤੋਂ ਉਗਾਓ ਨਵੀਆਂ ਸਬਜ਼ੀਆਂ

ਪਿਆਜ਼, ਸ਼ਿਮਲਾ ਮਿਰਚ, ਲਸਣ, ਗਾਜਰ, ਸ਼ਲਗਮ ਇਸ ਤਰ੍ਹਾਂ ਦੀਆਂ ਸਬਜ਼ੀਆਂ ਨੂੰ ਅਸੀਂ ਬਣਾਉਣ ਲਈ ਜਦੋਂ ਚੀਰਦੇ ਹਾਂ ਤਾਂ ਇਨ੍ਹਾਂ ਦੇ ਸਿਰਿਆਂ ਅਤੇ ਬੀਜਾਂ ਨੂੰ ਕੱਢ ਕੇ ਅਸੀਂ ਕੂੜਾਦਾਨ ਵਿੱਚ ਸੁੱਟ ਦਿੰਦੇ ਹਾਂ। ਤੁਹਾਨੂੰ ਇਹ ਪਤਾ ਨਹੀਂ ਹੈ ਕਿ ਸਬਜ਼ੀਆਂ ਦੇ ਇਨ੍ਹਾਂ ਸਿਰਿਆਂ ਅਤੇ ਬੀਜਾਂ ਨਾਲ ਕਿਵੇਂ ਘਰ ਦੀ ਹਰਿਆਲੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਆਲੂ : ਆਲੂ ਨੂੰ ਅਸੀਂ ਲੰਬੇ ਸਮੇਂ ਤੱਕ ਨਾ ਵਰਤੋਂ ਕਰੀਏ ਤਾਂ ਇਸ ਦੀਆਂ ਅੱਖਾਂ ਦੀ ਜਗ੍ਹਾ ਨਵੇਂ ਪੌਦੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਬੇਕਾਰ ਸਮਝ ਕੇ ਅਸੀਂ ਅਕਸਰ ਇਨ੍ਹਾਂ ਨੂੰ ਸੁੱਟ ਦਿੰਦੇ ਹਾਂ ਜਾਂ ਉਸ ਹਿੱਸੇ ਨੂੰ ਕੱਟ ਕੇ ਬਾਕੀ ਹਿੱਸੇ ਦੀ ਵਰਤੋਂ ਕਰ ਲੈਂਦੇ ਹਾਂ। ਹੁਣ ਇਸ ਵਾਰ ਉਸ ਨੂੰ ਸੁੱਟੋ ਨਾ, ਆਲੂ ਦੇ ਜਿਸ ਹਿੱਸੇ ਵਿੱਚ ਅੱਖ ਨਿੱਕਲਦੀ ਨਜ਼ਰ ਆਵੇ, ਉਨ੍ਹਾਂ ਟੁਕੜਿਆਂ ਨੂੰ ਚੰਗੀ ਤਰ੍ਹਾਂ ਧੁੱਪ ਵਿੱਚ ਸੁਕਾਓ। ਆਲੂ ਦੇ ਇਨ੍ਹਾਂ ਟੁਕੜਿਆਂ ਨੂੰ ਮਿੱਟੀ ਅਤੇ ਖਾਦ ਦਾ ਮਿਸ਼ਰਣ ਬਣਾ ਕੇ ਗਮਲੇ ਵਿੱਚ 8 ਇੰਚ ਡੂੰਘਾ ਬੀਜ ਦਿਓ। ਅੱਖ ਦਾ ਹਿੱਸਾ ਉੱਪਰ ਵੱਲ ਰੱਖੋ। ਜਿਵੇਂ ਹੀ ਆਲੂ ਦੀ ਉੱਪਰਲੀ ਸਤ੍ਹਾ ਵਿੱਚ ਵਧਦੀ ਹੋਈ ਜੜ੍ਹ ਦਿਸਣੀ ਸ਼ੁਰੂ ਹੋਵੇ, ਉਸ 'ਤੇ ਥੋੜ੍ਹੀ ਹੋਰ ਮਿੱਟੀ ਪਾ ਕੇ ਹਲਕੇ ਹੱਥਾਂ ਨਾਲ ਇਸ ਨੂੰ ਦਬਾਅ ਦਿਓ। ਪੁਦੀਨਾ : ਪੁਦੀਨੇ ਦੇ ਪੱਤਿਆਂ ਨੂੰ ਵਰਤਣ ਤੋਂ ਬਾਅਦ ਅਸੀਂ ਇਨ੍ਹਾਂ ਦੀਆਂ ਡੰਡੀਆਂ ਨੂੰ ਸੁੱਟ ਦਿੰਦੇ ਹਾਂ। ਇਸ ਵਾਰ ਇਨ੍ਹਾਂ ਨੂੰ ਸੁੱਟਣ ਦੀ ਬਜਾਏ ਇੱਕ ਛੋਟੇ ਗਮਲੇ ਵਿੱਚ ਖਾਦ ਅਤੇ ਮਿੱਟੀ ਮਿਲਾ ਕੇ ਭਰ ਕੇ ਇਨ੍ਹਾਂ ਡੰਢਲਾਂ ਨੂੰ ਇਨ੍ਹਾਂ ਦੇ ਸ਼ੂਟ ਵੱਲ ਮਿੱਟੀ ਵਿੱਚ ਥੋੜ੍ਹਾ ਗੱਡ ਕੇ ਖੜ੍ਹਾ ਰੱਖੋ ਅਤੇ ਇਨ੍ਹਾਂ 'ਤੇ ਪਾਣੀ ਪਾ ਕੇ ਇਨ੍ਹਾਂ ਨੂੰ ਘੱਟ ਧੁੱਪ ਅਤੇ ਰੌਸ਼ਨੀ ਵਾਲੀ ਜਗ੍ਹਾ 'ਤੇ ਰੱਖੋ। ਪਿਆਜ਼ : ਹਰਾ ਪਿਆਜ਼ ਕੱਟਣ ਤੋਂ ਬਾਅਦ ਉਸ ਦੇ ਪੱਤਿਆਂ ਨੂੰ ਵਰਤੋਂ ਵਿੱਚ ਲਿਆ ਕੇ ਹੇਠਲੇ ਸਿਰੇ ਨੂੰ ਅਸੀਂ ਅਕਸਰ ਕੂੜੇ ਵਿੱਚ ਹੀ ਸੁੱਟਦੇ ਹਾਂ। ਇਨ੍ਹਾਂ ਦੀ ਵੀ ਵਰਤੋਂ ਹੋ ਸਕਦੀ ਹੈ। ਹੇਠਲੇ ਸਿਰਿਆਂ ਨੂੰ ਪਾਣੀ ਨਾਲ ਭਰੇ ਕੱਚ ਦੇ ਭਾਂਡੇ ਵਿੱਚ ਰੱਖ ਕੇ ਇਨ੍ਹਾਂ ਤੋਂ ਨਵੇਂ ਪਿਆਜ਼ ਪ੍ਰਾਪਤ ਕਰ ਸਕਦੇ ਹਾਂ। ਬਸ ਧਿਆਨ ਇਹ ਰੱਖਣਾ ਹੈ ਕਿ ਹੇਠਲਾ ਸਿਰਾ ਪਾਣੀ ਵਿੱਚ ਤੈਰਦਾ ਰਹੇ, ਪਾਣੀ ਨੂੰ ਹਰ 2-3 ਦਿਨ ਬਾਅਦ ਬਦਲਦੇ ਰਹੋ। ਵਿੱਚ-ਵਿੱਚ ਇਸ ਨੂੰ ਧੁੱਪ ਨੂੰ ਲਵਾਉਂਦੇ ਰਹੋ। ਕੁੱਝ ਹੀ ਦਿਨਾਂ ਬਾਅਦ ਇਨ੍ਹਾਂ ਦੀਆਂ ਜੜ੍ਹਾਂ ਵਿੱਚੋਂ ਨਵੇਂ ਪੱਤੇ ਨਿੱਕਲਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਤਾਜ਼ੇ, ਮਹਿਕਦੇ, ਘਰ ਦੇ ਬਣੇ ਪਿਆਜ਼ ਦੇ ਪੱਤਿਆਂ ਦੀ ਵਰਤੋਂ ਸਬਜ਼ੀ, ਸਲਾਦ ਅਤੇ ਚਾਈਨੀਜ਼ ਡਿਸ਼ ਵਿੱਚ ਕੀਤੀ ਜਾ ਸਕਦੀ ਹੈ। ਲਸਣ : ਲਸਣ ਦੀਆਂ ਸਾਬਤ ਕਲੀਆਂ ਨੂੰ ਬਿਨਾਂ ਛਿੱਲੇ ਇੱਕ ਗਮਲੇ ਵਿੱਚ ਜੇ ਗੱਡ ਦਿੱਤਾ ਜਾਵੇ ਤਾਂ ਇਸ ਨਾਲ ਲਸਣ ਦੇ ਹਰੇ ਪੱਤਿਆਂ ਦੀ ਵਰਤੋਂ ਤਾਂ ਕੀਤੀ ਹੀ ਜਾ ਸਕਦੀ ਹੈ, ਨਾਲ ਹੀ ਘਰ ਦੀ ਹਰਿਆਲੀ ਵਿੱਚ ਵੀ ਵਾਧਾ ਕੀਤਾ ਜਾ ਸਕਦਾ ਹੈ। ਇਨ੍ਹਾਂ ਕਲੀਆਂ ਨੂੰ 2-2 ਇੰਚ ਦੀ ਦੂਰੀ 'ਤੇ ਗੱਡ ਦਿਓ ਅਤੇ ਮਿੱਟੀ ਵਿੱਚ ਸਿੰਚਾਈ ਕਰਕੇ ਧੁੱਪ ਵਾਲੀ ਜਗ੍ਹਾ 'ਤੇ ਰੱਖ ਦਿਓ। ਅਦਰਕ : ਅਦਰਕ ਵਿੱਚ ਜਦੋਂ ਅੱਖ ਨਿੱਕਲਦੀ ਦਿਖਾਈ ਦੇਵੇ ਤਾਂ ਇਸ ਨੂੰ ਗਮਲੇ ਵਿੱਚ ਗੱਡ ਕੇ ਗਮਲੇ ਨੂੰ ਧੁੱਪ ਵਾਲੀ ਜਗ੍ਹਾ 'ਤੇ ਰੱਖ ਦੇਣਾ ਚਾਹੀਦਾ ਹੈ। ਕੁੱਝ ਹੀ ਦਿਨਾਂ ਵਿੱਚ ਸੁੰਦਰ ਪੌਦਾ ਉੱਗ ਜਾਂਦਾ ਹੈ। ਪੈਦਾ ਹੋਏ ਅਦਰਕ ਨਾਲ ਦੁਬਾਰਾ ਅਦਰਕ ਉਗਾਇਆ ਜਾ ਸਕਦਾ ਹੈ। ਸ਼ਿਮਲਾ ਮਿਰਚ : ਅਕਸਰ ਅਸੀਂ ਸ਼ਿਮਲਾ ਮਿਰਚ ਨੂੰ ਕੱਟਣ ਤੋਂ ਬਾਅਦ ਉਸ ਦੇ ਬੀਜ ਵਾਲੇ ਹਿੱਸੇ ਨੂੰ ਪੂਰੀ ਤਰ੍ਹਾਂ ਬੇਕਾਰ ਸਮਝ ਕੇ ਕੂੜੇ ਵਿੱਚ ਸੁੱਟ ਦਿੰਦੇ ਹਾਂ। ਇਨ੍ਹਾਂ ਬੀਜਾਂ ਨੂੰ ਜੇ ਗਮਲੇ ਵਿੱਚ ਬੀਜ ਦਿੱਤਾ ਜਾਵੇ ਤਾਂ ਇਸ ਵਿੱਚੋਂ ਨਿੱਕਲੇ ਪੌਦੇ ਸੁੰਦਰ ਲਗਦੇ ਹਨ। ਹਾਲਾਂਕਿ ਇਨ੍ਹਾਂ ਨੂੰ ਗਮਲੇ ਵਿੱਚ ਲਗਾਉਣ ਤੋਂ ਬਾਅਦ ਜ਼ਿਆਦਾ ਵਧੀਆ, ਉੱਤਮ, ਕਵਾਲਿਟੀ ਦੀ ਮਿਰਚ ਨਹੀਂ ਮਿਲਦੀ ਪਰ ਘਰ ਵਿੱਚ ਹਰਿਆਲੀ ਜ਼ਰੂਰ ਹੁੰਦੀ ਹੈ। ਟਮਾਟਰ : ਸੜੇ ਹੋਏ ਟਮਾਟਰ ਨੂੰ ਸੁੱਟਣ ਦੀ ਬਜਾਏ ਉਸ ਦੇ ਗੁੱਦੇ ਨੂੰ ਕੱਢ ਕੇ ਧੁੱਪ ਵਿੱਚ ਸੁਕਾਓ ਅਤੇ ਇਨ੍ਹਾਂ ਨੂੰ ਗਮਲੇ ਵਿੱਚ ਬੀਜ ਦਿਓ। ਟਮਾਟਰ ਉਗਾਉਣ ਲਈ ਵੈਸੇ ਵੀ ਇਨ੍ਹਾਂ ਦੇ ਟੁਕੜਿਆਂ ਨੂੰ ਜ਼ਮੀਨ ਵਿੱਚ ਦੱਬ ਕੇ ਸਹੀ ਖਾਦ, ਪਾਣੀ ਅਤੇ ਦੇਖਭਾਲ ਨਾਲ ਟਮਾਟਰ ਦੇ ਪੌਦੇ ਉਗਾਏ ਜਾ ਸਕਦੇ ਹਨ।




✿ ਅਨੁ ਆਰ.

## ਸਫਲਤਾ ਦਾ ਕ੍ਰੈਡਿਟ ਖੁਦ ਨੂੰ ਦਿੰਦੀ ਹੈ

# ਬਾਲੀਵੁੱਡ ਦੀ ਦੇਸੀ ਗਰਲ


ਪ੍ਰਿਯੰਕਾ ਚੋਪੜਾ

ਮੁੰਬਈ ? ਬਾਲੀਵੁੱਡ ਦੀ ਦੇਸੀ ਗਰਲ ਤੇ ਹਾਲੀਵੁੱਡ ਅਦਾਕਾਰਾ ਪ੍ਰਿਯੰਕਾ ਚੋਪੜਾ ਆਪਣੀ ਸਫਲਤਾ ਦਾ ਕ੍ਰੈਡਿਟ ਖੁਦ ਨੂੰ ਦਿੰਦੀ ਹੈ। ਪ੍ਰਿੰਯਕਾ ਇਨੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ ‘ਦਿ ਸਕਾਈ ਇਜ਼ ਪਿੰਕ‘ ਦੀ ਪ੍ਰਮੋਸ਼ਨ ‘ਚ ਰੁੱਝੀ ਹੋਈ ਹੈ। ਉਸ ਦੀ ਇਹ ਫਿਲਮ ਅੱਜ ਰਿਲੀਜ਼ ਹੋ ਰਹੀ ਹੈ। ਪ੍ਰਿੰਯਕਾ ਨੇ ਬਾਲੀਵੁੱਡ ਦੇ ਨਾਲ ਹੀ ਹਾਲੀਵੁੱਡ ‘ਚ ਵੀ ਆਪਣੀ ਪਛਾਣ ਬਣਾ ਲਈ ਹੈ। ਪ੍ਰਿੰਯਕਾ ਚੋਪੜਾ ਦਾ ਕਹਿਣਾ ਹੈ, “ਆਪਣੀ ਸਫਲਤਾ ਦਾ ਸਭ ਤੋਂ ਜ਼ਿਆਦਾ ਕ੍ਰੈਡਿਟ ਤਾਂ ਮੈਂ ਖੁਦ ਨੂੰ ਦਿੰਦੀ ਹਾਂ ਕਿਉਂਕਿ ਇਸ ਮੁਕਾਮ ‘ਤੇ ਪਹੁੰਚਣ ਲਈ ਠੋਕਰਾਂ ਤਾਂ ਬਹੁਤ ਖਾਦੀਆਂ ਹਨ ਮੈਂ ਅਤੇ ਠੋਕਰਾਂ ਨਾਲ ਅੱਗੇ ਵਧਣਾ ਦੀ ਸਮੱਰਥਾ ਵੀ ਖੁਦ ਹੀ ਰਖੀ ਹੈ ਮੈਂ, ਇਸ ਤੋਂ ਬਾਅਦ ਇਸ ਸਫਲਤਾ ਦਾ ਵੱਡਾ ਕ੍ਰੈਡਿਟ ਆਪਣੇ ਮਾਤਾ-ਪਿਤਾ ਨੂੰ ਦੇਵਾਂਗੀ, ਜਿਨ੍ਹਾਂ ਨੇ ਹਮੇਸ਼ਾ ਹੀ ਮੇਰਾ ਹੌਂਸਲਾ ਵਧਾਇਆ, ਇਸ ਲਾਇਕ ਬਣਾਇਆ ਕਿ ਠੋਕਰ ਲੱਗੇ ਤਾਂ ਫਿਰ ਤੋਂ ਮੈਂ ਖੜ੍ਹੀ ਹੋ ਸਕਾ। ਪ੍ਰਿੰਯਕਾ ਨੇ ਕਿਹਾ ਕਿ ਇਕ ਜ਼ਰੂਰੀ ਗੱਲ ਹੈ ਕਿ ਆਪਣੀ ਵੈਲਿਉ ਨੂੰ ਕਦੇ ਵੀ ਘੱਟ ਨਹੀਂ ਸਮਝਣਾ ਚਾਹੀਦਾ। ਜ਼ਿੰਦਗੀ ਦੂਜਿਆਂ ਲਈ ਨਹੀਂ ਜਿਉਂਦੇ ਸਗੋਂ ਜ਼ਿੰਦਗੀ ਆਪਣੇ ਲਈ ਹੀ ਜਿਉਂਦੇ ਹਾਂ, ਤੁਸੀਂ ਇੱਕਲੇ ਪੈਦਾ ਹੁੰਦੇ ਹੋ ਅਤੇ ਇੱਕਲੇ ਹੀ ਮਰਦੇ ਹੋ।





## ਸਟਾਈਲ ਦੇ ਮਾਮਲੇ ‘ਚ ਧੋਨੀ ਦੀ ਧੀ ਦਿੰਦੀ ਹੈ ਰਣਵੀਰ ਸਿੰਘ ਨੂੰ ਟੱਕਰ

ਮੁੰਬਈ- ਬਾਲੀਵੁੱਡ ਅਭਿਨੇਤਾ ਰਣਵੀਰ ਸਿੰਘ ਬਾਲੀਵੁੱਡ ਦੇ ਸਟਾਈਲ ਆਈਕਾਨ ਹਨ ਅਤੇ ਅਕਸਰ ਆਪਣੇ ਨਵੇਂ ਲੁੱਕ ਨਾਲ ਲੋਕਾਂ ਦਾ ਦਿਲ ਜਿੱਤ ਲੈਂਦੇ ਹਨ ਪਰ ਉਨ੍ਹਾਂ ਦਾ ਹਾਲ ‘ਚ ਵਾਇਰਲ ਹੋਇਆ ਲੁੱਕ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਦੀ ਬੇਟੀ ਜ਼ੀਵਾ ਕਰਕੇ ਚਰਚਾ ‘ਚ ਆਇਆ ਹੈ, ਉਹ ਵੀ ਉਦੋਂ ਜਦੋਂ ਰਣਵੀਰ ਸਿੰਘ ਦਾ ਚਸ਼ਮਾ ਜ਼ੀਵਾ ਕੋਲ ਪਹੁੰਚ ਗਿਆ। ਧੋਨੀ ਨੇ ਆਪਣੇ ਇੰਸਟਾਗ੍ਰਾਮ ‘ਤੇ ਜ਼ੀਵਾ ਅਤੇ ਰਣਵੀਰ ਸਿੰਘ ਦੀ ਤਸਵੀਰ ਸਾਂਝੀ ਕਰਦੇ ਹੋਏ ਲਿਖਿਆ,“ਜ਼ੀਵਾ ਨੇ ਜਦੋਂ ਇਸ ਤਸਵੀਰ ਨੂੰ ਦੇਖਿਆ ਤਾਂ ਬੋਲੀ-‘ਉਹ ਮੇਰਾ ਚਸ਼ਮਾ ਕਿਉਂ ਪਹਿਨੇ ਹੋਏ ਹਨ ?ਉਹ ਉੱਪਰ ਗਈ ਅਤੇ ਚਸ਼ਮਾ ਲੱਭ ਲਿਆਈ। ਫਿਰ ਉਸ ਨੇ ਕਿਹਾ ਮੇਰਾ ਚਸ਼ਮਾ ਸਿਰਫ ਮੇਰਾ ਹੈ। ਅੱਜਕਲ ਦੇ ਬੱਚੇ ਬਿਲਕੁੱਲ ਅਲੱਗ ਹਨ। ਸਾਢੇ ਚਾਰ ਸਾਲ ਦੀ ਉਮਰ ‘ਚ ਉਹ ਆਪਣੀ ਚੀਜ਼ ਪਛਾਣ ਲੈਂਦੀ ਹੈ ਅਤੇ ਮੈਂ ਹੁਣ ਵੀ ਨਹੀਂ ਪਛਾਣ ਪਾਉਂਦਾ ਕਿ ਮੇਰੇ ਕੋਲ ਅਜਿਹਾ ਚਸ਼ਮਾ ਹੈ ਜਾਂ ਨਹੀਂ।“ ਇਸ ਤੋਂ ਅੱਗੇ ਧੋਨੀ ਨੇ ਲਿਖਿਆ,“ਮੈਨੂੰ ਪਤਾ ਹੈ ਹੁਣ ਜਦੋਂ ਵੀ ਜ਼ੀਵਾ ਰਣਵੀਰ ਨੂੰ ਮਿਲੇਗੀ ਉਹ ਇਹ ਗੱਲ ਜ਼ਰੂਰ ਕਰੇਗੀ ਕਿ ਮੇਰੇ ਕੋਲ ਵੀ ਉਨ੍ਹਾਂ ਦੇ ਚਸ਼ਮੇ ਵਰਗਾ ਚਸ਼ਮਾ ਹੈ।“ ਧੋਨੀ ਦੀ ਧੀ ਜ਼ੀਵਾ ਨੂੰ ਹੁਣ ਰਣਵੀਰ ਸਿੰਘ ਦੀ ਹੀ ਤਰ੍ਹਾਂ ਸੋਸ਼ਲ ਮੀਡੀਆ ‘ਤੇ ਸਟਾਈਲ ਆਈਕਾਨ ਕਿਹਾ ਜਾ ਰਿਹਾ ਹੈ।



## ਫਿਲਮ ‘ਜੋੜੀ’ ‘ਚ ਦਿਲਜੀਤ ਦੀ ਹੀਰੋਇਨ ਬਣੀ ਇਹ ਪੰਜਾਬੀ ਗਾਇਕਾ



ਜਲੰਧਰ - ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਇਸ ਸਾਲ ‘ਛੜਾ‘ ਸੁਪਰਹਿੱਟ ਫਿਲਮ ਦੇਣ ਤੋਂ ਬਾਅਦ ਇਨ੍ਹੀਂ ਦਿਨੀਂਖ਼ਆਪਣੀ ਨਵੀਂ ਪੰਜਾਬੀ ਫਿਲਮ ‘ਜੋੜੀ‘ ਦੀ ਸ਼ੂਟਿੰਗ ‘ਚ ਰੁੱਝੇ ਹੋਏ ਹਨ। ਅੰਮ੍ਰਿਤਸਰ ‘ਚ ਚੱਲ ਰਹੀ ਇਸ ਫਿਲਮ ਨੂੰ ਅੰਬਰਦੀਪ ਸਿੰਘ ਡਾਇਰੈਕਟ ਕਰ ਰਿਹਾ ਹੈ। ਉਨ੍ਹਾਂ ਨੇ ਹੀ ਫਿਲਮ ਦੀ ਕਹਾਣੀ, ਸਕ੍ਰੀਨਪਲੇਅ ਤੇ ਡਾਇਲਾਗ ਲਿਖੇ ਹਨ। ‘ਰਿਦਮ ਬੁਆਏਜ਼ ਐਂਟਰਟੇਨਮੈਂਟ‘ ਤੇ ‘ਡਲਮੋਰਾ ਫਿਲਮਸ‘ ਦੇ ਬੈਨਰ ਹੇਠ ਬਣ ਰਹੀ ਹੈ। ਨਿਰਮਾਤਾ ਅਮਰਿੰਦਰ ਗਿੱਲ, ਕਾਰਜ ਗਿੱਲ ਦੀ ਇਸ ਫਿਲਮ ‘ਚ ਦਿਲਜੀਤ ਦੋਸਾਂਝ ਨਾਲ ਬਤੌਰ ਹੀਰੋਇਨ ਪੰਜਾਬੀ ਗਾਇਕਾ ਨਿਮਰਤ ਖਹਿਰਾ ਨਜ਼ਰ ਆਵੇਗੀ।

ਨਿਮਰਤ ਖਹਿਰਾ ਦੀ ਅਦਾਕਾਰਾ ਵਜੋਂ ਇਹ ਤੀਜੀ ਫਿਲਮ ਹੋਵੇਗੀ। ਉਹ ਪਹਿਲੀ ਵਾਰ ਪੰਜਾਬੀ ਫਿਲਮ ‘ਲਹੌਰੀਏ‘ ‘ਚ ਨਜ਼ਰ ਆਈ ਸੀ। ਬਤੌਰ ਹੀਰੋਇਨ ਉਸ ਦੀ ਪਹਿਲੀ ਫਿਲਮ ਤਰਸੇਮ ਜੱਸੜ ਨਾਲ ‘ਅਫਸਰ‘ ਸੀ। ਹੁਣ ਉਹ ਦਿਲਜੀਤ ਦੋਸਾਂਝ ਨਾਲ ਬਤੌਰ ਹੀਰੋਇਨ ‘ਜੋੜੀ‘ ‘ਚ ਕੰਮ ਕਰ ਰਹੀ ਹੈ। ਇਸ ਫਿਲਮ ਦਾ ਨਿਰਮਾਣ ਅਮਰਿੰਦਰ ਗਿੱਲ ਅਤੇ ਉਸ ਦੀ ਟੀਮ ਕਰ ਰਹੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਆਪਣੀ ਟੀਮ ਦੀਆਂ ਪਹਿਲੀਆਂ ਫਿਲਮਾਂ ਵਾਂਗ ਹੀ ਇਸ ਫਿਲਮ ‘ਚ ਵੀ ਅਮਰਿੰਦਰ ਗਿੱਲ ਮਹਿਮਾਨ ਭੂਮਿਕਾ ‘ਚ ਨਜ਼ਰ ਆਉਣਗੇ ਪਰ ਫਿਲਹਾਲ ਇਸ ਬਾਰੇ ਕੋਈ ਸੂਚਨਾ ਨਹੀਂ ਹੈ।ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਦਿਲਜੀਤ ਦੁਸਾਂਝ ਆਪਣੀ ਫਿਲਮ ‘ਸੱਜਣ ਸਿੰਘ ਰੰਗਰੂਟ‘ ‘ਚ ਪੰਜਾਬੀ ਗਾਇਕਾ ਸੁਨੰਦਾ ਸ਼ਰਮਾ ਨੂੰ ਲੈ ਕੇ ਚੁੱਕੇ ਹਨ। ਉਹ ਪਹਿਲੇ ਹੀਰੋ ਹਨ, ਜੋ ਪੰਜਾਬ ਗਾਇਕਾਵਾਂ ਨੂੰ ਬਤੌਰ ਹੀਰੋਇਨ ਪਰਦੇ ‘ਤੇ ਉਤਾਰ ਰਹੇ ਹਨ।

The ONLY temple in the world outside India dedicated to Shri Shani Maharaj


# Shri SHANI DEV Mandir, New York

## Sarvamangala Shri SANEESWARA Temple, New York

***Regular Poojas' and Homas' are conducted on daily basis:***

***Special Poojas:***

*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*




**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

*The Temple entrance is in the western side parking lot behind Hot Breads & Maharajas in New Hyde Park NY*

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**